BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery
Mela INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

You dont marry the person you can live with
You marry the person you can't live without
ROKAA USA.com
Coming Soon

Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com

Twenty-Fourth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 01; Janury 6, 2024
20451 N. Plum Grove Rd., Palatine, IL 60074
Ph:847-359-0746, Fax:847-705-9388

## ਮੋਦੀ ਤੇ ਭਾਜਪਾ ਨੂੰ ਘੇਰਾ ਪੈਣ ਲੱਗਾ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਪਹਿਲਾਂ ਕੇਂਦਰੀ ਸੱਤਾ ਉਤੇ ਕਾਬਜ਼ ਭਾਜਪਾ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਮੁਸ਼ਕਿਲਾਂ ਵਧ ਗਈਆਂ ਹਨ। ਮੋਦੀ ਸਰਕਾਰ ਦੀ ਘੇਰਾਬੰਦੀ ਲਈ ਜਿਥੇ ਕਿਸਾਨ ਜਥੇਬੰਦੀਆਂ ਨੇ 13 ਫਰਵਰੀ ਨੂੰ ਦਿੱਲੀ ਵਿਚ ਮੁੜ ਮੋਰਚੇ ਲਾਉਣ ਦਾ ਐਲਾਨ ਕਰ ਦਿੱਤਾ ਹੈ, ਉਥੇ ਹੀ ਖੇਤੀ ਕਾਨੂੰਨਾਂ ਤੋਂ ਬਾਅਦ ਮੋਦੀ ਸਰਕਾਰ ਹੁਣ ਇਕ ਨਵੇਂ ਬਣਾਏ ਕਾਨੂੰਨ 'ਹਿੱਟ ਐਂਡ ਰਨ' ਉਤੇ ਕਸੂਤੀ ਘਿਰ ਗਈ ਹੈ।



ਟਰੱਕ ਡਰਾਈਵਰਾਂ ਵੱਲੋਂ ਨਵੇਂ ਕਾਨੂੰਨ ਖ਼ਿਲਾਫ਼ ਹੜਤਾਲ ਕਾਰਨ ਪੂਰਾ ਦੇਸ਼ ਜਾਮ ਹੋ ਗਿਆ। ਪੈਟਰੋਲ ਪੰਪਾਂ ਉਤੇ ਤੇਲ ਮੁੱਕਣ ਕਾਰਨ ਹਾਹਾਕਾਰ ਮਚ ਗਈ ਤੇ ਸਬਜ਼ੀਆਂ ਤੇ ਹੋਰ ਖਾਣ-ਪੀਣ ਵਾਲੀਆਂ ਚੀਜ਼ਾਂ ਦੇ ਭਾਅ ਦੁਗਣੇ ਹੋ ਗਏ। ਕੇਂਦਰ ਸਰਕਾਰ ਵੱਲੋਂ ਟਰੱਕ ਯੂਨੀਅਨ ਨਾਲ ਗੱਲਬਾਤ ਜਾਰੀ ਹੈ ਪਰ ਇਹ ਨਵਾਂ ਕਾਨੂੰਨ ਭਾਜਪਾ ਹਕੂਮਤ ਲਈ ਵੱਡੀ ਚੁਣੌਤੀ ਬਣ ਗਿਆ ਹੈ। ਇਧਰ, ਉਤਰੀ ਭਾਰਤ ਦੀਆਂ 18 ਕਿਸਾਨ ਮਜ਼ਦੂਰ ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਨੇ 13 ਫਰਵਰੀ ਨੂੰ ਦਿੱਲੀ ਕੂਚ ਦਾ ਐਲਾਨ ਕਰ ਕੇ ਇਕ ਵਾਰ ਫਿਰ ਤੋਂ ਦਿੱਲੀ ਮੋਰਚੇ ਦਾ ਬਿਗਲ ਵਜਾ ਦਿੱਤਾ ਹੈ। ਕਿਸਾਨਾਂ ਦਾ ਦੋਸ਼ ਹੈ ਕਿ ਖੇਤੀ ਕਾਨੂੰਨਾਂ ਖ਼ਿਲਾਫ਼ ਲੱਗੇ ਮੋਰਚੇ ਦੌਰਾਨ ਮੰਨੀਆਂ ਮੰਗਾਂ ਤੋਂ ਭੱਜ ਕੇ ਕੇਂਦਰ ਸਰਕਾਰ ਨੇ ਵਾਅਦਾਖ਼ਿਲਾਫ਼ੀ ਕੀਤੀ ਹੈ ਤੇ ਹੁਣ ਮੁੜ ਮੋਰਚੇ ਲਗਾ ਕੇ ਮੰਗਾਂ ਮਨਵਾਉਣ ਦਾ ਰਾਹ ਚੁਣਿਆ ਗਿਆ ਹੈ। ਕਿਸਾਨਾਂ ਦੀ ਮੰਗ ਹੈ ਕਿ ਸਾਰੀਆਂ ਫਸਲਾਂ ਦੀ ਖਰੀਦ ਉਤੇ ਐਮ.ਐਸ.ਪੀ. ਗਾਰੰਟੀ ਕਾਨੂੰਨ ਬਣੇ, ਫਸਲੀ ਬੀਮਾ ਯੋਜਨਾ ਸਰਕਾਰ ਵੱਲੋਂ ਲਾਗੂ ਕੀਤੀ ਜਾਵੇ, ਕਿਸਾਨ ਤੇ ਖੇਤ ਮਜ਼ਦੂਰ ਦੀ ਪੂਰਨ ਕਰਜ਼ ਮੁਕਤੀ ਕੀਤੀ ਜਾਵੇ, ਵਿਸ਼ਵ ਵਪਾਰ ਸੰਸਥਾ ਨਾਲ ਕੀਤੇ ਸਮਝੌਤਿਆਂ ਵਿਚੋਂ ਭਾਰਤ ਬਾਹਰ ਆਵੇ, ਬਿਜਲੀ ਬਿੱਲ-2020 ਨੂੰ ਪੂਰੀ ਤਰ੍ਹਾਂ ਰੱਦ ਕੀਤਾ ਜਾਵੇ, ਲਖੀਮਪੁਰ ਖੀਰੀ ਕਤਲ ਕਾਂਡ ਦਾ ਇਨਸਾਫ ਕੀਤਾ ਜਾਵੇ, ਦਿੱਲੀ ਮੋਰਚੇ ਦੌਰਾਨ ਪਏ ਪੁਲਿਸ ਕੇਸ ਰੱਦ ਕੀਤੇ ਜਾਣ, ਵਾਅਦੇ ਅਨੁਸਾਰ ਕਿਸਾਨੀ ਮੋਰਚਿਆਂ ਦੇ ਸ਼ਹੀਦ ਪਰਿਵਾਰਾਂ ਨੂੰ ਮੁਆਵਜ਼ਾ ਅਤੇ ਨੌਕਰੀਆਂ ਦਿੱਤੀਆਂ ਜਾਣ।

ਯਾਦ ਰਹੇ ਕਿ ਕੇਂਦਰ ਸਰਕਾਰ ਦੇ ਬਣਾਏ ਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦਿੱਲੀ ਵਿਚ ਲੰਮਾ ਸੰਘਰਸ਼ ਚੱਲਿਆ ਸੀ। ਸਰਕਾਰ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਹ ਕਾਨੂੰਨ ਰੱਦ ਕਰਨ ਦਾ ਐਲਾਨ ਕਰਨਾ ਪਿਆ ਸੀ। ਸਿਆਸੀ ਮਾਹਿਰਾਂ ਦਾ ਕਹਿਣਾ

*(ਬਾਕੀ ਸਫਾ 6 'ਤੇ)*



*ਕਲਗੀਧਰ ਟਰੱਸਟ ਬੜੂ ਸਾਹਿਬ ਦੇ ਸਰਪ੍ਰਸਤ ਡਾ. ਦਵਿੰਦਰ ਸਿੰਘ ਨਵੇਂ ਸਾਲ ਮੌਕੇ ਜੈਦੇਵ ਸਿੰਘ (ਸੱਤੀ) ਭੱਠਲ ਦੇ ਗ੍ਰਹਿ ਵਿਖੇ ਕਰਵਾਏ ਸਮਾਗਮ ਦੌਰਾਨ ਸ਼ਿਕਾਗੋ ਦੀਆਂ ਸੰਗਤਾਂ ਨਾਲ ਵਿਚਾਰ-ਚਰਚਾ ਦੌਰਾਨ ਬੜੂ ਸਾਹਿਬ ਬਾਰੇ ਜਾਣਕਾਰੀ ਸਾਂਝੀ ਕਰਦੇ ਹੋਏ। ਤਸਵੀਰ ਵਿਚ ਉਨ੍ਹਾਂ ਦੇ ਨਾਲ ਬੜੂ ਸਾਹਿਬ ਦੇ ਕਾਰਜਾਂ ਵਿਚ ਵਧ-ਚੜ੍ਹ ਕੇ ਯੋਗਦਾਨ ਪਾਉਣ ਵਾਲੇ ਮੇਜਰ ਗੁਰਚਰਨ ਸਿੰਘ ਝੱਜ (ਸੱਜੇ) ਵੀ ਨਜ਼ਰ ਆ ਰਹੇ ਹਨ।*
*ਵਿਸਤ੍ਰਿਤ ਰਿਪੋਰਟ ਅਗਲੇ ਹਫ਼ਤੇ।*

## ਯੂ.ਕੇ.: ਸਖਤ ਵਿਦਿਆਰਥੀ ਵੀਜ਼ਾ ਨੇਮ ਲਾਗੂ

**ਲੰਡਨ:** ਬਰਤਾਨੀਆ ਵੱਲੋਂ ਸਖਤ ਕੌਮਾਂਤਰੀ ਵਿਦਿਆਰਥੀ ਵੀਜ਼ਾ ਨੇਮ ਲਾਗੂ ਕਰ ਦਿੱਤੇ ਗਏ ਹਨ ਅਤੇ ਇਨ੍ਹਾਂ ਤਹਿਤ ਇਸ ਮਹੀਨੇ ਬਰਤਾਨਵੀ ਯੂਨੀਵਰਸਿਟੀਆਂ 'ਚ ਪੜ੍ਹਾਈ ਸ਼ੁਰੂ ਕਰਨ ਵਾਲੇ ਭਾਰਤੀ ਵਿਦਿਆਰਥੀਆਂ ਸਮੇਤ ਕੌਮਾਂਤਰੀ ਵਿਦਿਆਰਥੀ ਆਪਣੇ ਪਰਿਵਾਰਕ ਮੈਂਬਰਾਂ ਨੂੰ ਨਾਲ ਨਹੀਂ ਲਿਆ ਸਕਣਗੇ।

ਬਰਤਾਨੀਆ ਦੇ ਗ੍ਰਹਿ ਵਿਭਾਗ ਦੇ ਦਫ਼ਤਰ ਨੇ ਕਿਹਾ ਕਿ ਇਨ੍ਹਾਂ ਤਬਦੀਲੀਆਂ ਦਾ ਮਕਸਦ ਬਰਤਾਨੀਆ 'ਚ ਕੰਮ ਕਰਨ ਲਈ ਪਿਛਲੇ ਦਰਵਾਜ਼ੇ ਵਜੋਂ ਵਿਦਿਆਰਥੀ ਵੀਜ਼ੇ ਦੀ ਵਰਤੋਂ ਕਰਨ ਵਾਲੇ ਲੋਕਾਂ ਉਤੇ ਰੋਕ ਲਾਉਣੀ ਹੈ। ਅਨੁਮਾਨ ਹੈ ਕਿ 1,40,000 ਘੱਟ ਲੋਕ ਬਰਤਾਨੀਆ ਆਉਣਗੇ। ਇਨ੍ਹਾਂ ਨੇਮਾਂ ਦਾ ਐਲਾਨ ਸਾਬਕਾ ਗ੍ਰਹਿ ਸਕੱਤਰ ਸੁਏਲਾ ਬਰੇਵਰਮੈਨ ਨੇ ਪਿਛਲੇ ਸਾਲ ਮਈ 'ਚ ਕੀਤਾ ਸੀ।

ਗ੍ਰਹਿ ਸਕੱਤਰ ਜੇਸਮ ਕਲੈਵਰਲੀ ਨੇ ਦੱਸਿਆ ਕਿ ਵਿਦਿਆਰਥੀ ਵੀਜ਼ਿਆਂ ਦੀ ਵਰਤੋਂ ਆਪਣੇ ਪਰਿਵਾਰਕ ਮੈਂਬਰਾਂ ਨੂੰ ਇੱਥੇ ਲਿਆਉਣ ਲਈ ਕੀਤੀ ਜਾ ਰਹੀ ਹੈ ਜਿਸ ਕਾਰਨ ਇੱਥੇ ਪਰਵਾਸੀਆਂ ਦੀ ਗਿਣਤੀ 2019 ਮਗਰੋਂ 930 ਫੀਸਦ ਤੱਕ ਵਧ ਗਈ ਹੈ। ਪਰਵਾਸੀਆਂ ਦੀ ਗਿਣਤੀ ਘਟਾਉਣ, ਸਾਡੀਆਂ ਸਰਹੱਦਾਂ ਨੂੰ ਕੰਟਰੋਲ ਕਰਨ ਅਤੇ ਲੋਕਾਂ ਨੂੰ ਸਾਡੇ ਪਰਵਾਸ ਨਿਯਮਾਂ ਦੀ ਉਲੰਘਣਾ ਕਰਨ ਤੋਂ ਰੋਕਣ ਲਈ ਅਸੀਂ ਸਖਤ ਯੋਜਨਾ ਤਿਆਰ ਕੀਤੀ ਹੈ। ਇਹ ਯੋਜਨਾ ਇਸ ਸਾਲ ਦੌਰਾਨ ਅਮਲ 'ਚ ਆਵੇਗੀ। ਜਾਣਕਾਰੀ ਅਨੁਸਾਰ ਸਤੰਬਰ 2023 ਦੇ ਅਖੀਰ ਤੱਕ ਵਿਦਿਆਰਥੀਆਂ ਦੇ ਪਰਿਵਾਰਕ ਮੈਂਬਰਾਂ

*(ਬਾਕੀ ਸਫਾ 6 'ਤੇ)*

India Palace Restaurant
And Banquet Hall
Restaurant-Fine Indian Cuisine
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
Restaurant-Fine Indian Cuisine
12510 N. Meridian St., Carmel, IN
Ph: 317-580-0828
We do private party's & catering at your home or business.
Call, Lakhvir S. Johal
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

-DREAM MOTOR CARS-
QUALITY USED CAR SALES
FOR OVER 30 YEARS
WE WILL FIND ANY CAR YOU WANT AT A WHOLESALE PRICE
RAMESH PUNATAR
Main: 847-455-0000
Cell: 847-778-7722
2462 E OAKTON ST
ARLINGTON HEIGHTS, IL 60005
WE WILL BUY YOUR CAR!
WE SHIP CARS ANYWHERE IN THE U.S.
CALL US FOR YOUR AUTO REPAIR & BODY WORK NEEDS
www.DreamMotorCarsChicago.com

Regal Jewels
RAJVEER GILL
847-907-1525
NEW SPECIALS EVERY MONTH
22KT GOLD & DIAMONDS
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣਾ ਸਟੋਰ
2625 W. Devon Ave. Chicago, IL 60659
773-262-4377 773-517-0574
www.Regaljewels.com

# ਨਿੱਝਰ ਮਾਮਲੇ ’ਚ ਛੇਤੀ ਹੋ ਸਕਦੀ ਹੈ ਦੋ ਮਸ਼ਕੂਕ ਦੀ ਗ੍ਰਿਫਤਾਰੀ

**ਓਟਵਾ:** ਕੈਨੇਡੀਅਨ ਪੁਲਿਸ ਛੇਤੀ ਹੀ ਜੂਨ ਵਿਚ ਖਾਲਿਸਤਾਨ ਪੱਖੀ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਦੇ ਸੱਕ ਵਿਚ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰ ਸਕਦੀ ਹੈ। ਦੱਸਿਆ ਜਾ ਰਿਹਾ ਹੈ ਕਿ ਦੋਵੇਂ ਹਾਲੇ ਕੈਨੇਡਾ ਵਿਚ ਹੀ ਹਨ।



ਬ੍ਰਿਟਿਸ਼ ਕੋਲੰਬੀਆ ਸੂਬੇ ‘ਚ ਜੂਨ ਵਿਚ ਨਿੱਝਰ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ‘ਦਿ ਗਲੋਬ ਐਂਡ ਮੇਲ ਦੇ ਅਨੁਸਾਰ ਪੁਲਿਸ ਫਿਲਹਾਲ ਮਸ਼ਕੂਕਾਂ ‘ਤੇ ਨਜ਼ਰ ਰੱਖ ਰਹੀ ਹੈ ਤੇ ਉਮੀਦ ਹੈ ਕਿ ਕੁਝ ਹਫਤਿਆਂ ਦੇ ਅੰਦਰ ਉਨ੍ਹਾਂ ਨੂੰ ਫੜ ਲਿਆ ਜਾਵੇਗਾ।

ਅਖਬਾਰ ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਹੈ ਕਿ ਨਿੱਝਰ ਦੇ ਕਤਲ ਤੋਂ ਬਾਅਦ ਦੋਵੇਂ ਮਸ਼ਕੂਕ ਕਾਤਲ ਕੈਨੇਡਾ ਛੱਡ ਕੇ ਨਹੀਂ ਗਏ ਅਤੇ ਪੁਲਿਸ ਕਈ ਮਹੀਨਿਆਂ ਤੋਂ ਉਨ੍ਹਾਂ ਉਤੇ ਨਜ਼ਰ ਰੱਖ ਰਹੀ ਹੈ। ਸਤੰਬਰ ਵਿਚ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 18 ਜੂਨ ਨੂੰ ਸਰੀ ਸ਼ਹਿਰ ਵਿਚ ਗੁਰਦੁਆਰੇ ਦੇ ਬਾਹਰ ਖਾਲਿਸਤਾਨੀ ਸਮਰਥਕ ਹਰਦੀਪ ਸਿੰਘ ਨਿੱਝਰ (45) ਦੀ ਹੱਤਿਆ ਵਿਚ ਭਾਰਤੀ ਏਜੰਟਾਂ ਦੀ ਸੰਭਾਵਿਤ ਸ਼ਮੂਲੀਅਤ ਦਾ ਦੋਸ਼ ਲਗਾਇਆ ਸੀ। ਇਸ ਮਗਰੋਂ ਦੋਵਾਂ ਦੇਸ਼ਾਂ ਵਿਚਾਲੇ ਤਣਾਅ ਵੱਧ ਗਿਆ ਸੀ।

## ਇਸਰੋ ਨੇ ਪੀ.ਐਸ.ਐਲ.ਵੀ.-ਸੀ. 58 ਲਾਂਚ ਕੀਤਾ

**ਸ੍ਰੀਹਰੀਕੋਟਾ (ਆਂਧਰਾ ਪ੍ਰਦੇਸ਼):** ਭਾਰਤੀ ਪੁਲਾੜ ਖੋਜ ਸੰਸਥਾ (ਇਸਰੋ) ਨੇ ਐਕਸ-ਰੇਅ ਪੋਲਰੀਮੀਟਰ ਉਪਗ੍ਰਹਿ ਲਾਂਚ ਕੀਤਾ ਜੋ ਬਲੈਕ ਹੋਲ ਵਰਗੇ ਆਕਾਸ਼ੀ ਪਿੰਡਾਂ ਦੇ ਭੇਤਾਂ ਦਾ ਅਧਿਐਨ ਕਰੇਗਾ। ਇਸਰੋ ਦੇ ਸਭ ਤੋਂ ਭਰੋਸੇਮੰਦ ਪੋਲਰ ਸੈਟੇਲਾਈਟ ਲਾਂਚ ਵਹੀਕਲ (ਪੀ.ਐਸ.ਐਲ.ਵੀ.) ਨੇ ਆਪਣੇ ਸੀ.58 ਮਿਸ਼ਨ ਵਿਚ ਮੇਨ ਐਕਸ-ਰੇਅ ਪੋਲਰੀਮੀਟਰ ਸੈਟੇਲਾਈਟ (ਐਕਸਪੋਸੈਟ) ਨੂੰ ਧਰਤੀ ਤੋਂ 650 ਕਿਲੋਮੀਟਰ ਪੰਧ ਉਤੇ ਸਥਾਪਤ ਕਰ ਦਿੱਤਾ ਹੈ। ਪੀ.ਐਸ.ਐਲ.ਵੀ. ਨੇ ਸਭ ਤੋਂ ਪਹਿਲਾਂ ਸਵੇਰੇ 9.10 ਵਜੇ ਉਡਾਣ ਭਰੀ। 44.4 ਮੀਟਰ ਲੰਬੇ ਰਾਕੇਟ ਨੇ ਚੇਨਈ ਤੋਂ 135 ਕਿਲੋਮੀਟਰ ਦੂਰ ਤੋਂ ਉਡਾਣ ਭਰੀ।


# Gurudwara Sikh Society of Dayton


2320 Harshman Rd, Dayton, OH 45424

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ।।
ਵਾਹਿਗੁਰੂ ਜੀ ਕੀ ਫਤਿਹ।।

ਬਾਬਾ ਗੁਰਦਿੱਤਾ ਜੀ ਦੇ ਜਨਮ ਦਿਨ ਨੂੰ ਸਮਰਪਿਤ ਅਖੰਡ ਪਾਠ 12 ਜਨਵਰੀ, ਸ਼ੁਕਰਵਾਰ ਨੂੰ ਸਵੇਰੇ 7 ਵਜੇ ਆਰੰਭ ਕੀਤੇ ਜਾਣਗੇ ਅਤੇ ਭੋਗ 14 ਜਨਵਰੀ, ਐਤਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਸਮੂਹ ਸੰਗਤ ਨੂੰ ਸਨਿਮਰ ਬੇਨਤੀ ਹੈ ਕਿ ਪਰਿਵਾਰ ਸਮੇਤ ਦਰਸ਼ਨ ਦਿਓ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਗੁਰੂ ਕਾ ਲੰਗਰ ਅਤੁੱਟ ਵਰਤੇਗਾ



## Program:

Friday, January 12, 2024
Arambh shri Akhand Path: 7 am
Sunday, January 14, 2024 Bhog: 10 am

ਬਾਬਾ ਗੁਰਦਿੱਤਾ ਜੀ
ਸਿੱਖ ਪੰਥ ਦੀ ਉਹ ਮਹਾਨ ਸ਼ਖਸੀਅਤ ਹਨ
ਜਿਨ੍ਹਾਂ ਦੇ ਪਿਤਾ ਸ੍ਰੀ ਹਰਗੋਬਿੰਦ ਸਾਹਿਬ ਜੀ
ਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ
ਪੜਦਾਦਾ ਸ੍ਰੀ ਗੁਰੂ ਰਾਮਦਾਸ ਜੀ
ਭਰਾ ਸ੍ਰੀ ਗੁਰੂ ਤੇਗ ਬਹਾਦਰ ਜੀ
ਪੁੱਤਰ ਸ੍ਰੀ ਗੁਰੂ ਹਰਿਰਾਏ ਜੀ
ਪੋਤਰੇ ਸ੍ਰੀ ਗੁਰੂ ਹਰਕ੍ਰਿਸ਼ਨ ਜੀ
ਭਤੀਜਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਨ।

ਵਲੋਂ: ਅਵਤਾਰ ਤੇ ਸਰਬਜੀਤ ਸਿੰਘ
ਫੋਨ: (937)206-4674



## Davenport Family Funeral Homes and Crematory



Serving the Sikh Community with Dignity and Care

Lake Zurich
(847) 550-4221

Crystal Lake
(815) 459-3411

**SERVICES**

- On Site Crematory
- viewing Room Available
- Large, Beautiful Chapels
- Competitive Prices

Davenport
FAMILY FUNERAL HOMES
And Crematory
*Serving Families As We Would Want Ours Served*
Barrington/Crystal Lake/Lake Zurich

Please call or visit our website at www.davenportfamily.com

# ਜ਼ਮੀਨ ਸੌਦੇ ਮਾਮਲੇ 'ਚ ਪ੍ਰਿਯੰਕਾ ਦਾ ਨਾਂ ਵੀ ਚਾਰਜਸ਼ੀਟ 'ਚ ਸ਼ਾਮਲ

**ਨਵੀਂ ਦਿੱਲੀ:** ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਮਨੀ ਲਾਂਡਰਿੰਗ ਕੇਸ 'ਚ ਦਾਇਰ ਚਾਰਜਸ਼ੀਟ ਵਿਚ ਦਾਅਵਾ ਕੀਤਾ ਹੈ ਕਿ ਕਾਂਗਰਸ ਆਗੂ ਸੋਨੀਆ ਗਾਂਧੀ ਦੇ ਜਵਾਈ ਰੌਬਰਟ ਵਾਡਰਾ ਵੱਲੋਂ ਸਾਲ 2005-06 ਵਿਚ ਹਰਿਆਣਾ 'ਚ ਰੀਅਲ ਐਸਟੇਟ ਏਜੰਟ ਤੋਂ ਖਰੀਦੇ ਤਿੰਨ ਪਲਾਟਾਂ ਦੀ ਜਾਂਚ ਦੇ ਨਾਲ ਕਾਂਗਰਸ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਨਾਲ ਸਬੰਧਤ ਖਰੀਦ ਸੌਦੇ ਦੀ ਵੀ ਜਾਂਚ ਕੀਤੀ ਜਾ ਰਹੀ ਹੈ।



ਜਾਂਚ ਏਜੰਸੀ ਨੇ ਇਸ ਮਾਮਲੇ ਵਿਚ ਨਵੰਬਰ ਮਹੀਨੇ ਪਰਵਾਸੀ ਭਾਰਤੀ ਕਾਰੋਬਾਰੀ ਸੀ.ਸੀ. ਥੰਪੀ ਖਿਲਾਫ ਦਿੱਲੀ ਦੀ ਕੋਰਟ ਵਿਚ ਚਾਰਜਸ਼ੀਟ ਦਾਇਰ ਕੀਤੀ ਸੀ। ਥੰਮੀ ਦੇ ਕਥਿਤ ਸਬੰਧ ਰੌਬਰਟ ਵਾਡਰਾ ਅਤੇ ਸੁਮਿਤ ਚੱਢਾ ਨਾਲ ਦੱਸੇ ਜਾ ਰਹੇ ਹਨ। ਚੱਢਾ ਕਥਿਤ ਵਿਚੋਲੀਏ ਸੰਜੈ ਭੰਡਾਰੀ ਦਾ ਰਿਸ਼ਤੇਦਾਰ ਹੈ। ਹਾਲਾਂਕਿ ਈ.ਡੀ. ਨੇ ਚਾਰਜਸ਼ੀਟ ਵਿਚ ਰੌਬਰਟ ਵਾਡਰਾ ਤੇ ਪ੍ਰਿਯੰਕਾ ਗਾਂਧੀ ਵਾਡਰਾ ਨੂੰ ਮੁਲਜ਼ਮਾਂ ਵਜੋਂ ਨਾਮਜ਼ਦ ਨਹੀਂ ਕੀਤਾ ਹੈ ਪਰ ਅਜਿਹਾ ਪਹਿਲੀ ਵਾਰ ਹੋਇਆ ਹੈ ਕਿ ਚਾਰਜਸ਼ੀਟ ਵਿਚ ਪ੍ਰਿਯੰਕਾ ਗਾਂਧੀ ਦਾ ਨਾਂ ਦਰਜ ਕੀਤਾ ਗਿਆ ਹੈ। ਦਿੱਲੀ ਵਿਚ ਭ੍ਰਿਸ਼ਟਾਚਾਰ ਵਿਰੋਧੀ ਵਿਸ਼ੇਸ਼ ਅਦਾਲਤ ਨੇ 22 ਦਸੰਬਰ ਨੂੰ ਇਸ ਚਾਰਜਸ਼ੀਟ 'ਤੇ ਸੁਣਵਾਈ ਕੀਤੀ ਸੀ ਅਤੇ ਮਾਮਲੇ ਦੀ ਅਗਲੀ ਸੁਣਵਾਈ 29 ਜਨਵਰੀ ਨੂੰ ਹੋਵੇਗੀ।

ਦੱਸਣਯੋਗ ਹੈ ਕਿ ਭੰਡਾਰੀ ਸਾਲ 2016 ਵਿਚ ਬ੍ਰਿਟੇਨ ਫਰਾਰ ਹੋ ਗਿਆ ਸੀ ਤੇ ਬਰਤਾਨਵੀ ਸਰਕਾਰ ਨੇ ਈ.ਡੀ. ਤੇ ਸੀ.ਬੀ.ਆਈ. ਵੱਲੋਂ ਕਾਨੂੰਨੀ ਤੌਰ 'ਤੇ ਕੀਤੀ ਗਈ ਬੇਨਤੀ 'ਤੇ ਉਸ ਨੂੰ ਇਸੇ ਸਾਲ ਜਨਵਰੀ ਵਿਚ ਵਾਪਸ ਭਾਰਤ ਭੇਜਣ ਲਈ ਮਨਜ਼ੂਰੀ ਦੇ ਦਿੱਤੀ ਸੀ। ਦੋਵੇਂ ਕੇਂਦਰੀ ਏਜੰਸੀਆਂ ਵਿਦੇਸ਼ ਵਿਚ ਕਥਿਤ ਅਣਐਲਾਨੀ ਸੰਪਤੀ ਰੱਖਣ ਦੇ ਦੋਸ਼ ਹੇਠ ਭੰਡਾਰੀ ਖਿਲਾਫ ਮਨੀ ਲਾਂਡਰਿੰਗ ਤੇ ਚੋਰੀ ਦੇ ਦੋਸ਼ਾਂ ਦੀ ਜਾਂਚ ਕਰ ਰਹੀਆਂ ਹਨ।

QUALIFIED MEDICAL PROFESSIONALS
COULD BECOME HOMEOWNERS FOR NO MONEY DOWN



The Wintrust Physician Mortgage program makes it easier for eligible medical professionals* to become homeowners, with no down payment required for loans up to $850,000 for a single-family residence.

CONTACT ME TODAY TO SEE WHAT'S POSSIBLE!

*Available to MD, DO, DPM, DDS, DMD, pharmacists, chiropractors, veterinarians, doctors completing fellowships, and doctors who have less than 6 months of residency remaining.



URVISH PUNATAR
Loan Originator
NMLS # 576046
DIRECT: 408.887.5141
CELL: 224.595.9129
upunatar@wintrustmortgage.com

WINTRUST MORTGAGE



UMA TRAVELS
2541 West Devon Ave.,
Chicago, IL 60659
For Delhi Amritsar-Bombay Ahmedabad, Hydrabad-Madras
Call For Special Sale Fares
Call: 773-338-5603

# Matrimonials

## ਲੜਕੀ ਦੀ ਲੋੜ ਹੈ

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com

52-03

Jat Sikh Mann parents seeks a SMF for their son, 34 years old, 5'-6" tall, Ph.D. Chemistry, working as scientist in USA, very shortly divorced. Girl should be American or Canadian. Upper caste welcome. Marriage bureau excuse. Call/text +1 572 273 4588.

52-03

Looking for suitable Ramgarhia Sikh Dhiman match in USA/Canada/Punjab for our well settled boy (US citizen), 30 years old, 5' 11", residing in Chicago. Please contact: manpreetrupal24@gmail.com

52-03

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar. Please send biodata/pictures at Whatsapp: (224) 595-9926 or E-Mail: inderjeetverma08@gmail.com

51-54

Ramgharia Sikh family looking for a suitable Sikh girl living in the US or Canada for their 29 years old 5'11" son, qualification PhD from University of Michigan in Industrial & Operations Engineering, working as Software Engineering Advisor in Los Angeles, California. Please contact us at: Email: kaur.parminder41@gmail.com

50-53

Arora Sikh family looking for a suitable match in USA or Canada for clean-shaven highly placed Sikh Surgeon in New York, USA, age 53, height 6'1", recently divorced, with Gursikh values no drinking, no smoking, vegetarian. Caste no bar, but the girl also should have Gursikh values, and no drinking, at least a graduate, and preferably working. Contact: E-Mail: jawa222@gmail.com or Call. 785-304-6280

50-53

Sikh Ahluwalia family looking for a Gursikh girl with educated background for their 37, 5' 8" son. Qualification BTech IT and PG in software development. Working as an IT professional in New York based company. He is turbaned Gursikh boy having faith in Guru Granth Sahib ji. Current location- Hartford CT. Please contact us at +1 315-849-6562 or Email @ richiewalia@gmail.com

50-53

## ਲੜਕੇ ਦੀ ਲੋੜ ਹੈ

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891

41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949

39-42

Hindu/Sikh Nai family looking for a suitable match for their U.S. citizen daughter, 26 years, 5'6". She has completed Bachelors of Science and currently in her final dentistry year pursuing DMD degree. The whole family is settled here and are U.S. citizens. Please contact us at: 516-510-9744

39-42

# ਸ਼੍ਰੋਮਣੀ ਕਮੇਟੀ ਵੱਲੋਂ ਸਾਹਿਬਜ਼ਾਦਿਆਂ ਦੇ ਕਿਰਦਾਰ ਨਿਭਾਉਣ ਦਾ ਸਖਤ ਨੋਟਿਸ

**ਅੰਮ੍ਰਿਤਸਰ:** ਕੇਂਦਰ ਸਰਕਾਰ ਵੱਲੋਂ ਛੋਟੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਸਬੰਧੀ ਐਲਾਨੇ 'ਵੀਰ ਬਾਲ ਦਿਵਸ' ਤਹਿਤ ਵੱਖ-ਵੱਖ ਸਕੂਲਾਂ ਵਿਚ ਹੋਏ ਸਮਾਗਮਾਂ ਵਿਚ ਸਾਹਿਬਜ਼ਾਦਿਆਂ ਦਾ ਕਿਰਦਾਰ ਬੱਚਿਆਂ ਵੱਲੋਂ ਨਿਭਾਏ ਜਾਣ ਦੀਆਂ ਸ਼ਿਕਾਇਤਾਂ ਦਾ ਸ਼੍ਰੋਮਣੀ ਕਮੇਟੀ ਨੇ ਸਖਤ ਨੋਟਿਸ ਲਿਆ ਹੈ। ਇਸ ਨੂੰ ਸਿੱਖ ਸਿਧਾਂਤਾਂ ਅਤੇ ਰਵਾਇਤਾਂ ਦੇ ਵਿਰੁੱਧ ਕਰਾਰ ਦਿੰਦਿਆਂ ਸ਼੍ਰੋਮਣੀ ਕਮੇਟੀ ਨੇ ਦੇਸ਼ ਦੇ ਸਿੱਖਿਆ, ਸੱਭਿਆਚਾਰ ਤੇ ਘੱਟ ਗਿਣਤੀ ਮਾਮਲਿਆਂ ਸਬੰਧੀ ਮੰਤਰਾਲਿਆਂ ਸਣੇ ਸੀ.ਬੀ.ਐਸ.ਈ. ਪਾਸੋਂ ਇਸ ਬਾਰੇ ਸਪੱਸ਼ਟੀਕਰਨ ਮੰਗਿਆ ਹੈ।

ਦੱਸਣਯੋਗ ਹੈ ਕਿ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਕਈ ਥਾਈਂ ਵੀਰ ਬਾਲ ਦਿਵਸ ਮੌਕੇ ਵਿਦਿਆਰਥੀਆਂ ਵੱਲੋਂ ਨਾਟਕਾਂ ਦਾ ਮੰਚਨ ਕੀਤਾ ਗਿਆ ਹੈ, ਜਿਨ੍ਹਾਂ ਵਿਚ ਵਿਦਿਆਰਥੀਆਂ ਵੱਲੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦੇ ਕਿਰਦਾਰ ਨਿਭਾਏ ਗਏ। ਇਸ ਸਬੰਧੀ ਸ਼੍ਰੋਮਣੀ ਕਮੇਟੀ ਕੋਲ ਸ਼ਿਕਾਇਤਾਂ ਵਜੋਂ ਵੱਖ-ਵੱਖ ਸੂਬਿਆਂ ਵਿਚ ਮਨਾਏ ਗਏ ਸਮਾਗਮਾਂ ਦੀਆਂ ਵੀਡੀਓ ਕਲਿੱਪਾਂ ਵੀ ਪੁੱਜੀਆਂ ਹਨ।

ਸ਼੍ਰੋਮਣੀ ਕਮੇਟੀ ਨੂੰ ਮਿਲੀਆਂ ਸ਼ਿਕਾਇਤਾਂ ਵਿਚ ਉੜੀਸਾ, ਦਿੱਲੀ, ਫਰੀਦਾਬਾਦ, ਭੁਪਾਲ ਅਤੇ ਬਿਹਾਰ ਦੇ ਸਕੂਲਾਂ ਦੀਆਂ ਵੀਡੀਓਜ਼ ਸ਼ਾਮਲ ਹਨ।



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਿੱਖ ਧਰਮ ਵਿਰੋਧੀ ਅਜਿਹੀ ਕਿਸੇ ਵੀ ਹਰਕਤ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਹਾਲ ਹੀ ਵਿਚ ਕੇਂਦਰ ਸਰਕਾਰ ਦੇ 'ਵੀਰ ਬਾਲ ਦਿਵਸ' ਸਬੰਧੀ ਨਿਰਦੇਸ਼ਾਂ ਤਹਿਤ ਵੱਖ-ਵੱਖ ਸੂਬਿਆਂ 'ਚ ਵਿੱਦਿਅਕ ਅਦਾਰਿਆਂ ਵਿਚ ਸਮਾਗਮਾਂ ਦੌਰਾਨ ਸਾਹਿਬਜ਼ਾਦਿਆਂ ਦੇ ਕਿਰਦਾਰ ਨਿਭਾਉਣ ਦੀਆਂ ਸਾਹਮਣੇ ਆਈਆਂ ਘਟਨਾਵਾਂ ਬਾਰੇ ਸਿੱਖ ਸੰਗਤ ਵੱਲੋਂ ਵੱਡੇ ਇਤਰਾਜ਼ ਪੁੱਜ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਸਿਧਾਂਤਾਂ ਨੂੰ 'ਰਲਗੱਡ' ਕਰਨ ਵਾਲੀਆਂ ਇਨ੍ਹਾਂ ਕੋਸ਼ਿਸ਼ਾਂ ਦਾ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਵੱਖ-ਵੱਖ ਕੇਂਦਰੀ ਮੰਤਰਾਲਿਆਂ ਤੇ ਸੀ.ਬੀ.ਐਸ.ਈ. ਨੂੰ ਆਪਣਾ ਪੱਖ ਰੱਖਣ ਲਈ ਆਖਿਆ ਗਿਆ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਵੀਰ ਬਾਲ ਦਿਵਸ ਸਬੰਧੀ ਪਹਿਲਾਂ ਹੀ ਸ੍ਰੀ ਅਕਾਲ ਤਖ਼ਤ ਦੇ ਆਦੇਸ਼ ਅਨੁਸਾਰ ਕੇਂਦਰ ਸਰਕਾਰ ਨੂੰ ਇਸ ਦਿਹਾੜੇ ਦਾ ਨਾਮ ਬਦਲਣ ਲਈ ਲਿਖਿਆ ਗਿਆ ਸੀ ਪਰ ਸਰਕਾਰ ਨੇ ਇਸ ਨੂੰ ਅੱਜ ਤੱਕ ਗੰਭੀਰਤਾ ਨਾਲ ਨਹੀਂ ਲਿਆ। ਇਸ ਸਬੰਧੀ ਸ਼੍ਰੋਮਣੀ ਕਮੇਟੀ ਅਤੇ ਸਿੱਖ ਸੰਗਤ ਦੇ ਖ਼ਦਸ਼ੇ ਮੁਤਾਬਕ ਸਿੱਖ ਪਰੰਪਰਾਵਾਂ ਦੇ ਵਿਰੁੱਧ ਜਾ ਕੇ ਹੁਣ ਸਾਹਿਬਜ਼ਾਦਿਆਂ ਦੇ ਕਿਰਦਾਰ ਬੱਚਿਆਂ ਪਾਸੋਂ ਕਰਵਾਏ ਗਏ ਹਨ।

ਇਸ ਸਿੱਖ ਵਿਰੋਧੀ ਵਰਤਾਰੇ ਦੀ ਜ਼ਿੰਮੇਵਾਰੀ ਸਿੱਧੇ ਤੌਰ ਉਤੇ ਕੇਂਦਰ ਸਰਕਾਰ ਅਤੇ ਸਬੰਧਤ ਸੂਬਾ ਸਰਕਾਰਾਂ ਦੀ ਬਣਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਬੱਚਿਆਂ ਰਾਹੀਂ ਸਾਹਿਬਜ਼ਾਦਿਆਂ ਦੇ ਕਿਰਦਾਰ ਕਰਵਾਉਣ ਵਾਲੇ ਵਿੱਦਿਅਕ ਅਦਾਰਿਆਂ ਦੀ ਪਛਾਣ ਕਰ ਕੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕਰੇਗੀ।

## ਸਾਹਿਬਜ਼ਾਦਿਆਂ ਦਾ ਇਤਿਹਾਸ ਪਾਠ ਪੁਸਤਕਾਂ 'ਚ ਸ਼ਾਮਲ ਕਰਨ ਦੀ ਮੰਗ

**ਨਵੀਂ ਦਿੱਲੀ:** ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਮੰਗ ਕੀਤੀ ਹੈ ਕਿ ਸਾਹਿਬਜ਼ਾਦਿਆਂ ਦੀ ਮਹਾਨ ਕੁਰਬਾਨੀ ਬਾਰੇ ਇਕ ਅਧਿਆਏ ਐਨ.ਸੀ.ਈ.ਆਰ.ਟੀ. ਅਤੇ ਦੇਸ਼ ਭਰ ਦੇ ਸਕੂਲਾਂ ਦੀਆਂ ਪਾਠ ਪੁਸਤਕਾਂ ਵਿਚ ਸ਼ਾਮਲ ਕੀਤਾ ਜਾਵੇ। ਸ੍ਰੀ ਸਾਹਨੀ ਨੇ ਕਿਹਾ ਕਿ ਮੌਜੂਦਾ ਸਮੇਂ ਐਨ.ਸੀ.ਈ.ਆਰ.ਟੀ. ਦੀ ਕਿਸੇ ਵੀ ਪਾਠ ਪੁਸਤਕ ਵਿਚ ਅਜਿਹਾ ਕੋਈ ਪਾਠ ਨਹੀਂ ਹੈ। ਉਨ੍ਹਾਂ ਪ੍ਰਧਾਨ ਮੰਤਰੀ ਕੋਲੋਂ ਮੰਗ ਕੀਤੀ ਹੈ ਕਿ ਸਾਹਿਬਜ਼ਾਦਿਆਂ ਨੂੰ ਢੁਕਵੀਂ ਸ਼ਰਧਾਂਜਲੀ ਵਜੋਂ ਗਣਤੰਤਰ ਦਿਵਸ ਮੌਕੇ ਬਹਾਦਰ ਬੱਚਿਆਂ ਅਤੇ ਨੌਜਵਾਨਾਂ ਲਈ ਕੌਮੀ ਸਾਹਿਬਜ਼ਾਦਾ ਬਹਾਦਰੀ ਪੁਰਸਕਾਰ ਸ਼ੁਰੂ ਕੀਤੇ ਜਾਣ। ਜ਼ਿਕਰਯੋਗ ਹੈ ਕਿ ਸ੍ਰੀ ਸਾਹਨੀ ਨੇ ਗੁਰਦੁਆਰਾ ਰਕਾਬਗੰਜ ਸਾਹਿਬ ਵਿਖੇ ਸਿੱਖ ਗੁਰੂਆਂ ਦੇ ਇਤਿਹਾਸ, ਬਹਾਦਰੀ ਅਤੇ ਬਲੀਦਾਨ ਬਾਰੇ ਗੁਰੂ ਤੇਗ ਬਹਾਦਰ ਹੋਲੋਗ੍ਰਾਫਿਕ ਮਲਟੀਮੀਡੀਆ ਸ਼ੋਅ ਦੀ ਸਥਾਪਨਾ ਕੀਤੀ ਹੈ। ਇਸ ਵਿਚ ਦਰਸ਼ਕਾਂ ਲਈ ਰੋਜ਼ਾਨਾ ਸ਼ੋਅ ਕਰਵਾਏ ਜਾ ਰਹੇ ਹਨ।

## ਕੇਂਦਰ ਸਰਕਾਰ ਸਿੱਖ ਬੰਦੀਆਂ ਦੀ ਰਿਹਾਈ ਵੀ ਕਰੇ: ਵਲਟੋਹਾ



**ਅੰਮ੍ਰਿਤਸਰ:** ਕਤਰ ਵਿਚ ਅੱਠ ਭਾਰਤੀ ਫੌਜੀਆਂ ਨੂੰ ਫਾਂਸੀ ਦੀ ਸਜ਼ਾ ਤੋਂ ਬਚਾਉਣ ਦਾ ਹਵਾਲਾ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਵਿਰਸਾ ਸਿੰਘ ਵਲਟੋਹਾ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਉਸੇ ਤਰੀਕੇ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਿਆਂ ਸਾਰੇ ਬੰਦੀ ਸਿੰਘਾਂ ਦੀ ਰਿਹਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਕੇਂਦਰ ਸਰਕਾਰ ਨੂੰ ਸਿੱਖ ਭਾਈਚਾਰੇ ਨਾਲ ਗੱਲਬਾਤ ਕਰਨੀ ਚਾਹੀਦੀ ਹੈ।

ਅਕਾਲੀ ਆਗੂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਨਾ ਸਿਰਫ ਸਜ਼ਾ ਮਿਲਣ ਦੇ ਦੋ ਮਹੀਨਿਆਂ ਅੰਦਰ ਹੀ ਅੱਠ ਫੌਜੀਆਂ ਦੀ ਫਾਂਸੀ ਰੋਕਣ ਵਿਚ ਸਫਲਤਾ ਹਾਸਲ ਕੀਤੀ ਹੈ ਸਗੋਂ ਇਹ ਸੰਕੇਤ ਦਿੱਤਾ ਹੈ ਕਿ ਉਨ੍ਹਾਂ ਨੂੰ ਸਾਲ ਬਾਅਦ ਰਿਹਾਅ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਸ੍ਰੀ ਅਕਾਲ ਤਖ਼ਤ ਵੱਲੋਂ ਬਣਾਈ ਕਮੇਟੀ ਨਾਲ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ।


# ਸ਼੍ਰੋਮਣੀ ਕਮੇਟੀ ਵੱਲੋਂ ਮੁੰਬਈ 'ਚ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਮੁੰਬਈ ਵਿਚ ਚਲਾਏ ਜਾ ਰਹੇ ਗੁਰੂ ਨਾਨਕ ਖਾਲਸਾ ਕਾਲਜ ਮਾਟੂੰਗਾ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਾਹਿਬਜ਼ਾਦਿਆਂ ਦੇ ਨਾਂ ਉਤੇ ਡਾਇਗਨੋਸਟਿਕ ਸੈਂਟਰ ਦਾ ਨੀਂਹ ਪੱਥਰ ਵੀ ਰੱਖਿਆ ਗਿਆ, ਜਿਸ ਵਿਚ ਮਰੀਜ਼ਾਂ ਨੂੰ ਐਮ.ਆਰ.ਆਈ ਅਤੇ ਸੀ.ਟੀ. ਸਕੈਨ ਦੀ ਮੁਫ਼ਤ ਸਹੂਲਤ ਦਿੱਤੀ ਜਾਵੇਗੀ।

ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸੁਲਤਾਨ ਸਿੰਘ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਬਲਦੇਵ ਸਿੰਘ ਨੇ ਸ਼ਮੂਲੀਅਤ ਕੀਤੀ। ਇਹ ਸਮਾਗਮ ਸ਼੍ਰੋਮਣੀ ਕਮੇਟੀ ਮੈਂਬਰ ਗੁਰਿੰਦਰ ਸਿੰਘ ਬਾਵਾ ਵੱਲੋਂ ਕਰਵਾਇਆ ਗਿਆ ਸੀ।

ਇਸ ਮੌਕੇ ਗਿਆਨੀ ਰਘਬੀਰ ਸਿੰਘ ਨੇ ਸੰਗਤ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ। ਉਨ੍ਹਾਂ ਸੰਗਤ ਨੂੰ ਸਿੱਖ ਸਿਧਾਂਤਾਂ, ਇਤਿਹਾਸ ਅਤੇ ਰਹਿਤ ਮਰਿਆਦਾ ਦੀ ਪਾਲਣਾ ਕਰਨ ਦਾ ਸੁਨੇਹਾ ਦਿੱਤਾ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦੇ ਕੇ ਧਾਰਮਿਕ ਇਤਿਹਾਸ ਵਿਚ ਨਿਵੇਕਲੀਆਂ ਪੈੜਾਂ ਸਿਰਜ ਕੇ ਸਿੱਖ ਕੌਮ ਦਾ ਨਾਂ ਪੂਰੀ ਦੁਨੀਆ ਵਿਚ ਰੋਸ਼ਨ ਕੀਤਾ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ



ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਨਾ ਸਿਰਫ ਸਿੱਖ ਕੌਮ, ਸਗੋਂ ਸਮੁੱਚੀ ਮਨੁੱਖਤਾ ਲਈ ਪ੍ਰੇਰਣਾ ਸਰੋਤ ਹੈ। ਉਨ੍ਹਾਂ ਸਿੱਖ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਇਤਿਹਾਸ ਦੇ ਇਸ ਮਾਣ-ਮੱਤੇ ਪੰਨੇ ਨੂੰ ਯਾਦ ਰੱਖਦਿਆਂ ਸਿੱਖੀ ਨੂੰ ਪ੍ਰਫੁੱਲਿਤ ਕਰਨ ਲਈ ਕੰਮ ਕਰਨ।

ਉਨ੍ਹਾਂ ਮੁੰਬਈ ਵਿਚ ਗੁਰਮਤਿ ਸਮਾਗਮ ਕਰਵਾਉਣ ਲਈ ਗੁਰੂ ਨਾਨਕ ਖਾਲਸਾ ਕਾਲਜ ਦੇ ਚੇਅਰਮੈਨ ਗੁਰਿੰਦਰ ਸਿੰਘ ਬਾਵਾ ਅਤੇ ਉਨ੍ਹਾਂ ਦੇ ਸਹਿਯੋਗੀਆਂ ਦੀ ਸ਼ਲਾਘਾ ਕੀਤੀ। ਇਸ ਤੋਂ ਪਹਿਲਾਂ ਰਾਗੀ ਜਥਿਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ ਅਤੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਅਤੇ ਭਾਈ ਪਿੰਦਰਪਾਲ ਸਿੰਘ ਨੇ ਗੁਰਮਤਿ ਦੀ ਰੋਸ਼ਨੀ ਵਿੱਚ ਸੰਬੋਧਨ ਕੀਤਾ।

ਇਸ ਮੌਕੇ ਮਰੀਜ਼ਾਂ ਨੂੰ ਮੁਫ਼ਤ ਐਮ.ਆਰ.ਆਈ. ਅਤੇ ਸੀ.ਟੀ. ਸਕੈਨ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਸਾਹਿਬਜ਼ਾਦਿਆਂ ਦੇ ਨਾਂ 'ਤੇ ਡਾਇਗਨੋਸਟਿਕ ਸੈਂਟਰ ਦਾ ਨੀਂਹ ਪੱਥਰ ਵੀ ਰੱਖਿਆ ਗਿਆ।

## ਜਥੇਦਾਰ ਕਾਉਂਕੇ ਦੀ ਤਸਵੀਰ ਪਹਿਲਾਂ ਹੀ ਸਿੱਖ ਅਜਾਇਬ ਘਰ 'ਚ ਲੱਗੀ ਹੋਈ ਹੈ: ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਤਸਵੀਰ ਕੁਝ ਸਾਲ ਪਹਿਲਾਂ ਹੀ ਸਿੱਖ ਅਜਾਇਬ ਘਰ ਵਿਚ ਲਗਾਈ ਜਾ ਚੁੱਕੀ ਹੈ।

ਸ਼੍ਰੋਮਣੀ ਕਮੇਟੀ ਦੇ ਬੁਲਾਰੇ ਨੇ ਦੱਸਿਆ ਕਿ ਭਾਈ ਕਾਉਂਕੇ ਦੀ ਇਹ ਤਸਵੀਰ ਅਜਾਇਬ ਘਰ ਦੇ ਚਾਰ ਨੰਬਰ ਹਾਲ ਵਿਚ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਭਾਈ ਮੋਹਕਮ ਸਿੰਘ, ਗੁਰਦੀਪ ਸਿੰਘ ਬਠਿੰਡਾ ਤੇ ਮਨਜੀਤ ਸਿੰਘ ਭੋਮਾ ਵੱਲੋਂ ਭਾਈ ਕਾਉਂਕੇ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਦੀ ਮੰਗ ਕੀਤੀ ਗਈ ਹੈ, ਜੋ ਕਿ ਪਹਿਲਾਂ ਹੀ ਉਥੇ ਲੱਗੀ ਹੋਈ ਹੈ। ਜ਼ਿਕਰਯੋਗ ਹੈ ਕਿ ਸਿੱਖ ਆਗੂਆਂ ਨੇ ਇਕ ਸਾਂਝੇ ਬਿਆਨ ਰਾਹੀਂ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਸੀ ਕਿ ਸ੍ਰੀ ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਦੀ ਤਸਵੀਰ ਸਿੱਖ ਅਜਾਇਬ ਘਰ ਵਿਚ ਲਾਉਣ ਦਾ ਐਲਾਨ ਕੀਤਾ ਜਾਵੇ।

## ਕਪੂਰਥਲਾ ਦੇ ਮਹਾਰਾਜਾ ਸੁਖਜੀਤ ਸਿੰਘ ਦੀ ਪਤਨੀ ਮਹਾਰਾਣੀ ਗੀਤਾ ਦੇਵੀ ਦਾ ਦੇਹਾਂਤ

**ਜਲੰਧਰ:** ਕਪੂਰਥਲਾ ਦੇ ਮਹਾਰਾਜਾ ਬ੍ਰਿਗੇਡੀਅਰ ਸੁਖਜੀਤ ਸਿੰਘ ਦੀ ਪਤਨੀ ਮਹਾਰਾਣੀ ਗੀਤਾ ਦੇਵੀ ਦਾ ਦਿੱਲੀ 'ਚ ਦੇਹਾਂਤ ਹੋ ਗਿਆ। ਉਹ 86 ਸਾਲ ਦੇ ਸਨ। ਜਾਣਕਾਰੀ ਮੁਤਾਬਕ ਸੰਖੇਪ ਬਿਮਾਰੀ ਤੋਂ ਬਾਅਦ ਉਨ੍ਹਾਂ ਗ੍ਰੇਟਰ ਕੈਲਾਸ਼ ਸਥਿਤ ਆਪਣੇ ਘਰ ਵਿਚ ਅੰਤਿਮ ਸਾਹ ਲਏ। ਉਨ੍ਹਾਂ ਦੇ ਪਰਿਵਾਰ ਵਿਚ ਪਤੀ ਮਹਾਰਾਜਾ ਸੁਖਜੀਤ ਸਿੰਘ, ਪੁੱਤਰ ਟਿੱਕਾ ਰਾਜਾ ਸ਼ਤਰੁਜੀਤ ਸਿੰਘ ਅਤੇ ਬੇਟੀਆਂ ਐਮ.ਕੇ. ਗਾਇਤਰੀ ਦੇਵੀ ਤੇ ਐਮ.ਕੇ. ਪ੍ਰੀਤੀ ਦੇਵੀ ਹਨ।

# ਰਿਸ਼ਤੇਦਾਰ ਨੂੰ ਕਤਲ ਕਰਨ ਦੇ ਦੋਸ਼ ਹੇਠ ਸਿੱਖ ਮਹਿਲਾ ਗ੍ਰਿਫਤਾਰ

**ਓਟਵਾ:** ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ 'ਚ ਇਕ 28 ਸਾਲਾ ਭਾਰਤੀ ਮੂਲ ਦੀ ਸਿੱਖ ਮਹਿਲਾ ਉਤੇ ਪਰਿਵਾਰਕ ਰਿਸ਼ਤੇ 'ਚ ਇਕ ਹੋਰ ਮਹਿਲਾ ਦੀ ਮੌਤ ਦੇ ਮਾਮਲੇ ਵਿਚ ਹੱਤਿਆ ਦਾ ਦੋਸ਼ ਲਾਇਆ ਗਿਆ ਹੈ। ਇਹ ਜਾਣਕਾਰੀ ਮੀਡੀਆ ਰਿਪੋਰਟਾਂ 'ਚ ਦਿੱਤੀ ਗਈ ਹੈ। ਸੀ.ਟੀ.ਵੀ. ਨਿਊਜ਼ ਵੈਨਕੂਵਰ ਦੀ ਰਿਪੋਰਟ ਅਨੁਸਾਰ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਡੈਲਟਾ ਕਾਊਂਟੀ 'ਚ ਪੁਲਿਸ ਨੇ ਪੀੜਤਾ ਦੀ ਲਾਸ਼ ਮਿਲਣ ਤੋਂ ਇਕ ਦਿਨ ਬਾਅਦ ਪ੍ਰੀਤੀ ਟੀਨਾ ਕੌਰ ਪਨੇਸਰ ਨੂੰ ਗ੍ਰਿਫਤਾਰ ਕਰ ਲਿਆ ਸੀ। ਪੁਲਿਸ ਨੇ ਦੱਸਿਆ, 'ਪ੍ਰੀਤੀ ਟੀਨਾ ਕੌਰ ਪਨੇਸਰ ਉਤੇ ਪਹਿਲੇ ਦਰਜੇ ਦੇ ਕਤਲ ਦਾ ਦੋਸ਼ ਲਾਇਆ ਗਿਆ ਹੈ।' ਅਧਿਕਾਰੀਆਂ ਨੇ ਸ਼ੁਰੂ 'ਚ ਘਟਨਾ ਬਾਰੇ ਸਪੱਸ਼ਟ ਨਹੀਂ ਕੀਤਾ ਪਰ ਬਾਅਦ ਵਿਚ ਕਿਹਾ ਕਿ ਮਹਿਲਾ ਦਾ ਕਤਲ ਕੀਤਾ ਗਿਆ ਸੀ। ਪੁਲਿਸ ਨੇ ਮ੍ਰਿਤਕ ਮਹਿਲਾ ਦਾ ਨਾਂ, ਉਮਰ



ਜਾਂ ਉਸ ਬਾਰੇ ਕੋਈ ਹੋਰ ਪਛਾਣ ਨਸ਼ਰ ਨਹੀਂ ਕੀਤੀ। ਪੁਲਿਸ ਨੇ ਬੱਸ ਇੰਨਾ ਦੱਸਿਆ ਕਿ ਮ੍ਰਿਤਕਾ ਦਾ ਮੁਲਜ਼ਮ ਨਾਲ ਪਰਿਵਾਰਕ ਸਬੰਧ ਸਨ। ਉਨ੍ਹਾਂ ਇਹ ਵੀ ਕਿਹਾ ਕਿ ਚੱਲ ਰਹੀ ਜਾਂਚ ਤੇ ਕਾਨੂੰਨੀ ਕਾਰਵਾਈ ਨੂੰ ਧਿਆਨ 'ਚ ਰੱਖਦਿਆਂ ਮੁਲਜ਼ਮ ਜਾਂ ਪੀੜਤ ਬਾਰੇ ਕੋਈ ਹੋਰ ਵੇਰਵਾ ਜਾਰੀ ਨਹੀਂ ਕੀਤਾ ਜਾ ਸਕਦਾ।

# ਸ੍ਰੀ ਅਕਾਲ ਤਖਤ ਦੀ ਫਸੀਲ ਤੋਂ ਜਨਤਕ ਪ੍ਰੋਗਰਾਮਾਂ ਤੋਂ ਗੁਰੇਜ਼ ਕਰਨ ਦੀ ਸੰਭਾਵਨਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਭਵਿੱਖ ਵਿਚ ਕੋਈ ਵੀ ਜਨਤਕ ਸਮਾਗਮ ਸ੍ਰੀ ਅਕਾਲ ਤਖ਼ਤ ਦੀ ਫਸੀਲ ਤੋਂ ਕਰਨ ਤੋਂ ਗੁਰੇਜ਼ ਕੀਤੇ ਜਾਣ ਦੀ ਸੰਭਾਵਨਾ ਹੈ। ਅਜਿਹਾ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਬੰਦੀ ਛੋੜ ਦਿਵਸ ਮੌਕੇ ਅਜਿਹੀ ਘਟਨਾ ਵਾਪਰ ਗਈ ਸੀ ਜਿਸ ਨਾਲ ਪ੍ਰਬੰਧਕਾਂ ਨੂੰ ਸ਼ਰਮਿੰਦਾ ਹੋਣਾ ਪਿਆ ਸੀ। ਭਵਿੱਖ ਵਿਚ ਮੁੜ ਅਜਿਹੀ ਘਟਨਾ ਨਾ ਵਾਪਰੇ ਇਸ ਲਈ ਬਚਾਅ ਦੇ ਉਪਾਅ ਵਜੋਂ ਅਜਿਹਾ ਫੈਸਲਾ ਲਿਆ ਜਾ ਸਕਦਾ ਹੈ। ਇਸ ਸਬੰਧੀ ਅੰਤਿਮ ਫੈਸਲਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਲਿਆ ਜਾਵੇਗਾ। ਬੰਦੀ ਛੋੜ ਦਿਵਸ ਮੌਕੇ ਸ੍ਰੀ ਅਕਾਲ ਤਖ਼ਤ ਦੀ ਫਸੀਲ ਤੋਂ ਜਦੋਂ ਨਿਹੰਗ ਸਿੰਘਾਂ ਨੂੰ ਜਥੇਦਾਰ ਵੱਲੋਂ ਸਨਮਾਨਿਤ ਕੀਤਾ ਜਾ ਰਿਹਾ ਸੀ ਤਾਂ ਇਸ ਪ੍ਰੋਗਰਾਮ ਦੀ ਸਮਾਪਤੀ ਮਗਰੋਂ ਇਕ ਨਿਹੰਗ ਨੇ ਮਾਈਕ ਨੂੰ ਆਪਣੇ ਹੱਥਾਂ ਵਿਚ ਲੈ ਕੇ ਸਿਧਾਂਤ ਖ਼ਿਲਾਫ਼ ਬੋਲਦਿਆਂ ਮਰਿਆਦਾ ਦੀ ਉਲੰਘਣਾ ਕੀਤੀ ਸੀ। ਇਸ ਮਾਮਲੇ ਵਿਚ ਸ੍ਰੀ ਅਕਾਲ ਤਖ਼ਤ



ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ ਗੰਭੀਰ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਗਏ ਸਨ ਕਿ ਉਹ ਇਕ ਉੱਚ ਪੱਧਰੀ ਕਮੇਟੀ ਦਾ ਗਠਨ ਕਰ ਕੇ ਇਸ ਮਾਮਲੇ ਨੂੰ ਵਿਚਾਰੇ ਅਤੇ ਭਵਿੱਖ ਵਿਚ ਅਜਿਹੀ ਕੋਈ ਘਟਨਾ ਨਾ ਵਾਪਰੇ ਅਤੇ ਇਸ ਬਾਰੇ ਆਪਣੀ ਸਿਫਾਰਸ਼ ਦੇਵੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਬਾਰੇ ਗਠਿਤ ਕਮੇਟੀ ਵੱਲੋਂ ਆਪਣੀ ਰਿਪੋਰਟ ਦੇ ਦਿੱਤੀ ਗਈ ਹੈ ਜਿਸ ਨੂੰ ਸ੍ਰੀ ਅਕਾਲ ਤਖ਼ਤ ਵਿਖੇ ਸੌਂਪ ਦਿੱਤਾ ਗਿਆ ਹੈ।

ਇਸ ਬਾਰੇ ਅਗਲਾ ਫੈਸਲਾ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਵੱਲੋਂ ਨਿੱਜੀ ਤੌਰ 'ਤੇ ਜਾਂ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਲਿਆ ਜਾਵੇਗਾ। ਮਿਲੇ ਵੇਰਵਿਆਂ ਮੁਤਾਬਕ ਇਸ ਰਿਪੋਰਟ ਵਿਚ ਸ਼੍ਰੋਮਣੀ ਕਮੇਟੀ ਨੂੰ ਸਿਫਾਰਸ਼ ਕੀਤੀ ਗਈ ਹੈ ਕਿ ਭਵਿੱਖ ਵਿਚ ਅਜਿਹੀ ਕਿਸੇ ਵੀ ਘਟਨਾ ਤੋਂ ਬਚਣ ਲਈ ਸ੍ਰੀ ਅਕਾਲ ਤਖ਼ਤ ਦੀ ਫਸੀਲ 'ਤੇ ਹੋਣ ਵਾਲੇ ਪ੍ਰੋਗਰਾਮ ਨੂੰ ਹੇਠਾਂ ਸ੍ਰੀ ਅਕਾਲ ਤਖ਼ਤ ਦੇ ਸਨਮੁਖ ਕਰਵਾਇਆ ਜਾਵੇ। ਜ਼ਿਕਰਯੋਗ ਹੈ ਕਿ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਨਿਹੰਗ ਬਾਰੇ ਕਈ ਨਿਹੰਗ ਜਥੇਬੰਦੀਆਂ ਨੇ ਉਸ ਨਾਲ ਕੋਈ ਸਬੰਧ ਨਾ ਹੋਣ ਬਾਰੇ ਆਪਣੇ ਸਪੱਸ਼ਟੀਕਰਨ ਦਿੱਤੇ ਸਨ।

# ਗਣਤੰਤਰ ਦਿਵਸ ਪਰੇਡ 'ਚੋਂ ਪੰਜਾਬ ਦੀ ਝਾਕੀ 'ਤੇ ਸਿਆਸਤ ਭਖੀ

**ਚੰਡੀਗੜ੍ਹ:** ਕੇਂਦਰ ਦੀ ਭਾਜਪਾ ਸਰਕਾਰ ਨੇ ਇਕ ਵਾਰ ਫਿਰ ਪੰਜਾਬ ਦੀ ਝਾਕੀ ਨੂੰ ਗਣਤੰਤਰ ਦਿਵਸ ਪਰੇਡ 'ਚੋਂ ਬਾਹਰ ਕਰ ਦਿੱਤਾ ਹੈ। ਝਾਕੀ ਰੱਦ ਕੀਤੇ ਜਾਣ ਨੂੰ ਲੈ ਕੇ ਪੰਜਾਬ ਦੀ 'ਆਪ' ਸਰਕਾਰ ਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦਰਮਿਆਨ ਸ਼ਬਦੀ ਜੰਗ ਤੇਜ਼ ਹੋ ਗਈ ਹੈ।

ਸਾਲ 2017 ਮਗਰੋਂ ਦੂਸਰੀ ਦਫ਼ਾ ਪੰਜਾਬ ਦੀ ਝਾਕੀ ਨੂੰ ਕੌਮੀ ਸਮਾਗਮਾਂ 'ਚੋਂ ਬਾਹਰ ਰੱਖਿਆ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਦੇ ਇਸ ਫੈਸਲੇ ਨੂੰ ਕੌਮੀ ਤਰਾਨੇ 'ਚੋਂ 'ਪੰਜਾਬ' ਸ਼ਬਦ ਕੱਢਣ ਦੀ ਦਿਸ਼ਾ ਵੱਲ ਪੇਸ਼ਕਦਮੀ ਕਰਾਰ ਦਿੱਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਸਰਕਾਰ ਅਜਿਹੇ ਕਦਮ ਚੁੱਕ ਕੇ ਗੈਰ-ਭਾਜਪਾ ਸ਼ਾਸਿਤ ਰਾਜਾਂ ਨੂੰ ਆਪਣੀ ਵਿਰਾਸਤ ਤੇ ਸੱਭਿਆਚਾਰ ਨੂੰ ਕੌਮੀ ਸਮਾਗਮਾਂ 'ਚ ਪ੍ਰਦਰਸ਼ਿਤ ਕਰਨ ਤੋਂ ਰੋਕ ਰਹੀ ਹੈ।

ਉਨ੍ਹਾਂ ਕਿਹਾ ਕਿ ਕੇਂਦਰੀ ਹਕੂਮਤ ਨੇ ਪੰਜਾਬ ਦੇ ਸਵੈਮਾਣ ਨੂੰ ਸੱਟ ਮਾਰਨ ਲਈ ਪੰਜਾਬੀਆਂ ਵੱਲੋਂ ਸੁਤੰਤਰਤਾ ਸੰਗਰਾਮ ਵਿਚ ਦਿੱਤੇ ਲਾਮਿਸਾਲ ਬਲੀਦਾਨ ਦਾ ਨਿਰਾਦਰ ਕੀਤਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਪਿੰਡ ਪਿੰਡ ਤੱਕ ਕੇਂਦਰੀ ਵਤੀਰੇ ਦੀ ਗੱਲ ਲੈ ਕੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਸਾਲ ਵੀ ਝਾਕੀਆਂ ਲਈ ਚੁਣੇ ਗਏ ਸੂਬਿਆਂ ਵਿੱਚੋਂ 90 ਫੀਸਦੀ ਤੋਂ ਵੱਧ ਭਾਜਪਾ ਸ਼ਾਸਿਤ ਸੂਬੇ ਹਨ, ਜਿਸ ਤੋਂ ਪ੍ਰਤੱਖ ਹੈ ਕਿ ਭਾਜਪਾ ਸਰਕਾਰ ਹੁਣ ਸੁਤੰਤਰਤਾ ਦਿਵਸ ਤੇ ਗਣਤੰਤਰ ਦਿਵਸ ਦੇ ਸਿਆਸੀਕਰਨ ਦੇ ਰਾਹ ਪੈ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਇਹ ਮੁੱਦਾ ਕੇਂਦਰ ਸਰਕਾਰ ਕੋਲ ਉਠਾਉਣਗੇ ਅਤੇ ਜੇ ਕੇਂਦਰ ਵੱਲੋਂ ਗੌਰ ਨਾ ਕੀਤਾ ਗਿਆ ਤਾਂ ਪੰਜਾਬ ਸਰਕਾਰ ਵੱਲੋਂ 26 ਜਨਵਰੀ ਨੂੰ ਸੂਬੇ ਭਰ ਵਿੱਚ ਹੋਣ ਵਾਲੇ ਸਾਰੇ ਸਮਾਗਮਾਂ ਵਿਚ ਇਨ੍ਹਾਂ ਝਾਕੀਆਂ ਨੂੰ 'ਕੇਂਦਰ ਸਰਕਾਰ ਵੱਲੋਂ ਰੱਦ' ਦੇ ਬੈਨਰ ਹੇਠ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ, ਸੁਨੀਲ ਜਾਖੜ, ਆਰ.ਪੀ. ਸਿੰਘ, ਮਨਜਿੰਦਰ ਸਿਰਸਾ ਸਮੇਤ ਸਾਰੇ ਭਾਜਪਾ ਆਗੂਆਂ ਨੂੰ ਚੁਣੌਤੀ ਦਿੱਤੀ ਕਿ ਉਹ ਹੁਣ ਦੱਸਣ ਕਿ ਕੇਂਦਰ ਸਰਕਾਰ ਪੰਜਾਬ ਨਾਲ ਇੰਨੀ ਵੱਡੀ ਬੇਇਨਸਾਫ਼ੀ ਕਿਉਂ ਕਰ ਰਹੀ ਹੈ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਮੋਦੀ ਸਰਕਾਰ ਪੰਜਾਬ ਵਿਰੋਧੀ ਮਾਨਸਿਕਤਾ ਰੱਖਦੀ ਹੈ ਅਤੇ ਜੇਕਰ ਕੇਂਦਰ ਸਰਕਾਰ ਦਾ ਵੱਸ ਚੱਲੇ ਤਾਂ ਉਹ ਕੌਮੀ ਤਰਾਨੇ ਵਿਚੋਂ ਵੀ ਪੰਜਾਬ ਦਾ ਨਾਂ ਹਟਾ ਦੇਣਗੇ। ਪੰਜਾਬ ਨਾਲ ਮਤਰੇਈ ਮਾਂ ਵਾਲੇ ਸਲੂਕ ਦੇ ਬਾਵਜੂਦ ਸੂਬੇ ਦੇ ਭਾਜਪਾ ਆਗੂ ਚੁੱਪ ਹਨ।

ਇਧਰ, ਕੇਂਦਰੀ ਰੱਖਿਆ ਮੰਤਰਾਲੇ ਨੇ ਸਪਸ਼ਟ ਕੀਤਾ ਕਿ ਕਲਾ, ਸਭਿਆਚਾਰ, ਪੇਂਟਿੰਗ, ਮੂਰਤੀ ਕਲਾ, ਸੰਗੀਤ, ਭਵਨ ਨਿਰਮਾਣ ਕਲਾ, ਕੋਰੀਓਗ੍ਰਾਫ਼ੀ ਆਦਿ ਨਾਲ ਖੇਤਰਾਂ ਨਾਲ ਸਬੰਧਤ ਉੱਘੀਆਂ ਹਸਤੀਆਂ ਦੀ ਸ਼ਮੂਲੀਅਤ ਵਾਲੀ ਮਾਹਿਰਾਂ ਦੀ ਕਮੇਟੀ ਨੇ ਪਹਿਲੇ ਤਿੰਨ ਗੇੜਾਂ ਤੱਕ ਪੰਜਾਬ ਵੱਲੋਂ ਭੇਜੀ ਝਾਕੀ ਉਤੇ ਵਿਚਾਰ ਕੀਤਾ ਸੀ। ਇਸ ਸਾਲ ਦੀ ਝਾਕੀ ਦੇ ਵਿਆਪਕ ਵਿਸ਼ਿਆਂ ਦੇ ਥੀਮ ਨਾਲ ਮੇਲ ਨਾ ਖਾਣ ਕਰਕੇ ਪੰਜਾਬ ਦੀ ਝਾਕੀ ਨੂੰ ਹੋਰ ਵਿਚਾਰ ਲਈ ਅੱਗੇ ਨਹੀਂ ਲਿਜਾਇਆ ਜਾ ਸਕਿਆ।

ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੱਤਾ ਦੇ ਹੰਕਾਰ 'ਚ ਝੱਲੀ ਹੋਈ ਕੇਂਦਰ ਸਰਕਾਰ ਪੰਜਾਬੀਆਂ ਵੱਲੋਂ ਦੇਸ਼ ਦੇ ਆਜ਼ਾਦੀ ਸੰਗਰਾਮ ਵਿਚ ਪਾਈਆਂ ਮਹਾਨ ਕੁਰਬਾਨੀਆਂ ਦਾ ਨਿਰਾਦਰ ਕਰ ਰਹੀ ਹੈ। ਇਸ ਦੌਰਾਨ ਸੂਤਰਾਂ ਮੁਤਾਬਕ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਇਕ ਪੱਤਰ ਲਿਖਿਆ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਪੰਜਾਬ ਸਣੇ ਹੋਰਨਾਂ ਰਾਜਾਂ ਦੀਆਂ ਜਿਹੜੀਆਂ ਝਾਕੀਆਂ ਗਣਤੰਤਰ ਦਿਵਸ ਪਰੇਡ 'ਚ ਸ਼ਾਮਲ ਹੋਣ ਤੋਂ ਰਹਿ ਗਈਆਂ ਹਨ, ਉਨ੍ਹਾਂ 23 ਤੋਂ 31 ਜਨਵਰੀ ਤੱਕ ਲਾਲ ਕਿਲ੍ਹੇ ਵਿਚ ਲੱਗਣ ਵਾਲੇ 'ਭਾਰਤ ਪਰਵ' ਵਿਚ ਸ਼ਾਮਲ ਕੀਤਾ ਜਾਵੇਗਾ। ਉਧਰ, ਪੰਜਾਬ ਸਰਕਾਰ ਨੇ ਵੀ 'ਭਾਰਤ ਪਰਵ' ਲਈ ਝਾਕੀ ਭੇਜਣ ਤੋਂ ਨਾਂਹ ਕਰ ਦਿੱਤੀ ਹੈ। ਮਾਨ ਸਰਕਾਰ ਨੇ ਕਿਹਾ ਕਿ ਕੇਂਦਰ ਨੇ ਸੂਬੇ ਦੀ ਝਾਕੀ ਰੱਦ ਕਰਕੇ ਆਜ਼ਾਦੀ ਘੁਲਾਟੀਆਂ ਦਾ ਅਪਮਾਨ ਕੀਤਾ ਹੈ।

**ਝਾਕੀ ਸ਼ਾਮਲ ਨਾ ਹੋਣ ਲਈ ਕੇਂਦਰ ਜ਼ਿੰਮੇਵਾਰ ਨਹੀਂ: ਸ਼ੇਖਾਵਤ**

**ਬਠਿੰਡਾ:** ਕੇਂਦਰੀ ਜਲ ਸਰੋਤ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਪੰਜਾਬ ਦੀ ਝਾਕੀ ਗਣਤੰਤਰ ਦਿਵਸ ਦੀ ਕੌਮੀ ਪਰੇਡ ਵਿਚ ਸ਼ਾਮਲ ਨਾ ਕੀਤੇ ਜਾਣ ਲਈ ਕੇਂਦਰ ਸਰਕਾਰ ਜ਼ਿੰਮੇਵਾਰ ਨਹੀਂ ਹੈ। ਸ਼ੇਖਾਵਤ ਨੇ ਕਿਹਾ, "ਝਾਕੀਆਂ ਦੀ ਚੋਣ ਲਈ ਕਮੇਟੀ ਬਣੀ ਹੋਈ ਹੈ ਜੋ ਵੱਖ-ਵੱਖ ਸੂਬਿਆਂ ਦੀਆਂ ਝਾਕੀਆਂ ਦੇ ਪ੍ਰਸਤਾਵ ਦੇਖਦੀ ਹੈ। ਇਸ ਮਾਮਲੇ ਵਿਚ ਸਰਕਾਰ ਦਾ ਕੋਈ ਦਖ਼ਲ ਨਹੀਂ ਹੈ।"

ਕੁਝ ਵੀ ਹੋਵੇ, ਝਾਕੀ ਵਾਲੇ ਮਸਲੇ 'ਤੇ ਸਾਰੀਆਂ ਧਿਰਾਂ ਡਟ ਕੇ ਸਿਆਸਤ ਕਰ ਰਹੀਆਂ ਹਨ। ਉਂਝ, ਇਹ ਤੱਥ ਧਿਆਨਯੋਗ ਹੈ ਕਿ ਕੇਂਦਰ ਵਿਚਲੀ ਮੋਦੀ ਸਰਕਾਰ ਵੱਖ-ਵੱਖ ਮਸਲਿਆਂ ਬਾਰੇ ਮੁੱਢ ਤੋਂ ਹੀ ਪੰਜਾਬ ਨਾਲ ਵਿਤਕਰਾ ਕਰ ਰਹੀ ਹੈ। ਜਾਪਦਾ ਇਉਂ ਹੈ ਕਿ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਆਪਣੇ ਪੈਰ ਪਸਾਰਨ ਲਈ ਲਗਾਤਾਰ ਹੱਥ-ਪੈਰ ਮਾਰ ਰਹੀ ਹੈ ਪਰ ਅਜੇ ਤੱਕ ਇਸ ਨੂੰ ਕੋਈ ਖਾਸ ਸਫਲਤਾ ਹੱਥ ਨਹੀਂ ਲੱਗੀ ਹੈ। ਰਾਜਪਾਲ ਵੱਲੋਂ ਮੌਜੂਦਾ ਪੰਜਾਬ ਸਰਕਾਰ ਦੇ ਕੰਮਾਂ ਵਿਚ ਦਖ਼ਲ ਵੀ ਇਸੇ ਸਿਆਸਤ ਦਾ ਹਿੱਸਾ ਹੈ।



### ਜਾਖੜ ਝਾਕੀ 'ਤੇ ਸਾਡੀ ਫੋਟੋ ਦਿਖਾ ਦੇਣ, ਸਿਆਸਤ ਛੱਡ ਦੇਵਾਂਗਾ: ਮੁੱਖ ਮੰਤਰੀ

**ਲੁਧਿਆਣਾ:** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਭਾਜਪਾ ਪ੍ਰਧਾਨ ਸੁਨੀਲ ਜਾਖੜ ਨੂੰ ਚੁਣੌਤੀ ਦਿੱਤੀ ਹੈ ਕਿ ਜੇਕਰ ਸੂਬੇ ਦੀਆਂ ਪ੍ਰਸਤਾਵਿਤ ਝਾਕੀਆਂ ਉਤੇ ਉਹ ਉਨ੍ਹਾਂ ਦੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਫੋਟੋ ਸਾਬਤ ਕਰ ਦੇਣ ਤਾਂ ਉਹ ਸਿਆਸਤ ਛੱਡ ਦੇਣਗੇ। ਮੁੱਖ ਮੰਤਰੀ ਨੇ ਕਿਹਾ ਕਿ ਜਾਖੜ ਹਾਲ ਹੀ 'ਚ ਭਾਜਪਾ ਵਿਚ ਸ਼ਾਮਲ ਹੋਏ ਹਨ, ਇਸ ਲਈ ਉਨ੍ਹਾਂ ਨੂੰ ਭਾਜਪਾ ਦੇ ਹੋਰ ਤਜਰਬੇਕਾਰ ਆਗੂਆਂ ਵਾਂਗ ਝੂਠ ਬੋਲਣ ਦੀ ਕਲਾ 'ਚ ਅਜੇ ਪੂਰੀ ਮੁਹਾਰਤ ਹਾਸਲ ਨਹੀਂ ਹੋਈ ਹੈ।

### ਮਾਨ ਤੇ ਕੇਜਰੀਵਾਲ ਦੀਆਂ ਤਸਵੀਰਾਂ ਕਾਰਨ ਬਾਹਰ ਹੋਈ ਝਾਕੀ: ਜਾਖੜ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੀ ਝਾਕੀ ਨੂੰ ਕੌਮੀ ਗਣਤੰਤਰ ਦਿਵਸ ਪਰੇਡ ਵਿਚੋਂ ਬਾਹਰ ਕੀਤੇ ਜਾਣ ਸਬੰਧੀ ਮੁੱਖ ਮੰਤਰੀ ਭਗਵੰਤ ਮਾਨ 'ਤੇ ਜਵਾਬੀ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਦੇ ਥੀਮ ਨੂੰ ਤਕਨੀਕੀ ਤੌਰ 'ਤੇ ਰੱਦ ਕੀਤਾ ਹੈ ਕਿਉਂਕਿ ਪੰਜਾਬ ਦੀ ਝਾਕੀ 'ਤੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਜ਼ਿਕਰਯੋਗ ਹੈ ਕਿ ਭਗਵੰਤ ਮਾਨ ਨੇ ਪੰਜਾਬ ਦੀ ਝਾਕੀ ਨੂੰ ਗਣਤੰਤਰ ਦਿਵਸ ਸਬੰਧੀ ਕੌਮੀ ਪਰੇਡ ਵਿਚੋਂ ਬਾਹਰ ਰੱਖੇ ਜਾਣ ਨੂੰ ਡੂੰਘੀ ਸਾਜ਼ਿਸ਼ ਕਰਾਰ ਦਿੱਤਾ ਸੀ।

### ਪ੍ਰਧਾਨ ਮੰਤਰੀ ਮਾਮਲੇ ਵਿਚ ਦਖ਼ਲ ਦੇਣ: ਸੁਖਬੀਰ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪ੍ਰਧਾਨ ਨਰਿੰਦਰ ਮੋਦੀ ਨੂੰ ਅਪੀਲ ਕੀਤੀ ਹੈ ਕਿ ਉਹ ਪੰਜਾਬ ਦੀ ਝਾਕੀ ਨੂੰ ਗਣਤੰਤਰ ਦਿਵਸ ਸਬੰਧੀ ਕੌਮੀ ਪਰੇਡ ਵਿਚੋਂ ਬਾਹਰ ਰੱਖਣ ਦੇ ਮਾਮਲੇ ਵਿਚ ਦਖ਼ਲ ਦੇਣ। ਉਨ੍ਹਾਂ ਕਿਹਾ ਕਿ ਇਹ ਕੌਮੀ ਪਰੇਡ ਪੰਜਾਬ ਦੇ ਵਿਰਾਸਤ ਤੇ ਸੱਭਿਆਚਾਰ ਤੋਂ ਬਿਨਾਂ ਅਧੂਰੀ ਰਹੇਗੀ। ਉਨ੍ਹਾਂ ਕਿਹਾ ਕਿ ਸ਼ਹੀਦਾਂ ਦੀ ਧਰਤੀ ਪੰਜਾਬ ਨਾਲ ਵਿਤਕਰਾ ਕਰਨ ਲਈ ਜੋ ਕੋਈ ਵੀ ਜ਼ਿੰਮੇਵਾਰ ਹੈ, ਉਸ ਦੀ ਪਛਾਣ ਕਰ ਕੇ ਜ਼ਿੰਮੇਵਾਰ ਠਹਿਰਾਇਆ ਜਾਵੇ।

# ਨਸ਼ਾ ਤਸਕਰੀ: ਸਿੱਟ ਵੱਲੋਂ ਮਜੀਠੀਆ ਤੋਂ ਮੁੜ ਚਾਰ ਘੰਟੇ ਪੁੱਛ ਪੜਤਾਲ

**ਪਟਿਆਲਾ:** ਨਸ਼ਾ ਤਸਕਰੀ ਦੇ ਇਕ ਮਾਮਲੇ ਦੀ ਜਾਂਚ ਕਰ ਰਹੀ ਏ.ਡੀ.ਜੀ.ਪੀ. ਮੁਖਵਿੰਦਰ ਸਿੰਘ ਛੀਨਾ ਦੀ ਅਗਵਾਈ ਹੇਠਲੀ ਸਿੱਟ ਵੱਲੋਂ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਤੋਂ ਮੁੜ ਪਟਿਆਲਾ 'ਚ ਚਾਰ ਘੰਟੇ ਪੁੱਛ ਪੜਤਾਲ ਕੀਤੀ ਗਈ। ਉਨ੍ਹਾਂ ਤੋਂ 18 ਦਸੰਬਰ ਨੂੰ ਵੀ ਸੱਤ ਘੰਟੇ ਪੁੱਛ ਪੜਤਾਲ ਕੀਤੀ ਗਈ ਸੀ।

ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਉਨ੍ਹਾਂ ਤੋਂ ਤਕਰੀਬਨ ਦੋ ਦਰਜਨ ਸਵਾਲ ਪੁੱਛੇ ਗਏ ਹਨ। ਇਹ ਉਹ ਸਵਾਲ ਸਨ, ਜੋ ਪਿਛਲੀ ਪੁੱਛ ਪੜਤਾਲ ਦੌਰਾਨ ਰਹਿ ਗਏ ਸਨ। ਪਿਛਲੀ ਵਾਰ ਬਹੁਤੇ ਸਵਾਲ ਬੈਂਕ ਖਾਤਿਆਂ ਦੇ ਲੈਣ-ਦੇਣ ਨਾਲ ਸਬੰਧਤ ਸਨ। ਕੁਝ ਵਿਅਕਤੀਆਂ ਨਾਲ ਸਬੰਧਾਂ ਬਾਰੇ ਵੀ ਸਵਾਲ ਪੁੱਛੇ ਗਏ। ਸਮੁੱਚੀ ਪੁੱਛ ਪੜਤਾਲ ਕੈਮਰੇ ਦੇ ਸਾਹਮਣੇ ਹੋਈ। ਮਜੀਠੀਆ ਨੂੰ ਪਿਛਲੀ ਵਾਰ ਭਾਵੇਂ ਮੌਕੇ 'ਤੇ ਹੀ ਸੰਮਨ ਜਾਰੀ ਕਰ ਦਿੱਤੇ ਗਏ ਸਨ ਪਰ ਮੁੜ ਪੇਸ਼ ਹੋਣ ਲਈ ਸੰਮਨ ਨਹੀਂ ਜਾਰੀ ਕੀਤੇ ਗਏ। ਸਿੱਟ ਮੁਖੀ ਮੁਖਵਿੰਦਰ ਛੀਨਾ ਦੀ 31 ਦਸੰਬਰ ਨੂੰ ਸੇਵਾਮੁਕਤੀ ਵੀ ਹੈ। ਇਸ ਸਿੱਟ 'ਚ ਰਣਜੀਤ ਢਿੱਲੋਂ, ਹਰਵਿੰਦਰ ਵਿਰਕ ਤੇ ਜਸਵਿੰਦਰ ਟਿਵਾਣਾ ਆਦਿ ਸ਼ਾਮਲ ਹਨ।



ਪੁੱਛ-ਪੜਤਾਲ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮਜੀਠੀਆ ਨੇ ਆਖਿਆ ਕਿ ਪਹਿਲੇ ਕੇਸ ਵਿਚੋਂ ਤਾਂ ਕੁਝ ਨਹੀਂ ਨਿਕਲਿਆ, ਜਿਸ ਕਰਕੇ ਹੁਣ ਨਵਾਂ ਝੂਠਾ ਕੇਸ ਦਰਜ ਕਰਨ ਦੀ ਵਿਉਂਤਬੰਦੀ ਹੈ। ਪਰ ਉਹ ਕੇਸਾਂ ਤੋਂ ਡਰ ਕੇ ਆਵਾਜ਼ ਚੁੱਕਣੋਂ ਰੁਕਣ ਵਾਲੇ ਨਹੀਂ ਹਨ। ਉਨ੍ਹਾਂ ਕਿਹਾ ਕਿ ਉਸ ਨੂੰ ਉਸ ਦੀ ਜ਼ਮਾਨਤ ਮੌਕੇ ਅਗਸਤ 2022 ਵਿੱਚ ਹਾਈ ਕੋਰਟ ਵੱਲੋਂ ਜਾਰੀ ਹੁਕਮਾਂ ਵਿਚ ਕਿਤੇ ਵੀ ਸਿੱਟ ਕੋਲ ਪੇਸ਼ ਹੋਣ ਦੀ ਹਦਾਇਤ ਨਹੀਂ ਸੀ, ਪਰ ਇਸ ਦੇ ਬਾਵਜੂਦ ਉਸ ਨੂੰ ਵਾਰ-ਵਾਰ ਸੰਮਨ ਭੇਜੇ ਜਾ ਰਹੇ ਹਨ।

# ਖਣਨ ਮਾਮਲਾ: ਸਾਬਕਾ ਵਿਧਾਇਕ ਜੋਗਿੰਦਰ ਪਾਲ ਭੋਆ ਨੂੰ ਨਿਆਇਕ ਹਿਰਾਸਤ 'ਚ ਭੇਜਿਆ

**ਪਠਾਨਕੋਟ:** ਨਾਜਾਇਜ਼ ਖਣਨ ਅਤੇ ਪੁਲੀਸ ਮੁਲਾਜ਼ਮਾਂ ਨਾਲ ਬਦਸਲੂਕੀ ਕਰਨ ਦੇ ਦੋਸ਼ ਹੇਠ ਤਾਰਾਗੜ੍ਹ ਥਾਣੇ ਵਿਚ ਦਰਜ ਕੇਸ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਹਲਕਾ ਭੋਆ ਦੇ ਸਾਬਕਾ ਕਾਂਗਰਸੀ ਵਿਧਾਇਕ ਜੋਗਿੰਦਰ ਪਾਲ ਅਤੇ ਸੁਰਜੀਤ ਸਿੰਘ ਉਰਫ ਲਾਡੀ ਵਾਸੀ ਪਿੰਡ ਬੜੋਈ ਨਿਚਲੀ ਨੂੰ ਜ਼ਿਲ੍ਹਾ ਪੁਲਿਸ ਵੱਲੋਂ ਸਖ਼ਤ ਸੁਰੱਖਿਆ ਹੇਠ ਪਠਾਨਕੋਟ ਵਿਚ ਡਿਊਟੀ ਮੈਜਿਸਟਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਦੋਹਾਂ ਆਗੂਆਂ ਨੂੰ 14 ਦਿਨਾਂ ਲਈ ਨਿਆਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਇਸ ਦੌਰਾਨ ਜੋਗਿੰਦਰ ਪਾਲ ਨੇ ਕਿਹਾ ਕਿ ਉਹ ਜ਼ਮਾਨਤ ਮਿਲਣ ਤੋਂ ਬਾਅਦ ਹੀ ਇਸ ਸਬੰਧੀ ਆਪਣੀ ਪ੍ਰਤੀਕ੍ਰਿਆ ਦੇਣਗੇ।

ਜ਼ਿਕਰਯੋਗ ਹੈ ਕਿ ਪੁਲਿਸ ਨੇ ਮੈਰਾ ਕਲਾਂ ਵਿਚ ਨਾਜਾਇਜ਼ ਖਣਨ ਕਰਨ ਅਤੇ ਸਰਕਾਰੀ ਅਮਲੇ ਦੀ ਡਿਊਟੀ ਵਿਚ ਵਿਘਨ ਪਾਉਣ ਦੇ ਦੋਸ਼ ਹੇਠ ਜੋਗਿੰਦਰ ਪਾਲ ਅਤੇ ਸੁਰਜੀਤ ਸਿੰਘ ਖ਼ਿਲਾਫ਼ ਵੱਖ-ਵੱਖ ਧਾਰਾਵਾਂ ਤਹਿਤ ਥਾਣਾ ਤਾਰਾਗੜ੍ਹ ਵਿਚ ਕੇਸ ਦਰਜ ਕੀਤਾ ਸੀ। ਦੂਸਰੇ ਪਾਸੇ ਕਾਂਗਰਸ ਪਾਰਟੀ ਦੇ ਵਰਕਰਾਂ ਨੇ ਜ਼ਿਲ੍ਹਾ ਪ੍ਰਧਾਨ ਤੇ ਵਿਧਾਇਕ ਨਰੇਸ਼ ਪੁਰੀ ਦੀ ਅਗਵਾਈ ਵਿਚ ਅਦਾਲਤੀ ਕੰਪਲੈਕਸ ਮੂਹਰੇ ਜੋਗਿੰਦਰ ਪਾਲ ਦੀ ਗ੍ਰਿਫ਼ਤਾਰੀ ਖ਼ਿਲਾਫ਼ ਪ੍ਰਦਰਸ਼ਨ ਕੀਤਾ ਅਤੇ ਕਿਹਾ ਕਿ ਇਹ ਮਾਮਲਾ ਸਿਆਸੀ ਬਦਲਾਖੋਰੀ ਦੀ ਭਾਵਨਾ ਤਹਿਤ ਦਰਜ ਕੀਤਾ ਗਿਆ ਹੈ। ਵਿਧਾਇਕ ਨਰੇਸ਼ ਪੁਰੀ ਨੇ ਆਖਿਆ ਕਿ ਸਰਕਾਰ ਵੱਲੋਂ ਜੋਗਿੰਦਰ ਪਾਲ ਖ਼ਿਲਾਫ਼ ਕੇਸ ਦਰਜ ਕੀਤਾ ਜਾਣਾ ਮੰਦਭਾਗੀ ਗੱਲ ਹੈ ਅਤੇ ਅਜਿਹਾ ਕਰ ਕੇ ਸਰਕਾਰ ਨੇ ਲੋਕਤੰਤਰ ਦਾ ਗਲਾ ਘੁੱਟਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਕਿ ਸਰਕਾਰ ਅਜਿਹੀ ਧੱਕੇਸ਼ਾਹੀ ਤੋਂ ਬਾਜ਼ ਆਏ, ਨਹੀਂ ਤਾਂ ਕਾਂਗਰਸੀ ਵਰਕਰ ਸੰਘਰਸ਼ ਤੇਜ਼ ਕਰਨਗੇ।

# ਬਿਸ਼ਨੋਈ ਤੇ ਗੋਲਡੀ ਬਰਾੜ ਗਰੋਹ ਦਾ ਮੈਂਬਰ ਅਸਲ੍ਹੇ ਸਣੇ ਕਾਬੂ

**ਮੁਹਾਲੀ:** ਪੰਜਾਬ ਪੁਲਿਸ ਦੀ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ) ਨੇ ਮੁਹਾਲੀ ਦੇ ਸੈਕਟਰ-91 'ਚੋਂ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਗੈਂਗ ਦੇ ਇਕ ਮੈਂਬਰ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਵਿਕਰਮਜੀਤ ਸਿੰਘ ਉਰਫ਼ ਵਿੱਕੀ ਵਾਸੀ ਸਤੀਏਵਾਲਾ (ਫਿਰੋਜ਼ਪੁਰ) ਵਜੋਂ ਹੋਈ ਹੈ।

ਉਸ ਖਿਲਾਫ ਥਾਣਾ ਸਟੇਟ ਕ੍ਰਾਈਮ ਮੁਹਾਲੀ ਵਿਚ ਕੇਸ ਦਰਜ ਕੀਤਾ ਗਿਆ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੁਲਜ਼ਮ ਦਾ ਅਪਰਾਧਿਕ ਪਿਛੋਕੜ ਹੈ ਅਤੇ ਉਹ ਪੰਜਾਬ ਤੋਂ ਇਲਾਵਾ ਹੋਰ ਗੁਆਂਢੀ ਸੂਬਿਆਂ ਹਰਿਆਣਾ ਤੇ ਰਾਜਸਥਾਨ ਵਿਚ ਕਤਲ, ਇਰਾਦਾ ਕਤਲ, ਅਸਲਾ ਐਕਟ ਅਤੇ ਯੂ.ਏ.ਪੀ.ਏ. ਸਮੇਤ ਹੋਰ ਗੰਭੀਰ ਅਪਰਾਧਾਂ ਸਬੰਧੀ ਘੱਟੋ-ਘੱਟ 20 ਕੇਸਾਂ ਵਿਚ ਲੋੜੀਂਦਾ ਸੀ। ਪੁਲਿਸ ਨੇ ਵਿਕਰਮਜੀਤ ਦੇ ਕਬਜ਼ੇ ਵਿਚੋਂ .30 ਕੈਲੀਬਰ ਦਾ ਇਕ ਚੀਨੀ ਪਿਸਤੌਲ ਅਤੇ ਅੱਠ ਕਾਰਤੂਸ ਬਰਾਮਦ ਕੀਤੇ ਹਨ। ਉਸ ਕੋਲੋਂ ਇਕ ਫਾਰਚੂਨਰ ਗੱਡੀ ਵੀ ਜ਼ਬਤ ਕੀਤੀ ਗਈ ਹੈ।

ਪੁਲਿਸ ਮੁਖੀ ਨੇ ਦੱਸਿਆ ਕਿ ਗੁਪਤ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਏ.ਡੀ.ਜੀ.ਪੀ. ਪ੍ਰਮੋਦ ਬਾਨ ਦੀ ਨਿਗਰਾਨੀ ਹੇਠ ਏ.ਆਈ.ਜੀ. ਗੁਰਮੀਤ ਸਿੰਘ ਚੌਹਾਨ ਤੇ ਡੀ.ਐਸ.ਪੀ. ਬਿਕਰਮਜੀਤ ਸਿੰਘ ਬਰਾੜ ਦੀ ਅਗਵਾਈ ਹੇਠਲੀ ਟੀਮ ਨੇ ਮੁਲਜ਼ਮ ਦਾ ਪਿੱਛਾ ਕੀਤਾ ਅਤੇ ਮੁਹਾਲੀ ਦੇ ਸੈਕਟਰ-91 ਸਥਿਤ ਅਪਾਰਟਮੈਂਟ, ਜਿਥੇ ਉਸ ਨੇ ਪਨਾਹ ਲਈ ਹੋਈ ਸੀ, ਤੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਦੱਸਿਆ ਕਿ ਮੁਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਨੂੰ ਪਾਕਿਸਤਾਨੀ ਏਜੰਸੀਆਂ ਦੀ ਹਮਾਇਤ ਪ੍ਰਾਪਤ ਹੈ ਅਤੇ ਉਹ ਗੋਲਡੀ ਬਰਾੜ ਤੇ ਸਾਬਾ (ਅਮਰੀਕਾ) ਰਾਹੀਂ ਪਾਕਿਸਤਾਨ ਆਧਾਰਿਤ ਨਸ਼ਿਆਂ ਅਤੇ ਹਥਿਆਰਾਂ ਦੇ ਤਸਕਰਾਂ ਦੇ ਸੰਪਰਕ ਵਿਚ ਸੀ। ਉਹ ਸਰਹੱਦ ਪਾਰ ਤੋਂ ਹਥਿਆਰਾਂ ਤੇ ਨਸ਼ਿਆਂ ਦੀ ਖੇਪ ਪ੍ਰਾਪਤ ਕਰਦਾ ਸੀ। ਡੀ.ਜੀ.ਪੀ. ਨੇ ਦੱਸਿਆ ਕਿ ਵਿੱਕੀ ਨੂੰ ਵਿਰੋਧੀ ਗਰੋਹ ਦਵਿੰਦਰ ਬੰਬੀਹਾ ਦੇ ਮੈਂਬਰ ਨੂੰ ਮਾਰਨ ਦਾ ਕੰਮ ਸੌਂਪਿਆ ਗਿਆ ਸੀ। ਏ.ਆਈ.ਜੀ. ਗੁਰਮੀਤ ਸਿੰਘ ਚੌਹਾਨ ਨੇ ਦੱਸਿਆ ਕਿ ਵਿਕਰਮਜੀਤ 2018 ਵਿਚ ਰਾਜਸਥਾਨ ਦੇ ਗੰਗਾਨਗਰ ਵਿਚ ਸਥਿਤ ਇਕ ਜਿਮ ਵਿਚ ਗੋਲੀ ਮਾਰ ਕੇ ਕਤਲ ਕਰਨ ਦੇ ਮਾਮਲੇ ਵਿਚ ਸ਼ੂਟਰ/ਗੈਂਗਸਟਰ ਅੰਕਿਤ ਭਾਦੂ (ਮ੍ਰਿਤਕ) ਦੇ ਨਾਲ ਵੀ ਸ਼ਾਮਲ ਸੀ। ਫਰਵਰੀ 2019 ਵਿਚ ਪੀਰਮੁਛੱਲਾ (ਜ਼ੀਰਕਪੁਰ) ਵਿਚ ਪੁਲਿਸ ਨਾਲ ਹੋਏ ਮੁਕਾਬਲੇ ਦੌਰਾਨ ਅੰਕਿਤ ਭਾਦੂ ਦੇ ਮਾਰੇ ਜਾਣ ਮਗਰੋਂ ਵਿਕਰਮਜੀਤ ਨੇ ਬਿਸ਼ਨੋਈ ਅਤੇ ਗੋਲਡੀ ਬਰਾੜ ਗੈਂਗ ਵਿਚ ਉਸ ਦੀ ਥਾਂ ਲੈ ਲਈ ਸੀ।



**Punjab Times**
**Established in 2000**
**24th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachussetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮੋਦੀ ਸਰਕਾਰ ਨੇ ਗੋਲਡੀ ਬਰਾੜ ਨੂੰ ਅਤਿਵਾਦੀ ਐਲਾਨਿਆ

**ਨਵੀਂ ਦਿੱਲੀ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਮੁੱਖ ਸਾਜ਼ਿਸ਼ਘਾੜੇ ਕੈਨੇਡਾ ਆਧਾਰਿਤ ਗੈਂਗਸਟਰ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਨੂੰ ਕੇਂਦਰ ਸਰਕਾਰ ਨੇ ਅਤਿਵਾਦ ਵਿਰੋਧੀ ਕਾਨੂੰਨ ਯੂ.ਏ.ਪੀ.ਏ. ਤਹਿਤ ਅਤਿਵਾਦੀ ਨਾਮਜ਼ਦ ਕਰ ਦਿੱਤਾ ਹੈ। ਉਸ ਨੂੰ ਲਾਰੈਂਸ ਬਿਸ਼ਨੋਈ ਗੈਂਗ ਦਾ ਮੁੱਖ ਮੈਂਬਰ ਮੰਨਿਆ ਜਾਂਦਾ ਹੈ ਜਿਸ ਨੇ ਮੂਸੇਵਾਲਾ ਦੀ 29 ਮਈ, 2022 'ਚ ਹੋਈ ਹੱਤਿਆ ਦੀ ਜ਼ਿੰਮੇਵਾਰੀ ਕਬੂਲੀ ਸੀ।



ਇਕ ਨੋਟੀਫਿਕੇਸ਼ਨ 'ਚ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਿਹਾ ਕਿ ਗੋਲਡੀ ਬਰਾੜ, ਜਿਸ ਨੂੰ ਪਾਕਿਸਤਾਨ ਆਧਾਰਿਤ ਏਜੰਸੀ ਦੀ ਵੀ ਹਮਾਇਤ ਹਾਸਲ ਹੈ, ਦੀ ਕਈ ਹੱਤਿਆਵਾਂ 'ਚ ਸ਼ਮੂਲੀਅਤ ਰਹੀ ਹੈ ਅਤੇ ਉਹ ਗਰਮਖ਼ਿਆਲੀ ਵਿਚਾਰਧਾਰਾ ਨਾਲ ਜੁੜਿਆ ਹੋਇਆ ਹੈ। ਉਸ ਉਤੇ ਰਾਸ਼ਟਰਵਾਦੀ ਆਗੂਆਂ ਨੂੰ ਧਮਕੀ ਭਰੇ ਫੋਨ ਕਰਕੇ ਫਿਰੌਤੀਆਂ ਮੰਗਣ ਅਤੇ ਹੱਤਿਆਵਾਂ ਕਰਨ ਦੇ ਵੱਖ-ਵੱਖ ਸੋਸ਼ਲ ਮੀਡੀਆ ਪਲੈਟਫਾਰਮਾਂ ਉਤੇ ਦਾਅਵੇ ਕਰਨ ਦੇ ਦੋਸ਼ ਹਨ। ਗੋਲਡੀ ਬਰਾੜ ਦੇ ਪਾਬੰਦੀਸ਼ੁਦਾ ਦਹਿਸ਼ਤੀ ਜਥੇਬੰਦੀ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਜੁੜੇ ਹੋਣ ਅਤੇ ਭਾਰਤ 'ਚ ਹੱਤਿਆਵਾਂ ਕਰਨ ਦੇ ਇਰਾਦੇ ਨਾਲ ਸਰਹੱਦ ਪਾਰ ਤੋਂ ਡਰੋਨ ਰਾਹੀਂ ਹਥਿਆਰ, ਗੋਲਾ-ਬਾਰੂਦ ਅਤੇ ਧਮਾਕਾਖੇਜ ਸਮੱਗਰੀ ਦੀ ਤਸਕਰੀ 'ਚ ਸ਼ਾਮਲ ਹੋਣ ਦੇ ਵੀ ਦੋਸ਼ ਹਨ। ਪੰਜਾਬ ਦੇ ਸ੍ਰੀ ਮੁਕਤਸਰ ਸਾਹਿਬ ਨਾਲ ਸਬੰਧਤ ਗੋਲਡੀ ਬਰਾੜ ਮੌਜੂਦਾ ਸਮੇਂ ਬਰੈਂਪਟਨ (ਕੈਨੇਡਾ) 'ਚ ਰਹਿ ਰਿਹਾ ਹੈ। ਇਸ ਬਾਰੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਿਹਾ ਹੈ ਕਿ ਬਰਾੜ ਅਤੇ ਉਸ ਦੇ ਸਾਥੀ ਆਪਣੇ ਨਾਪਾਕ ਮਨਸੂਬਿਆਂ ਰਾਹੀਂ ਪੰਜਾਬ 'ਚ ਸ਼ਾਂਤੀ, ਫਿਰਕੂ ਸਦਭਾਵਨਾ ਅਤੇ ਅਮਨ ਭੰਗ ਕਰਨ ਦੀਆਂ ਸਾਜ਼ਿਸ਼ਾਂ ਘੜ ਰਹੇ ਹਨ।

ਇੰਟਰਪੋਲ ਨੇ ਉਸ ਖ਼ਿਲਾਫ਼ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਹੋਇਆ ਹੈ ਜਦਕਿ ਉਸ ਖ਼ਿਲਾਫ਼ ਇਕ ਗ਼ੈਰ ਜ਼ਮਾਨਤੀ ਵਾਰੰਟ ਵੀ ਜਾਰੀ ਹੈ। ਗ੍ਰਹਿ ਮੰਤਰਾਲੇ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਮੰਨਣਾ ਹੈ ਕਿ ਸਤਵਿੰਦਰ ਸਿੰਘ ਉਰਫ਼ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਅਤਿਵਾਦੀ ਗਤੀਵਿਧੀਆਂ 'ਚ ਸ਼ਾਮਲ ਹੈ ਅਤੇ ਉਸ ਨੂੰ ਗ਼ੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ, 1967 ਦੀ ਚੌਥੀ ਸੂਚੀ ਤਹਿਤ ਅਤਿਵਾਦੀ ਵਜੋਂ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ।

## ਨਵੇਂ ਵਰ੍ਹੇ 'ਤੇ ਪੰਜ ਲੱਖ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ

**ਅੰਮ੍ਰਿਤਸਰ: ਅੰਮ੍ਰਿਤਸਰ:** ਵੱਡੀ ਗਿਣਤੀ ਸੰਗਤ ਨੇ ਸ੍ਰੀ ਹਰਿਮੰਦਰ ਸਾਹਿਬ ਨਤਮਸਤਕ ਹੋ ਕੇ ਨਵੇਂ ਵਰ੍ਹੇ ਨੂੰ ਜੀ ਆਇਆਂ ਕਿਹਾ। ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ ਨੇ ਦੱਸਿਆ ਕਿ ਤਕਰੀਬਨ ਚਾਰ ਤੋਂ ਪੰਜ ਲੱਖ ਸੰਗਤ ਨੇ ਇੱਥੇ ਨਤਮਸਤਕ ਹੋ ਕੇ ਨਵੇਂ ਵਰ੍ਹੇ ਦੀ ਸ਼ੁਰੂਆਤ ਕੀਤੀ। ਬਾਦਲ ਪਰਿਵਾਰ ਨੇ ਪਿਛਲੇ ਸਾਲਾਂ ਵਾਂਗ ਇਸ ਸਾਲ ਵੀ 31 ਦਸੰਬਰ ਅਤੇ ਪਹਿਲੀ ਜਨਵਰੀ ਦੀ ਦਰਮਿਆਨੀ ਰਾਤ ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਨਵੇਂ ਸਾਲ ਨੂੰ ਜੀ ਆਇਆਂ ਕਿਹਾ ਅਤੇ ਚੜ੍ਹਦੀ ਕਲਾ ਦੀ ਅਰਦਾਸ ਕੀਤੀ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਸਿਆਸੀ ਆਗੂਆਂ ਅਤੇ ਵੱਡੀ ਗਿਣਤੀ ਸੰਗਤ ਨੇ ਇੱਥੇ ਮੱਥਾ ਟੇਕਿਆ। ਸੰਗਤਾਂ ਨੇ ਜੈਕਾਰੇ ਛੱਡ ਕੇ, ਮੂਲ ਮੰਤਰ ਦਾ ਪਾਠ ਕਰ ਕੇ ਅਤੇ ਗੁਰੂ ਘਰ ਵਿਚ ਨਤਮਸਤਕ ਹੁੰਦੇ ਹੋਏ ਨਵੇਂ ਵਰ੍ਹੇ ਨੂੰ ਜੀ ਆਇਆਂ ਕਿਹਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਉਨ੍ਹਾਂ ਦੀ ਪਤਨੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ, ਬਿਕਰਮ ਸਿੰਘ ਮਜੀਠੀਆ, ਉਨ੍ਹਾਂ ਦੀ ਪਤਨੀ ਵਿਧਾਇਕ ਗਨੀਵ ਕੌਰ ਅਤੇ ਬੱਚੇ ਸ਼ਾਮਲ ਸਨ।

## ਜਥੇਦਾਰ ਕਾਉਂਕੇ ਦੀ ਯਾਦ 'ਚ ਸ੍ਰੀ ਅਕਾਲ ਤਖਤ ਵਿਖੇ ਅਰਦਾਸ

**ਅੰਮ੍ਰਿਤਸਰ:** ਪੁਲਿਸ ਤਸ਼ੱਦਦ ਨਾਲ 1992-93 ਵਿਚ ਸ਼ਹੀਦ ਹੋਏ ਉਸ ਵੇਲੇ ਦੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨਮਿੱਤ ਅਖੰਡ ਪਾਠ ਦੇ ਭੋਗ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਅਕਾਲ ਤਖ਼ਤ ਵਿਖੇ ਪਾਏ ਗਏ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਭਾਈ ਕਾਉਂਕੇ ਨੂੰ ਕੌਮੀ ਸ਼ਹੀਦ ਐਲਾਨਣ। ਅਰਦਾਸ ਸਮਾਗਮ ਮੌਕੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਜਥੇਦਾਰ ਕਾਉਂਕੇ ਦੀ ਪਤਨੀ ਬੀਬੀ ਗੁਰਮੇਲ ਕੌਰ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਅਖੰਡ ਪਾਠ ਦੇ ਭੋਗ ਮਗਰੋਂ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ। ਇਸ ਮੌਕੇ ਮੀਡੀਆ ਨਾਲ ਗੱਲਬਾਤ ਦੌਰਾਨ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਲਗਭਗ 31 ਸਾਲ ਪਹਿਲਾਂ ਭਾਈ ਕਾਉਂਕੇ ਦੀ ਸ਼ਹਾਦਤ ਤਤਕਾਲੀ ਸਰਕਾਰ ਦੇ ਅਣਮਨੁੱਖੀ ਕਾਰੇ ਦੀ ਸਿਖ਼ਰ ਹੈ। ਇਸ ਦੌਰ ਵਿਚ ਹਜ਼ਾਰਾਂ ਬੇਦੋਸ਼ੇ ਸਿੱਖ ਨੌਜਵਾਨਾਂ ਨੂੰ ਮਿੱਥ ਕੇ ਕਤਲ ਕੀਤਾ ਗਿਆ ਜੋ ਕਿ ਲੋਕਤੰਤਰ ਦੇ ਨਾਂ ਉਤੇ ਕਾਲਾ ਧੱਬਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਜਥੇਦਾਰ ਕਾਉਂਕੇ ਦੇ ਕਤਲ ਮਾਮਲੇ 'ਚ ਦੋਸ਼ੀਆਂ ਖ਼ਿਲਾਫ਼ ਕਾਰਵਾਈ ਕਰਨ ਲਈ ਕਿਹਾ ਗਿਆ ਹੈ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਉਹ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਨੂੰ ਕੌਮੀ ਸ਼ਹੀਦ ਦਾ ਸਨਮਾਨ ਦੇਣ ਲਈ ਵਿਚਾਰ ਕਰਨ। ਉਹ ਪੰਥਪ੍ਰਸਤ ਅਤੇ ਸਿੱਖੀ ਨੂੰ ਸਮਰਪਿਤ ਗੁਰਸਿੱਖ ਸਨ, ਜਿਨ੍ਹਾਂ ਦੀ ਕੁਰਬਾਨੀ ਨੂੰ ਕੌਮ ਹਮੇਸ਼ਾ ਸਤਿਕਾਰ ਦਿੰਦੀ ਰਹੇਗੀ। ਉਨ੍ਹਾਂ ਕਿਹਾ ਕਿ ਜਥੇਦਾਰ ਕਾਉਂਕੇ ਵਾਂਗ ਉਸ ਵੇਲੇ 25,000 ਤੋਂ ਵੱਧ ਸਿੱਖ ਨੌਜਵਾਨਾਂ ਨੂੰ ਪੁਲਿਸ ਵੱਲੋਂ ਮਾਰ ਦਿੱਤਾ ਗਿਆ, ਜਿਸ ਬਾਰੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਜਸਵੰਤ ਸਿੰਘ ਖਾਲੜਾ ਨੇ ਖੁਲਾਸਾ ਕਰ ਕੇ ਸਰਕਾਰ ਦਾ ਅਸਲੀ ਚਿਹਰਾ ਲੋਕਾਂ ਸਾਹਮਣੇ ਨੰਗਾ ਕੀਤਾ ਸੀ। ਉਨ੍ਹਾਂ ਕਿਹਾ ਕਿ ਸਿੱਖ ਨੌਜਵਾਨਾਂ ਦੇ ਹਰੇਕ ਕਾਤਲ ਨੂੰ ਸਜ਼ਾ ਮਿਲਣੀ ਚਾਹੀਦੀ ਹੈ।

## ਪੰਜਾਬ 'ਚ ਸੜਕ ਹਾਦਸੇ ਰੋਕਣ ਲਈ ਵੱਡੀ ਪਹਿਲਕਦਮੀ

**ਚੰਡੀਗੜ੍ਹ:** ਪੰਜਾਬ ਦੀਆਂ ਸੜਕਾਂ ਨੂੰ ਸੁਰੱਖਿਅਤ ਬਣਾਉਣ ਦੇ ਉਦੇਸ਼ ਨਾਲ ਇਕ ਹੋਰ ਪਹਿਲਕਦਮੀ ਕਰਦਿਆਂ ਸੂਬੇ ਦੀ ਪੁਲਿਸ ਨੇ ਮੈਪਮਾਈਇੰਡੀਆ ਦੇ ਸਹਿਯੋਗ ਨਾਲ ਸੂਬੇ ਭਰ ਵਿਚ ਹਾਦਸਿਆਂ ਵਾਲੇ 784 ਬਲੈਕ ਸਪਾਟਾਂ ਨੂੰ ਨੇਵੀਗੇਸ਼ਨ ਸਿਸਟਮ ਮੈਪਲਸ ਐਪ ਰਾਹੀਂ ਮੈਪ ਕੀਤਾ ਹੈ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਮੈਪਲਸ ਐਪ ਦੀ ਵਰਤੋਂ ਕਰਨ ਵਾਲੇ ਨਾਗਰਿਕ ਹੁਣ ਪੰਜਾਬੀ ਵਿਚ ਵੁਆਇਸ ਅਲਰਟ ਪ੍ਰਾਪਤ ਕਰਨਗੇ ਜੋ ਕਿ ਯਾਤਰੀਆਂ ਨੂੰ ਅੱਗੇ ਆਉਣ ਵਾਲੇ ਬਲੈਕ ਸਪਾਟ ਬਾਰੇ ਸੁਚੇਤ ਕਰਨਗੇ।

ਇਸ ਨਾਲ ਸੜਕ ਸੁਰੱਖਿਆ ਦੇ ਹਿੱਸੇ ਵਜੋਂ ਹਾਦਸੇ ਵਾਲੀਆਂ ਥਾਵਾਂ ਦੀ ਮੈਪਿੰਗ ਕਰਨ ਵਾਲਾ ਪੰਜਾਬ ਪਹਿਲਾ ਸੂਬਾ ਬਣ ਗਿਆ ਹੈ। ਮੈਪਮਾਈਇੰਡੀਆ ਦੀ ਮੈਪਲਸ ਐਪ ਜਿਸ ਨੂੰ ਵਿਸ਼ੇਸ਼ ਤੌਰ ਉਤੇ ਭਾਰਤ ਲਈ 100 ਫ਼ੀਸਦ ਸਵਦੇਸ਼ੀ ਐਪ ਵਜੋਂ ਤਿਆਰ ਕੀਤਾ ਗਿਆ ਹੈ, ਵੁਆਇਸ ਸੰਦੇਸ਼ 'ਬਲੈਕਸਪੌਟ 100 ਮੀਟਰ ਦੀ ਦੂਰੀ 'ਤੇ ਹੈ' ਦੇ ਕੇ ਯਾਤਰੀਆਂ ਨੂੰ ਸੁਚੇਤ ਕਰੇਗੀ। ਇਸ ਨਾਲ ਪੰਜਾਬ ਹਾਦਸਿਆਂ ਵਾਲੀਆਂ ਥਾਵਾਂ ਬਾਰੇ ਜਾਣਕਾਰੀ ਦੇਣ ਵਾਲਾ ਇਕਮਾਤਰ ਸੂਬਾ ਬਣ ਗਿਆ ਹੈ। ਐਕਸੀਡੈਂਟ ਬਲੈਕ ਸਪਾਟ ਇਕ ਅਜਿਹੀ ਥਾਂ ਹੁੰਦੀ ਹੈ ਜਿੱਥੇ ਪਿਛਲੇ ਸਮੇਂ ਦੌਰਾਨ ਆਮ ਤੌਰ 'ਤੇ ਸੜਕੀ ਹਾਦਸੇ ਵਾਪਰਦੇ ਰਹੇ ਹਨ। ਏ.ਡੀ.ਜੀ.ਪੀ. (ਟਰੈਫਿਕ) ਅਮਰਦੀਪ ਸਿੰਘ ਰਾਏ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਡਰਾਈਵਿੰਗ ਸਹਾਇਤਾ ਪੰਜਾਬ ਦੀਆਂ ਸੜਕਾਂ ਉਤੇ ਸਮੁੱਚੇ ਸੁਰੱਖਿਅਤ ਡਰਾਈਵਿੰਗ ਤਜਰਬੇ ਲਈ ਤਿਆਰ ਕੀਤੀ ਗਈ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਪੰਜਾਬੀ ਵਿਚ ਵੁਆਇਸ ਅਲਰਟ ਨੂੰ ਸਰਗਰਮੀ ਨਾਲ ਲਾਗੂ ਕਰਨਾ ਵਧੇਰੇ ਚੌਕਸ ਡਰਾਈਵਿੰਗ ਕਮਿਊਨਿਟੀ ਬਣਾਉਣ ਲਈ ਮਹੱਤਵਪੂਰਨ ਕਦਮ ਹੈ। ਇਸ ਨਵੀਨਤਮ ਸੁਰੱਖਿਆ ਨੂੰ ਉਪਭੋਗਤਾਵਾਂ ਦੀਆਂ ਲੋੜਾਂ ਅਨੁਸਾਰ ਬਣਾਇਆ ਗਿਆ ਹੈ ਜੋ ਕਿ ਖੇਤਰੀ ਭਾਸ਼ਾਵਾਂ ਵਿਚ ਆਵਾਜ਼ ਅਲਰਟ ਦੀ ਪੇਸ਼ਕਸ਼ ਕਰਦੀ ਹੈ।

## ਯੂ.ਕੇ.: ਸਖਤ ਵਿਦਿਆਰਥੀ ਵੀਜ਼ਾ ਨੇਮ ਲਾਗੂ

*(ਪਹਿਲੇ ਸਫੇ ਦੀ ਬਾਕੀ)*

ਲਈ 1,52,980 ਵੀਜ਼ੇ ਜਾਰੀ ਕੀਤੇ ਗਏ ਹਨ; ਸਤੰਬਰ 2019 ਦੇ ਅਖੀਰ ਤੱਕ ਇਨ੍ਹਾਂ ਵੀਜ਼ਿਆਂ ਦੀ ਗਿਣਤੀ ਸਿਰਫ਼ 14,839 ਸੀ।

ਕਾਨੂੰਨੀ ਪਰਵਾਸ ਤੇ ਸਰਹੱਦ ਮਾਮਲਿਆਂ ਬਾਰੇ ਮੰਤਰੀ ਟੌਮ ਪੁਰਸਗਲੋਵ ਨੇ ਕਿਹਾ, "ਸਾਡੀਆਂ ਯੂਨੀਵਰਸਿਟੀਆਂ ਦੁਨੀਆ ਭਰ ਦੇ ਹੋਣਹਾਰ ਵਿਦਿਆਰਥੀਆਂ ਨੂੰ ਬਰਤਾਨੀਆ ਆਉਣ ਲਈ ਖਿਚਦੀਆਂ ਹਨ ਪਰ ਅਸੀਂ ਵਿਦਿਆਰਥੀਆਂ ਵੱਲੋਂ ਸੱਦੇ ਜਾ ਰਹੇ ਪਰਿਵਾਰਕ ਮੈਂਬਰਾਂ ਦੀ ਗਿਣਤੀ 'ਚ ਵੱਡਾ ਵਾਧਾ ਹੁੰਦਾ ਦੇਖਿਆ ਹੈ ਜਿਸ ਨਾਲ ਪਰਵਾਸੀਆਂ ਦੀ ਗਿਣਤੀ ਅਸਥਿਰ ਹੋ ਰਹੀ ਹੈ।"

## ਮੋਦੀ ਤੇ ਭਾਜਪਾ ਨੂੰ ਘੇਰਾ ਪੈਣ ਲੱਗਾ

*(ਪਹਿਲੇ ਸਫੇ ਦੀ ਬਾਕੀ)*

ਹੈ ਕਿ ਜੇਕਰ ਹੁਣ ਕਿਸਾਨ ਜਥੇਬੰਦੀਆਂ ਤੇ ਟਰੱਕ ਯੂਨੀਅਨਾਂ ਏਕਾ ਕਰ ਕੇ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹਦੀਆਂ ਹਨ ਤਾਂ ਨਵਾਂ ਹਿੱਟ ਐਂਡ ਰਨ ਕਾਨੂੰਨ ਕੇਂਦਰ ਲਈ ਮੁੜ ਸਿਰਦਰਦੀ ਬਣ ਸਕਦਾ ਹੈ। ਮੋਦੀ ਸਰਕਾਰ ਨੇ ਭਾਰਤੀ ਨਿਆਂ ਸੰਹਿਤਾ 163 ਸਾਲ ਪੁਰਾਣੇ ਇੰਡੀਅਨ ਪੀਨਲ ਕੋਡ ਦੇ ਬਦਲ ਵਜੋਂ ਲਿਆਂਦਾ ਗਿਆ ਹੈ। ਨਵੇਂ ਕਾਨੂੰਨ ਤਹਿਤ 'ਹਿੱਟ ਐਂਡ ਰਨ' ਦੇ ਮਾਮਲਿਆਂ ਵਿਚ ਸਖ਼ਤ ਸਜ਼ਾ ਰੱਖੀ ਹੈ। ਇਸ ਮੁਤਾਬਕ ਜੇਕਰ ਡਰਾਈਵਰ ਗਲਤ ਤਰੀਕੇ ਅਤੇ ਲਾਪਰਵਾਹੀ ਨਾਲ ਵਾਹਨ ਚਲਾ ਕੇ ਕਿਸੇ ਵਿਅਕਤੀ ਦੀ ਮੌਤ ਦਾ ਕਾਰਨ ਬਣਦਾ ਹੈ ਅਤੇ ਮੌਕੇ ਤੋਂ ਪੁਲਿਸ ਅਫਸਰ ਅਤੇ ਮੈਜਿਸਟਰੇਟ ਨੂੰ ਇਸ ਬਾਰੇ ਤੁਰਤ ਜਾਣਕਾਰੀ ਦਿੱਤੇ ਬਗੈਰ ਚਲਾ ਜਾਂਦਾ ਹੈ ਤਾਂ ਉਸ ਨੂੰ ਦਸ ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਟਰੱਕ ਯੂਨੀਅਨਾਂ ਦਾ ਤਰਕ ਹੈ ਕਿ ਇਹ ਕਾਨੂੰਨ ਇਸ ਮਾਮਲੇ ਨਾਲ ਜੁੜੇ ਲੋਕਾਂ ਨਾਲ ਵਿਚਾਰ ਵਟਾਂਦਰਾ ਕੀਤੇ ਬਿਨਾ ਲਿਆਂਦੇ ਗਏ ਹਨ। 27 ਦਸੰਬਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਲਿਖੀ ਆਪਣੀ ਚਿੱਠੀ ਵਿਚ 'ਆਲ ਇੰਡੀਆ ਮੋਟਰ ਟਰਾਂਸਪੋਰਟ ਕਾਂਗਰਸ' ਨੇ ਕਾਨੂੰਨ ਬਾਰੇ ਆਪਣੀ ਚਿੰਤਾਵਾਂ ਬਾਰੇ ਜ਼ਿਕਰ ਕੀਤਾ ਸੀ।

ਉਨ੍ਹਾਂ ਤਰਕ ਹੈ ਕਿ ਭਾਰਤ ਵਿਚ ਹਾਦਸਿਆਂ ਦੀ ਜਾਂਚ ਬਾਰੇ ਪ੍ਰਕਿਰਿਆ ਵਿਚ ਬਹੁਤ ਕਮੀਆਂ ਹਨ। ਇਹ ਕਾਨੂੰਨ ਹਿੱਟ ਐਂਡ ਰਨ ਦੇ ਕੇਸਾਂ ਵਿਚ ਜਾਂਚ ਦੀ ਪ੍ਰਕਿਰਿਆ ਬਾਰੇ ਨਹੀਂ ਦੱਸਦੇ। ਇਸ ਬਾਰੇ ਸਪਸ਼ਟਤਾ ਹੋਣੀ ਚਾਹੀਦੀ ਹੈ ਕਿ ਜੁਰਮ ਕਿਵੇਂ ਤੈਅ ਕੀਤਾ ਜਾਵੇਗਾ; ਖਾਸ ਕਰ ਕੇ ਉਨ੍ਹਾਂ ਸਥਿਤੀਆਂ ਵਿਚ ਜਦੋਂ ਕਿਸੇ ਵਾਹਨ ਨੂੰ ਪਿੱਛੋਂ ਟੱਕਰ ਮਾਰੀ ਗਈ ਹੋਵੇ ਜਾਂ ਗਲਤੀ ਕਿਸੇ ਛੋਟੇ ਵਾਹਨ ਵਾਲੇ ਦੀ ਹੋਵੇ। ਡਰਾਈਵਰ ਸਿਰਫ ਹਾਦਸੇ ਲਈ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਲਈ ਘਟਨਾ ਸਥਾਨ ਤੋਂ ਨਹੀਂ ਭੱਜਦੇ ਬਲਕਿ ਉਹ ਭੀੜ ਜਾਂ ਸਥਾਨਕ ਲੋਕਾਂ ਦੇ ਗੁੱਸੇ ਤੋਂ ਆਪਣੀ ਜਾਨ ਬਚਾਉਣ ਲਈ ਭੱਜਦੇ ਹਨ। ਸਰਕਾਰਾਂ ਦੀ ਆਪਣੀ ਨਾਲਾਇਕੀ ਵੱਲ ਧਿਆਨ ਦਵਾਉਂਦੇ ਹੋਏ ਯੂਨੀਅਨ ਦਾ ਕਹਿਣਾ ਹੈ ਕਿ ਸੜਕਾਂ ਉਤੇ ਸੁਰੱਖਿਆ ਦੀ ਕਮੀ ਹੋਣ ਕਾਰਨ ਉਨ੍ਹਾਂ ਨੂੰ ਅਜਿਹਾ ਕਰਨਾ ਪੈਂਦਾ ਹੈ। ਫਿਲਹਾਲ ਸਰਕਾਰ ਤਰਕ ਦੇ ਰਹੀ ਹੈ ਕਿ ਅਜੇ ਨਵਾਂ ਕਾਨੂੰਨ ਲਾਗੂ ਨਹੀਂ ਹੋਇਆ ਅਤੇ ਯੂਨੀਅਨਾਂ ਦੀਆਂ ਮੰਗਾਂ ਬਾਰੇ ਵਿਚਾਰ ਕੀਤਾ ਜਾਵੇਗਾ। ਉਧਰ, ਯੂਨੀਅਨਾਂ ਵੱਲੋਂ ਅੰਦਰੋ-ਅੰਦਰੀ ਤਿੱਖੇ ਸੰਘਰਸ਼ ਦੀ ਤਿਆਰੀ ਵੀ ਕੀਤੀ ਜਾ ਰਹੀ ਹੈ। ਜੇਕਰ ਕਿਸਾਨ ਜਥੇਬੰਦੀਆਂ ਨਾਲ ਮਿਲ ਕੇ ਸੰਘਰਸ਼ ਸ਼ੁਰੂ ਹੁੰਦਾ ਹੈ ਤਾਂ ਮੋਦੀ ਸਰਕਾਰ ਲਈ ਵੱਡੀ ਚੁਣੌਤੀ ਹੋਵੇਗਾ।

ਛੇਤੇ ਰਹੇ ਕਿ ਕੇਂਦਰ ਸਰਕਾਰ ਖ਼ਿਲਾਫ਼ ਜਿਥੇ ਕਿਸਾਨ ਅਤੇ ਹੋਰ ਜਥੇਬੰਦੀਆਂ ਸੰਘਰਸ਼ ਲਈ ਨਿੱਤਰ ਆਈਆਂ ਹਨ, ਉਥੇ ਭਾਜਪਾ ਨੂੰ ਸੱਤਾ ਤੋਂ ਬਾਹਰ ਕਰਨ ਲਈ ਵਿਰੋਧੀ ਧਿਰਾਂ ਵੱਲੋਂ 'ਇੰਡੀਅਨ ਨੈਸ਼ਨਲ ਡਿਵੈਲਪਮੈਂਟ ਇਨਕਲੂਸਿਵ ਅਲਾਇੰਸ' (ਇੰਡੀਆ) ਗੱਠਜੋੜ ਨੂੰ ਮਜ਼ਬੂਤ ਕਰਨ ਲਈ ਜ਼ੋਰਦਾਰ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ। ਇਹ ਧਿਰਾਂ ਏਕੇ ਨੂੰ ਕਾਇਮ ਰੱਖ ਕੇ ਭਾਜਪਾ ਨੂੰ ਸਖਤ ਟੱਕਰ ਦੇਣ ਦੇ ਰੌਅ ਵਿਚ ਹਨ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

ਸਾਧਸੰਗਤਿ ਅਸਥਾਨ ਜਗਮਗ ਨੂਰ ਹੈ

## ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ

# ਗੁਰੂ ਗੋਬਿੰਦ ਸਿੰਘ ਜੀ ਦਾ

# ਪ੍ਰਕਾਸ਼ ਦਿਹਾੜਾ

## 23 ਪੋਹ ਨਾਨਕਸ਼ਾਹੀ ਸੰਮਤ 555

## 5 ਜਨਵਰੀ 2024, ਸ਼ੁਕਰਵਾਰ

**ਪ੍ਰਕਾਸ਼ ਦਿਹਾੜੇ ਸਬੰਧੀ ਸ੍ਰੀ ਸਹਿਜ ਪਾਠ ਆਰੰਭ ਹਨ।**

**5 ਜਨਵਰੀ ਸ਼ਾਮ 6 ਤੋਂ 8 ਵਿਸ਼ੇਸ਼ ਦੀਵਾਨ ਸਜਾਇਆ ਜਾਵੇਗਾ।**

7 ਜਨਵਰੀ 2024 ਐਤਵਾਰ ਸਵੇਰੇ 9 ਤੋਂ ਦੁਪਿਹਰ 1 ਵਜੇ ਤੱਕ
ਹਫਤਾਵਾਰੀ ਦੀਵਾਨ ਵੀ ਦਸਵੇਂ ਪਾਤਸ਼ਾਹ ਜੀ ਦੇ
ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਵੇਗਾ।

**ਆਪ ਜੀ ਨੂੰ ਪ੍ਰਕਾਸ਼ ਦਿਹਾੜੇ ਦੀ ਲੱਖ-ਲੱਖ ਵਧਾਈ ਹੋਵੇ**

**ਪਰਿਵਾਰਾਂ ਸਮੇਤ ਹਾਜਰੀਆਂ ਭਰ ਕੇ ਗੁਰਬਾਣੀ ਇਤਿਹਾਸ ਸਰਵਣ ਕਰੋ ਜੀ**

**ਗੁਰੂ ਕਾ ਲੰਗਰ ਅਤੁੱਟ ਵਰਤੇਗਾ**

## Gurdwara Gur Nanak Darbar

**425 S High School RD, Indianapolis IN 46241**

Phone No. (317) 247-7454 www.facebook.com/GurdwaraPlainfield

# ਅੱਖਾਂ ਦੇ ਅਪਰੇਸ਼ਨਾਂ ਦੇ ਮਾਹਿਰ ਡਾ. ਸੰਦੀਪ ਸਿੰਘ ਦਿਓਲ ਦਾ ਸਨਮਾਨ

**ਬੰਗਾ:** ਯੂ ਕੇ ਵਾਸੀ ਐਡਵਾਂਸ ਗਲੂਕੋਮਾ ਅਤੇ ਅੱਖਾਂ ਦੇ ਅਪਰੇਸ਼ਨਾਂ ਦੇ ਮਾਹਿਰ ਡਾ. ਸੰਦੀਪ ਸਿੰਘ ਦਿਓਲ ਐਫ ਆਰ ਸੀ (ਔਪਥੈਲਮੋ), ਐਮ ਐਸ ਸੀ, ਪੀ ਐਚ ਡੀ, ਆਪਣੇ ਭਾਰਤ ਦੇ ਵਿਸ਼ੇਸ਼ ਦੌਰੇ ਦੌਰਾਨ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਪੁੱਜੇ ਅਤੇ ਅੱਖਾਂ ਦੇ ਵਿਭਾਗ ਵਿਚ ਅੱਖਾਂ ਦੇ ਮਰੀਜ਼ਾਂ ਦੀ ਜਾਂਚ ਕੀਤੀ ਅਤੇ ਹਸਪਤਾਲ ਦਾ ਦੌਰਾ ਕੀਤਾ। ਇਸ ਮੌਕੇ ਟਰੱਸਟ ਦੇ ਪ੍ਰਧਾਨ ਸ. ਹਰਦੇਵ ਸਿੰਘ ਕਾਹਮਾ ਨੇ ਡਾ. ਸੰਦੀਪ ਸਿੰਘ ਦਿਓਲ ਦਾ ਅੱਜ ਢਾਹਾਂ ਕਲੇਰਾਂ ਵਿਖੇ ਪੁੱਜਣ 'ਤੇ ਨਿੱਘਾ ਸਵਾਗਤ ਅਤੇ ਸਨਮਾਨ ਕੀਤਾ। ਸ. ਕਾਹਮਾ ਨੇ ਦੱਸਿਆ ਕਿ ਡਾ. ਦਿਓਲ ਆਪਣੀ ਡਾਕਟਰੀ ਦੀ ਪੜ੍ਹਾਈ ਆਕਸਫੋਰਡ, ਇੰਗਲੈਂਡ ਅਤੇ ਅਮਰੀਕਾ ਤੋਂ ਕਰਨ ਉਪਰੰਤ ਨੌਰਥੈਂਪਟਨਸ਼ਾਇਰ ਯੂ.ਕੇ. ਵਿਖੇ ਐਡਵਾਂਸ ਗਲੂਕੋਮਾ (ਕਾਲਾ ਮੋਤੀਆ) ਅਤੇ ਕੈਟਾਰੈਕਟ (ਚਿੱਟਾ ਮੋਤੀਆ) ਸਰਜਨ ਦੀਆਂ ਸ਼ਾਨਦਾਰ ਸੇਵਾਵਾਂ ਨਿਭਾ ਰਹੇ ਹਨ। ਜਥੇਦਾਰ ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ ਨੇ ਉਨ੍ਹਾਂ ਨੂੰ ਟਰੱਸਟ ਦੇ ਪ੍ਰਬੰਧ ਹੇਠਾਂ ਚੱਲ ਰਹੀਆਂ ਸੰਸਥਾਵਾਂ ਬਾਰੇ ਜਾਣੂ ਕਰਵਾਇਆ ਅਤੇ ਲੋਕ ਸੇਵਾ ਹਿੱਤ ਟਰੱਸਟ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਪ੍ਰਾਜੈਕਟਾਂ ਸਬੰਧੀ ਜਾਣਕਾਰੀ ਦਿੱਤੀ।




ਡਾ. ਸੰਦੀਪ ਸਿੰਘ ਦਿਓਲ ਨੇ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਗੁਰੂ ਨਾਨਕ ਮਿਸ਼ਨ ਹਸਪਤਾਲ ਰਾਹੀਂ ਗ਼ਰੀਬ ਅਤੇ ਲੋੜਵੰਦ ਲੋਕਾਂ ਨੂੰ ਵਧੀਆ ਮੈਡੀਕਲ ਸੇਵਾਵਾਂ ਦੇਣ ਤੋਂ ਇਲਾਵਾ ਲੋੜਵੰਦ ਅੱਖਾਂ ਦੇ ਮਰੀਜ਼ਾਂ ਲਈ ਚਲਾਈ ਜਾ ਰਹੀ ਚਿੱਟਾ ਮੋਤੀਆ ਮੁਕਤ ਲਹਿਰ ਤਹਿਤ ਦਿੱਤੀਆਂ ਜਾ ਰਹੀਆਂ ਸੇਵਾਵਾਂ ਦੀ ਭਾਰੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸੰਸਥਾਵਾਂ ਦੇ ਵਿਕਾਸ ਲਈ ਆਪਣੇ ਕੀਮਤੀ ਸੁਝਾਅ ਵੀ ਦਿੱਤੇ ਅਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ।

ਸ. ਹਰਦੇਵ ਸਿੰਘ ਕਾਹਮਾ ਪ੍ਰਧਾਨ ਨੇ ਸਮੂਹ ਟਰੱਸਟ ਮੈਂਬਰਾਂ ਵੱਲੋਂ ਡਾ. ਸੰਦੀਪ ਸਿੰਘ ਦਿਓਲ ਦਾ ਸਨਮਾਨ ਕੀਤਾ ਅਤੇ ਢਾਹਾਂ ਕਲੇਰਾਂ ਵਿਖੇ ਆਉਣ ਲਈ ਹਾਰਦਿਕ ਧੰਨਵਾਦ ਵੀ ਕੀਤਾ। ਇਸ ਮੌਕੇ ਜਥੇਦਾਰ ਕੁਲਵਿੰਦਰ ਸਿੰਘ ਢਾਹਾਂ ਜਨਰਲ ਸਕੱਤਰ, ਹਰਬੰਤ ਸਿੰਘ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਬੰਗਾ ਅਤੇ ਡਾ. ਵਿਵੇਕ ਗੁੰਬਰ ਮੈਡੀਕਲ ਸਪੈਸ਼ਲਿਸਟ ਵੀ ਹਾਜ਼ਰ ਸਨ।

## ਸਰਦਾਰਨੀ ਹਰਬੰਸ ਕੌਰ ਦੇ ਦੇਹਾਂਤ ਨਾਲ ਜੌਹਲ ਪਰਿਵਾਰ ਨੂੰ ਸਦਮਾ

**ਸ਼ਿਕਾਗੋ:** ਸਰਦਾਰ ਮੱਖਣ ਸਿੰਘ ਜੌਹਲ ਦੀ ਪਤਨੀ ਸਰਦਾਰਨੀ ਹਰਬੰਸ ਕੌਰ, ਜੋ ਕਿ ਮੂਲ ਰੂਪ ਵਿਚ ਜਲੰਧਰ ਨੇੜਲੇ ਪਿੰਡ ਲਸਾੜਾ ਦੇ ਵਸਨੀਕ ਸਨ, ਦਾ ਲੰਘੀ 21 ਦਸੰਬਰ ਨੂੰ ਦੇਹਾਂਤ ਹੋ ਗਿਆ। ਉਹ 69 ਸਾਲਾਂ ਦੇ ਸਨ। ਉਹ ਆਪਣੇ ਪਿੱਛੇ ਪੁੱਤਰ ਗੁਰਦੀਪ ਸਿੰਘ ਜੌਹਲ, ਬੇਟੀ ਰਾਜਵੰਤ ਕੌਰ, 5 ਪੋਤੇ, ਭਰਾ ਸਰਦਾਰ ਦਲਵੀਰ ਸਿੰਘ ਅਟਵਾਲ, ਸਰਦਾਰ ਸੰਤੋਖ ਸਿੰਘ ਅਟਵਾਲ, ਸ. ਭੁਪਿੰਦਰ ਸਿੰਘ ਅਟਵਾਲ, ਅਤੇ ਭੈਣ ਜਸਵੰਤ ਕੌਰ ਸਹੋਤਾ ਛੱਡ ਗਏ ਹਨ।



ਸਰਦਾਰਨੀ ਹਰਬੰਸ ਕੌਰ ਦਾ ਅੰਤਿਮ ਸੰਸਕਾਰ 6 ਜਨਵਰੀ ਸ਼ਨਿਚਰਵਾਰ ਨੂੰ ਸਵੇਰੇ 11:00 ਤੋਂ ਦੁਪਹਿਰ 1:00 ਵਜੇ ਦਰਮਿਆਨ ਡੇਵਨਪੋਰਟ ਫਿਊਨਰਲ ਹੋਮ 941 ਐਸ. ਓਲਡ ਰੈਂਡ ਰੋਡ ਲੇਕ ਜ਼ਿਊਰਿਖ ਵਿਖੇ ਹੋਵੇਗਾ। ਉਪਰੰਤ ਪਾਠ ਦਾ ਭੋਗ, ਅਤੇ ਅੰਤਿਮ ਅਰਦਾਸ 2:00 ਵਜੇ ਤੋਂ ਸ਼ਾਮ 4:00 ਵਜੇ ਦਰਮਿਆਨ ਗੁਰਦੁਆਰਾ ਸਾਹਿਬ, ਪੈਲਾਟਾਈਨ ਵਿਖੇ ਹੋਵੇਗੀ। ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਭੁਪਿੰਦਰ ਸਿੰਘ ਅਟਵਾਲ ਨਾਲ 630- 709-8125, ਮੱਖਣ ਸਿੰਘ ਜੌਹਲ ਨਾਲ 773-969-0149 ਅਤੇ ਗੁਰਦੀਪ ਸਿੰਘ ਜੌਹਲ ਨਾਲ 773-653-8209 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕੈਨੇਡਾ 'ਚ ਪੰਜਾਬੀ ਨੌਜਵਾਨ ਦੀ ਮੌਤ

**ਮੋਗਾ:** ਮੋਗਾ ਦੇ ਨੌਜਵਾਨ ਦੀ ਬਰੈਂਪਟਨ (ਕੈਨੇਡਾ) ਵਿਚ ਦਿਲ ਦਾ ਦੌਰਾ ਦਾ ਪੈਣ ਕਾਰਨ ਮੌਤ ਹੋ ਗਈ ਹੈ। ਪਰਿਵਾਰ ਨੇ ਬੇਟੇ ਦੀ ਲਾਸ਼ ਵਤਨ ਲਿਆਉਣ ਲਈ ਮਦਦ ਦੀ ਮੰਗ ਕੀਤੀ ਹੈ। ਵੇਰਵਿਆਂ ਅਨੁਸਾਰ ਕੁਲਦੀਪ ਸਿੰਘ ਵਾਸੀ ਬਹੋਨਾ ਚੌਕ, ਮੋਗਾ 2018 ਵਿਚ ਕੈਨੇਡਾ ਗਿਆ ਸੀ। ਉਹ ਆਪਣੀ ਪਤਨੀ ਨਾਲ ਬਰੈਂਪਟਨ ਵਿਚ ਰਹਿ ਰਿਹਾ ਸੀ। ਉਸ ਦੀ 3 ਸਾਲ ਦੀ ਬੇਟੀ ਇਥੇ ਮੋਗਾ ਵਿਚ ਹੈ। ਪਰਿਵਾਰ ਮੁਤਾਬਕ ਕੁਲਦੀਪ ਸਿੰਘ ਨੂੰ ਖਾਂਸੀ ਅਤੇ ਜ਼ੁਕਾਮ ਹੋ ਗਿਆ, ਜਿਸ ਤੋਂ ਬਾਅਦ 28 ਦਸੰਬਰ ਨੂੰ ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ। ਉਸੇ ਦਿਨ ਹਸਪਤਾਲ 'ਚ ਇਲਾਜ ਦੌਰਾਨ ਉਸ ਦਾ ਖ਼ੂਨ ਦਾ ਦਬਾਅ (ਬਲੱਡ ਪਰੈਸ਼ਰ) ਘਟ ਗਿਆ ਅਤੇ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ। ਇਥੇ ਪੀੜਤ ਪਰਿਵਾਰ ਨੇ ਪਰਵਾਸੀ ਪੰਜਾਬੀਆਂ ਕੋਲੋਂ ਬੇਟੇ ਦੀ ਮ੍ਰਿਤਕ ਦੇਹ ਭਾਰਤ ਭਿਜਵਾਉਣ ਲਈ ਮਦਦ ਦੀ ਮੰਗ ਕੀਤੀ ਹੈ।


Dhillon Travel Plaza
Dhillon Road Service
Interstate 40, exit 356, San Jon, NM
ਗਿੱਲ ਮੰਜ ਗੁਰਦਾਸਪੁਰ ਵਾਲੇ
ਪੰਜਾਬੀ ਢਾਬਾ

ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph: 571-606-0829, 317-242-9936



MEHAR INSURANCE
Health Insurance
Qualified Health Plans Under Affordable Care Act
Don't Miss out !
Open Enrollment From 11-01-2023 to 1-15-2024
We also have short term Medical, Dental & Vision plans.
We are licensed in Indiana, Ohio, Texas & Michigan.
Contact:
Ph: 317-900-5151
Fax: 317-900-5152
E-Mail: health@meharinsurance.com
Office Address:
12574 Promise Creek Ln.
Suite# 114
Fishers, IN 46038
www.meharinsurance.com

Baljinder Singh Saini



SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
For Emergency
Call anytime at
847-436-9010

EARLY BIRD SALE!!!!
Etihad, Air India,
KLM, Lufthansa,
Delta, Qatar Airlines.
Domestic fares available




# ਨਵਾਂ ਵਰ੍ਹਾ ਆਵੇ ਲੈ ਕੇ ਖੁਸ਼ੀਆਂ ਤੇ ਖੇੜਿਆਂ ਨੂੰ
# ਹਰ ਮੁਸਕਾਨ ਮਿਲੇ ਰੋਂਦੇ ਹੋਏ ਚਿਹਰਿਆਂ ਨੂੰ।







ਨਵਾਂ ਵਰ੍ਹਾ ਉਦੋਂ ਚੜ੍ਹੇਗਾ ਜਦੋਂ ਪੰਜਾਬ ਵਿਚ ਇਮਾਨਦਾਰੀ ਦੀ ਸਿਆਸਤ ਹੋਵੇਗੀ। ਜਦੋਂ ਲੋਕ ਨਸ਼ਿਆਂ ਦੇ ਲਾਲਚ ਤੋਂ ਮੁਕਤ ਹੋ ਕੇ ਸਹੀ ਨੇਤਾ ਚੁਣਨਗੇ। ਜਦੋਂ ਪੁਲਿਸ ਲੀਡਰਾਂ ਦੀ ਨਹੀਂ, ਆਮ ਲੋਕਾਂ ਦੀ ਸੇਵਾ ਕਰੇਗੀ। ਦਫ਼ਤਰਾਂ ਵਿਚ ਰਿਸ਼ਵਤ ਦਿੱਤੇ ਬਿਨਾਂ ਕੰਮ ਹੋਵੇਗਾ। ਸਕੂਲਾਂ ਵਿਚ ਮਾਸਟਰ ਹੋਣਗੇ ਅਤੇ ਹਸਪਤਾਲਾਂ ਵਿਚ ਦਵਾਈ ਤੇ ਡਾਕਟਰ। ਨਵਾਂ ਸਾਲ ਉਦੋਂ ਹੀ ਚੜ੍ਹੇਗਾ!

## ਵਲੋਂ: ਲਵ ਮਿਨਹਾਸ ਅਤੇ ਪਰਿਵਾਰ

# ਗਾਖਲ ਪਰਿਵਾਰ ਨੇ ਨਵੇਂ ਸਾਲ ਦੀ ਆਮਦ 'ਤੇ ਗੁਰਦੁਆਰਾ ਸੈਨ ਹੋਜ਼ੇ 'ਚ ਅਖੰਡ ਪਾਠ ਦੀ ਸੇਵਾ ਕੀਤੀ

## ਨਵੀਂ ਪੀੜ੍ਹੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣਾ ਸਮੇਂ ਦੀ ਲੋੜ: ਗਾਖਲ




**ਸਾਨ ਫਰਾਂਸਿਸਕੋ:** ਗਾਖਲ ਪਰਿਵਾਰ (ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਤੇ ਇਕਬਾਲ ਸਿੰਘ ਗਾਖਲ) ਯੂ.ਐੱਸ.ਏ. ਵਲੋਂ ਆਪਣੇ ਮਾਤਾ-ਪਿਤਾ ਸਵ. ਗੁਰਦੇਵ ਕੌਰ ਗਾਖਲ ਤੇ ਸਵ. ਨਸੀਬ ਸਿੰਘ ਗਾਖਲ ਦੀ ਯਾਦ ਵਿਚ ਹਰ ਸਾਲ ਦੀ ਤਰ੍ਹਾਂ ਨਵੇਂ ਸਾਲ ਦੀ ਆਮਦ 'ਤੇ ਗੁਰਦੁਆਰਾ ਸਾਹਿਬ ਸੈਨ ਹੋਜ਼ੇ 'ਚ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਲਈ ਗਈ।

ਇਸ ਮੌਕੇ ਸੁਖਦੇਵ ਸਿੰਘ ਬੈਨੀਵਾਲ ਤੇ ਸਮੁੱਚੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਇਲਾਵਾ ਸੁਰਜੀਤ ਸਿੰਘ ਟੁੱਟ, ਜੁਗਰਾਜ ਸਿੰਘ ਸਹੋਤਾ, ਮੱਖਣ ਸਿੰਘ ਬੈਂਸ, ਹੋਰ ਰਿਸ਼ਤੇਦਾਰ ਤੇ ਨਜ਼ਦੀਕੀ ਸ਼ਾਮਿਲ ਹੋਏ। ਇਸ ਦੌਰਾਨ ਰਾਜਾ ਸਵੀਟਸ ਦੇ ਸਹਿਯੋਗ ਨਾਲ ਛੋਲੇ ਪੂਰੀਆਂ ਦਾ ਲੰਗਰ ਲਗਾਇਆ ਗਿਆ। ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਵੱਡੀ ਗਿਣਤੀ ਵਿਚ ਪਹੁੰਚੀ ਸੰਗਤ ਦਾ ਉਹ ਧੰਨਵਾਦ ਕਰਦੇ ਹਨ ਅਤੇ ਅਰਦਾਸ ਕਰਦੇ ਹਨ ਕਿ ਅਗਲੇ ਸਾਲ ਫਿਰ ਇਕੱਠੇ ਹੋਈਏ। ਉਨ੍ਹਾਂ ਸੁਨੇਹਾ ਦਿੰਦਿਆਂ ਕਿਹਾ ਕਿ ਆਪਣੀ ਨਵੀਂ ਪੀੜ੍ਹੀ ਨੂੰ ਵੱਧ ਤੋਂ ਵੱਧ ਗੁਰੂਘਰਾਂ ਵਿਚ ਲੈ ਕੇ ਆਓ ਤਾਂ ਜੋ ਉਹ ਗੁਰਬਾਣੀ ਨਾਲ ਜੁੜ ਕੇ ਆਪਣਾ ਜੀਵਨ ਸਫ਼ਲਾ ਕਰ ਸਕਣ।






ਪ੍ਰਬੰਧਕ ਕਮੇਟੀ ਵਲੋਂ ਗਾਖਲ ਪਰਿਵਾਰ ਨੂੰ ਸਨਮਾਨਿਤ ਕੀਤੇ ਜਾਣ ਦਾ ਦ੍ਰਿਸ਼।












AVEER TRAVEL SOLUTIONS LLC

ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:

- US Passport Services
- EAD Renewal
- Indian Passport Renewal
- Flight Tickets
- US Citizenship Application
- Visa Services
- Green Card Renewal
- Notary Services
- OCI & Renunciation
- Power of Attorney
- Airport Pick-up & Drop-Off Services


Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com
ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।
For Airport Drop-Off and Pickup Indy to Chicago Please Contact AVI at:
847-226-2323
Located in INDIANAPOLIS (IN)

# ਐਸ.ਵਾਈ.ਐਲ.: ਪੰਜਾਬ ਦਾ ਹਰਿਆਣਾ ਅਤੇ ਕੇਂਦਰ ਨੂੰ ਦੋ ਟੁੱਕ ਜਵਾਬ

**ਚੰਡੀਗੜ੍ਹ:** ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸ਼ੇਖਾਵਤ ਦੀ ਅਗਵਾਈ 'ਚ ਸਤਲੁਜ ਯਮੁਨਾ ਲਿੰਕ ਨਹਿਰ ਦੇ ਨਿਰਮਾਣ ਦੇ ਮੁੱਦੇ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਹਮਰੁਤਬਾ ਮਨੋਹਰ ਲਾਲ ਖੱਟਰ ਦਰਮਿਆਨ ਇੱਥੇ ਹੋਈ ਤੀਜੀ ਬੈਠਕ ਵੀ ਬੇਸਿੱਟਾ ਰਹੀ। ਕੇਂਦਰ ਸਰਕਾਰ ਵੱਲੋਂ ਸੁਪਰੀਮ ਕੋਰਟ ਦੇ ਨਿਰਦੇਸ਼ਾਂ 'ਤੇ ਵਿਉਂਤੀ ਦੁਵੱਲੀ ਗੱਲਬਾਤ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਆਪਣੇ ਪੁਰਾਣੇ ਸਟੈਂਡ 'ਤੇ ਪਹਿਰਾ ਦਿੰਦਿਆਂ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਇਕ ਬੂੰਦ ਪਾਣੀ ਵੀ ਵਾਧੂ ਨਹੀਂ ਹੈ।

ਸੁਪਰੀਮ ਕੋਰਟ ਵਿਚ ਐਸ.ਵਾਈ.ਐਲ. ਮੁੱਦੇ 'ਤੇ ਅਗਲੀ ਸੁਣਵਾਈ 9 ਜਨਵਰੀ ਨੂੰ ਹੈ ਜਿਸ ਵਿਚ ਕੇਂਦਰ ਸਰਕਾਰ ਵੱਲੋਂ ਦੋਵਾਂ ਸੂਬਿਆਂ ਵਿਚ ਹੋਈ ਗੱਲਬਾਤ ਦੀ ਪ੍ਰਗਤੀ ਬਾਰੇ ਹਲਫੀਆ ਬਿਆਨ ਦਾਇਰ ਕੀਤਾ ਜਾਣਾ ਹੈ। ਉਂਜ ਬੈਠਕ ਦੌਰਾਨ ਕੇਂਦਰੀ ਮੰਤਰੀ ਸ਼ੇਖਾਵਤ ਨੇ ਐਸ.ਵਾਈ.ਐਲ. ਨਹਿਰ ਦੇ ਪੰਜਾਬ ਵਿਚਲੇ ਹਿੱਸੇ ਦਾ ਸਰਵੇਖਣ ਕਰਵਾਏ ਜਾਣ ਦੀ ਗੱਲ ਨੂੰ ਛੇੜਨ ਤੋਂ ਗੁਰੇਜ਼ ਕੀਤਾ। ਬੈਠਕ ਸਦਭਾਵਨਾ ਵਾਲੇ ਮਾਹੌਲ ਵਿਚ ਹੋਈ ਤੇ ਇਸ ਮੌਕੇ ਦੋਵਾਂ ਸੂਬਿਆਂ ਦੇ ਅਧਿਕਾਰੀ ਵੀ ਮੌਜੂਦ ਰਹੇ। ਮੁੱਖ ਮੰਤਰੀ ਭਗਵੰਤ ਮਾਨ ਨੇ ਨਹਿਰ ਦੀ ਉਸਾਰੀ ਲਈ ਪਾਣੀ ਅਤੇ ਜ਼ਮੀਨ ਦੀ ਉਪਲੱਬਧਤਾ ਨਾ ਹੋਣ ਦਾ ਹਵਾਲਾ ਦਿੰਦਿਆਂ ਆਪਣੇ ਦਰਿਆਈ ਪਾਣੀਆਂ ਦੀ ਵੰਡ ਤੋਂ ਸਖ਼ਤੀ ਨਾਲ ਇਨਕਾਰ ਕੀਤਾ।

ਉਧਰ, ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਪਹਿਲੀ ਵਾਰ ਰਾਜਸਥਾਨ ਲਈ





ਵਾਧੂ ਪਾਣੀ ਦੀ ਮੰਗ ਕਰਨ ਦੇ ਨਾਲ-ਨਾਲ ਪੰਜਾਬ ਵਿਚ ਨਹਿਰ ਦੀ ਜਲਦੀ ਉਸਾਰੀ ਅਤੇ ਦਰਿਆਈ ਪਾਣੀਆਂ ਵਿਚ ਇਸ ਦੇ ਹਿੱਸੇ ਦੀ ਮੰਗ ਕੀਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਬੈਠਕ ਮਗਰੋਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਪੁਰਾਣੇ ਸਟੈਂਡ 'ਤੇ ਕਾਇਮ ਹੈ ਅਤੇ ਹਰਿਆਣਾ ਨੂੰ ਦੇਣ ਵਾਸਤੇ ਸਾਡੇ ਕੋਲ ਪਾਣੀ ਨਹੀਂ ਹੈ। ਉਨ੍ਹਾਂ ਪੰਜਾਬ ਵਿਚਲੇ ਜ਼ਮੀਨੀ ਪਾਣੀ ਦੀ ਹਕੀਕਤ ਤੋਂ ਜਾਣੂ ਕਰਾਉਂਦਿਆਂ ਯਮੁਨਾ ਦੇ ਪਾਣੀਆਂ 'ਚੋਂ ਹਿੱਸੇਦਾਰੀ ਦੀ ਮੰਗ ਵੀ ਰੱਖੀ। ਉਨ੍ਹਾਂ ਬੈਠਕ ਵਿਚ ਨਵਾਂ ਮਸ਼ਵਰਾ ਦਿੰਦਿਆਂ ਭਾਰਤ ਸਰਕਾਰ ਤੋਂ ਸਿੰਧ ਨਦੀ ਜਲ ਸੰਧੀ, 1960 ਦੀ ਸਮੀਖਿਆ ਦੀ ਮੰਗ ਕੀਤੀ ਤਾਂ ਜੋ ਚਨਾਬ ਤੋਂ 6 ਮਿਲੀਅਨ ਏਕੜ ਫੁੱਟ ਪਾਣੀ ਪੰਜਾਬ ਅਤੇ ਹਰਿਆਣਾ ਨੂੰ ਦਿੱਤਾ ਜਾ ਸਕੇ। ਉਨ੍ਹਾਂ ਜਲ ਸੰਧੀ ਦੀ ਸਮੀਖਿਆ ਦਾ ਹਵਾਲਾ ਇਰਾਡੀ ਟ੍ਰਿਬਿਊਨਲ ਵਿਚ ਹੋਣ ਦੀ ਗੱਲ ਵੀ ਆਖੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਪਾਣੀ ਦੀ ਕੁੱਲ ਮੰਗ 52 ਐਮ.ਏ.ਐਫ. ਹੈ ਜਿਸ 'ਚੋਂ 73 ਫ਼ੀਸਦੀ ਪੂਰਤੀ ਇਕੱਲੇ ਜ਼ਮੀਨੀ ਪਾਣੀ 'ਚੋਂ ਕੀਤੀ ਜਾ ਰਹੀ ਹੈ। ਪੰਜਾਬ ਦੇ 76.5 ਫੀਸਦੀ ਬਲਾਕਾਂ ਦਾ ਜ਼ਮੀਨੀ ਪਾਣੀ ਬਹੁਤ ਹੇਠਾਂ ਜਾ ਚੁੱਕਾ ਹੈ ਜਦੋਂ ਕਿ ਹਰਿਆਣਾ ਵਿੱਚ ਸਿਰਫ਼ 61.5 ਫੀਸਦੀ ਬਲਾਕਾਂ ਵਿਚ ਪਾਣੀ ਦਾ ਪੱਧਰ ਹੇਠਾਂ ਗਿਆ ਹੈ। ਮੁੱਖ ਮੰਤਰੀ ਨੇ ਦੁਹਰਾਇਆ ਕਿ ਸਤਲੁਜ ਯਮੁਨਾ ਲਿੰਕ (ਐਸ.ਵਾਈ.ਐਲ) ਨਹਿਰ ਦੀ ਬਜਾਏ ਹੁਣ ਇਸ ਪ੍ਰੋਜੈਕਟ ਨੂੰ ਯਮੁਨਾ ਸਤਲੁਜ ਲਿੰਕ (ਵਾਈ.ਐਸ.ਐਲ.) ਵਜੋਂ ਵਿਚਾਰਿਆ ਜਾਣਾ ਚਾਹੀਦਾ ਹੈ। ਇਸ ਦੇ ਉਲਟ ਗੰਗਾ ਅਤੇ ਯਮੁਨਾ ਦਾ ਪਾਣੀ ਸਤਲੁਜ ਦਰਿਆ ਰਾਹੀਂ ਪੰਜਾਬ ਨੂੰ ਦਿੱਤਾ ਜਾਣਾ ਚਾਹੀਦਾ ਹੈ।

ਕੇਂਦਰੀ ਮੰਤਰੀ ਸ਼ੇਖਾਵਤ ਨੇ ਪੰਜਾਬ ਦੇ ਮੁੱਖ ਮੰਤਰੀ ਨੂੰ ਬਦਲਵੇਂ ਹੱਲ ਸੁਝਾਉਣ ਲਈ ਕਿਹਾ ਤਾਂ ਭਗਵੰਤ ਮਾਨ ਨੇ ਕਿਹਾ ਕਿ ਦਰਿਆਈ ਪਾਣੀਆਂ ਵਿਚ ਆਈ ਭਾਰੀ ਕਮੀ ਨੂੰ ਦੇਖਦੇ ਹੋਏ ਰਾਵੀ ਬਿਆਸ ਦੇ ਪਾਣੀਆਂ ਦੀ ਉਪਲਬਧਤਾ ਦਾ ਮੁੜ ਮੁਲਾਂਕਣ ਕਰਨ ਲਈ ਨਵੇਂ ਟ੍ਰਿਬਿਊਨਲ ਦਾ ਗਠਨ ਕੀਤਾ ਜਾਵੇ ਅਤੇ ਐਸ.ਵਾਈ.ਐਲ. ਦੇ ਸਰਵੇ ਦੀ ਕੋਈ ਲੋੜ ਨਹੀਂ ਹੈ। ਉਨ੍ਹਾਂ ਕਿਹਾ ਕਿ ਰਾਵੀ ਬਿਆਸ ਦਰਿਆਵਾਂ ਦੇ ਸਰਪਲੱਸ ਪਾਣੀਆਂ ਦੀ ਉਪਲਬਧਤਾ 17.17 ਐਮ.ਏ.ਐਫ. ਤੋਂ ਘਟ ਕੇ 12.93 ਐਮ.ਏ.ਐਫ. ਰਹਿ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰੀ ਮੰਤਰੀ ਸ਼ੇਖਾਵਤ ਨੇ ਵੀ ਮੰਨਿਆ ਹੈ ਕਿ ਪੰਜਾਬ ਦੇ ਬਹੁਗਿਣਤੀ ਬਲਾਕ ਡਾਰਕ ਜ਼ੋਨ ਵਿਚ ਚਲੇ ਗਏ ਹਨ। ਪੰਜਾਬ ਨੇ ਚੇਤੇ ਕਰਾਇਆ ਕਿ ਸੁਪਰੀਮ ਕੋਰਟ ਨੇ 30 ਨਵੰਬਰ 2016 ਨੂੰ ਐਸ.ਵਾਈ.ਐਲ. ਦੇ ਪੰਜਾਬ ਵਿਚਲੇ ਹਿੱਸੇ ਨੂੰ ਸਟੇਟਸ-ਕੋ ਕੀਤਾ ਸੀ ਜਿਸ ਦੀ ਪਾਲਣਾ ਪੰਜਾਬ ਕਰ ਰਿਹਾ ਹੈ। ਬੈਠਕ ਵਿਚ ਹਰਿਆਣਾ ਨੇ ਭਾਖੜਾ ਮੇਨ ਲਾਈਨ ਦੇ 68 ਸਾਲ ਪੁਰਾਣੀ ਹੋਣ ਦਾ ਹਵਾਲਾ ਦਿੰਦਿਆਂ ਬਦਲਵੇਂ ਪ੍ਰਬੰਧ ਵਜੋਂ ਐਸ.ਵਾਈ.ਐਲ. ਦੀ ਉਸਾਰੀ ਦਾ ਤਰਕ ਦਿੱਤਾ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕਿਹਾ ਕਿ ਭਾਖੜਾ ਮੇਨ ਲਾਈਨ ਟੁੱਟ ਸਕਦੀ ਹੈ। ਮੋੜਵੇਂ ਜਵਾਬ ਵਿਚ ਪੰਜਾਬ ਸਰਕਾਰ ਨੇ ਕਿਹਾ ਕਿ ਅੱਜ ਤੱਕ ਭਾਖੜਾ ਮੇਨ ਲਾਈਨ ਕਦੇ ਟੁੱਟੀ ਨਹੀਂ ਹੈ ਅਤੇ ਅਗਰ ਅਜਿਹੀ ਕੋਈ ਨੌਬਤ ਆਵੇਗੀ ਤਾਂ ਰਾਜਸਥਾਨ ਵਾਂਗ ਹਰਿਆਣਾ ਨਹਿਰ ਦੀ ਮੁਰੰਮਤ ਕਰਾ ਸਕਦਾ ਹੈ। ਮਨੋਹਰ ਲਾਲ ਖੱਟਰ ਨੇ ਸਿੰਜਾਈ ਵਾਸਤੇ ਹਰਿਆਣਾ ਪੈਟਰਨ ਨੂੰ ਪੰਜਾਬ ਵਿਚ ਲਾਗੂ ਕਰਨ ਦੀ ਨਸੀਹਤ ਵੀ ਦਿੱਤੀ। ਖੱਟਰ ਨੇ ਮੀਟਿੰਗ ਵਿਚ ਕਿਹਾ ਕਿ ਪੰਜਾਬ ਖੇਤੀ ਵਿਭਿੰਨਤਾ ਦੇ ਰਾਹ ਪਵੇ ਅਤੇ ਹਰਿਆਣਾ ਵਾਂਗ ਮਾਈਕਰੋ ਸਿੰਜਾਈ ਵੱਲ ਧਿਆਨ ਦੇਵੇ। ਇਸ 'ਤੇ ਭਗਵੰਤ ਮਾਨ ਨੇ ਨਹਿਰੀ ਪਾਣੀ ਦੀ ਵਰਤੋਂ ਵਧਾਉਣ ਲਈ ਕੀਤੇ ਉਪਰਾਲਿਆਂ ਦਾ ਜ਼ਿਕਰ ਕੀਤਾ ਅਤੇ ਦੱਸਿਆ ਕਿ ਹਰ ਖੇਤ ਪਾਣੀ ਪੁੱਜਦਾ ਕਰਨ ਵਾਸਤੇ ਜਲ ਸਰੋਤ ਵਿਭਾਗ ਲਗਾਤਾਰ ਯਤਨ ਕਰ ਰਿਹਾ ਹੈ।

## ਕਿਸਾਨ ਜਥੇਬੰਦੀਆਂ ਵੱਲੋਂ ਕੇਂਦਰ ਦੀ ਨਿਖੇਧੀ

**ਮਾਲੇਰਕੋਟਲਾ:** ਕਿਸਾਨਾਂ ਦੇ ਹੱਕਾਂ ਲਈ ਲੜ ਰਹੀਆਂ ਜਥੇਬੰਦੀਆਂ ਨੇ ਚੋਣਾਂ ਦੌਰਾਨ ਸਤਲੁਜ-ਯਮੁਨਾ ਲਿੰਕ (ਐਸ.ਵਾਈ.ਐਲ.) ਨਹਿਰ ਉਸਾਰੀ ਦੇ ਮੁੱਦੇ ਨੂੰ ਸਿਆਸੀ ਲਾਹੇ ਲਈ ਵਰਤਣ 'ਤੇ ਕੇਂਦਰ ਸਰਕਾਰ ਦੀ ਨਿਖੇਧੀ ਕੀਤੀ ਹੈ। ਜਥੇਬੰਦੀਆਂ ਦੇ ਸੂਬਾ ਪੱਧਰੀ ਅਹੁਦੇਦਾਰਾਂ ਨੇ ਮੰਗ ਕੀਤੀ ਹੈ ਕਿ ਨਹਿਰ ਦੀ ਉਸਾਰੀ 'ਤੇ ਜ਼ੋਰ ਦੇਣ ਦੀ ਬਜਾਏ ਸਰਕਾਰ ਨੂੰ ਮੌਜੂਦਾ ਕਾਨੂੰਨਾਂ ਅਤੇ ਨੇਮਾਂ ਮੁਤਾਬਕ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਜਿਨ੍ਹਾਂ ਸੂਬਿਆਂ ਨੂੰ ਪਾਣੀ ਦੀ ਵੱਧ ਲੋੜ ਹੈ, ਉਨ੍ਹਾਂ ਵਿਚਾਲੇ ਹੋਰ ਨਦੀਆਂ/ਦਰਿਆਵਾਂ ਦੇ ਪਾਣੀਆਂ ਦੀ ਤਰਕਸੰਗਤ ਵੰਡ ਯਕੀਨੀ ਬਣਾਉਣੀ ਚਾਹੀਦੀ ਹੈ। ਬੀ.ਕੇ.ਯੂ. (ਉਗਰਾਹਾਂ) ਦੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਨੇ ਦਲੀਲ ਦਿੱਤੀ ਕਿ ਐਸ.ਵਾਈ.ਐਲ. ਮੁੱਦੇ 'ਤੇ ਹਰ ਵਾਰ ਚੋਣਾਂ ਵਿਚ ਸਿਆਸਤ ਨਹੀਂ ਹੋਣੀ ਚਾਹੀਦੀ।

## 'ਆਪ' ਵਾਂਗ ਪਾਣੀਆਂ 'ਤੇ ਸਿਆਸਤ ਨਹੀਂ ਕਰਦੇ: ਖੱਟਰ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਮੀਟਿੰਗ ਉਪਰੰਤ ਕਿਹਾ ਕਿ ਉਹ 'ਆਪ' ਵਾਂਗ ਪਾਣੀਆਂ 'ਤੇ ਸਿਆਸਤ ਨਹੀਂ ਕਰਦੇ ਹਨ ਅਤੇ ਪੰਜਾਬ ਤੋਂ ਪਾਣੀ ਮੰਗਣ ਦਾ ਹਰਿਆਣਾ ਦਾ ਆਪਣਾ ਹੱਕ ਹੈ। ਐਸ.ਵਾਈ.ਐਲ. ਤੇ ਪਾਣੀ ਦੋਵੇਂ ਵੱਖੋ ਵੱਖਰੇ ਮੁੱਦੇ ਹਨ, ਜਿਨ੍ਹਾਂ ਨੂੰ ਆਪਸ ਵਿਚ ਜੋੜਨਾ ਨਹੀਂ ਚਾਹੀਦਾ ਹੈ। ਖੱਟਰ ਨੇ ਕਿਹਾ ਕਿ ਹਰੀਕੇ ਤੋਂ ਪਾਣੀ ਪਾਕਿਸਤਾਨ ਨੂੰ ਜਾ ਰਿਹਾ ਹੈ, ਪਰ ਪੰਜਾਬ ਪਾਣੀ ਹਰਿਆਣਾ ਨੂੰ ਦੇਣ ਤੋਂ ਇਨਕਾਰ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਆਪਣਾ ਹਿੱਸਾ ਮੰਗਦਾ ਹੈ ਅਤੇ ਰਾਜਸਥਾਨ ਨੂੰ ਵੀ ਪਾਣੀ ਮਿਲਣਾ ਚਾਹੀਦਾ ਹੈ।

# ਕਰਜ਼ੇ ਤੋਂ ਪਰੇਸ਼ਾਨੀ: ਪਰਿਵਾਰ ਦੇ ਚਾਰ ਜੀਆਂ ਸਣੇ ਖ਼ੁਦਕੁਸ਼ੀ ਕੀਤੀ


**ਜਲੰਧਰ:** ਪਿੰਡ ਡਰੋਲੀ ਖੁਰਦ ਵਿਚ ਕਰਜ਼ੇ ਤੋਂ ਪਰੇਸ਼ਾਨ ਹੋ ਕੇ ਇਕ ਪਰਿਵਾਰ ਦੇ ਪੰਜ ਜੀਆਂ ਨੇ ਖ਼ੁਦਕੁਸ਼ੀ ਕਰ ਲਈ ਹੈ। ਮ੍ਰਿਤਕਾਂ ਦੀ ਪਛਾਣ ਮਨਮੋਹਨ ਸਿੰਘ (55) ਪੁੱਤਰ ਆਤਮਾ ਸਿੰਘ, ਉਸ ਦੀ ਪਤਨੀ ਸਰਬਜੀਤ ਕੌਰ, ਉਸ ਦੀਆਂ ਦੋ ਧੀਆਂ ਜੋਤੀ (32) ਤੇ ਗੋਪੀ (31), ਜੋਤੀ ਦੀ ਲੜਕੀ ਅਮਨ (3) ਵਜੋਂ ਹੋਈ ਹੈ।

ਜਾਣਕਾਰੀ ਅਨੁਸਾਰ ਮਨਮੋਹਨ ਸਿੰਘ ਦੇ ਜਵਾਈ ਸਰਬਜੀਤ ਸਿੰਘ ਵਾਸੀ ਫੁਗਲਾਨਾ ਨੇ ਦੱਸਿਆ ਕਿ ਉਹ ਕਾਫੀ ਸਮੇਂ ਤੋਂ ਆਪਣੀ ਪਤਨੀ ਜੋਤੀ ਨੂੰ ਫੋਨ ਕਰ ਰਿਹਾ ਸੀ, ਪਰ ਕਿਸੇ ਨੇ ਫੋਨ ਨਾ ਚੁੱਕਿਆ। ਉਸ ਦੇ ਵਾਰ ਵਾਰ ਫੋਨ ਕਰਨ 'ਤੇ ਵੀ ਜਦੋਂ ਕਿਸੇ ਨੇ ਕੋਈ ਜਵਾਬ ਨਾ ਦਿੱਤਾ ਤਾਂ ਉਹ ਖ਼ੁਦ ਪਿੰਡ ਡਰੋਲੀ ਖੁਰਦ ਆਇਆ। ਸਰਬਜੀਤ ਸਿੰਘ ਨੇ ਦੱਸਿਆ ਕਿ ਜਦੋਂ ਉਹ ਪਿੰਡ ਪਹੁੰਚਿਆਂ ਤਾਂ ਘਰ ਦਾ ਮੁੱਖ ਦਰਵਾਜ਼ਾ ਅੰਦਰ ਤੋਂ ਬੰਦ ਸੀ ਤੇ ਵਾਰ ਵਾਰ ਖੜਕਾਉਣ ਉਤੇ ਵੀ ਕੋਈ ਬਾਹਰ ਨਹੀਂ ਸੀ ਆਇਆ। ਇਸ ਮਗਰੋਂ ਉਸ ਨੇ ਗੁਆਂਢੀਆਂ ਨੂੰ ਨਾਲ ਲਿਆ ਅਤੇ ਕੰਧ ਟੱਪ ਕੇ ਅੰਦਰ ਦਾਖਲ ਹੋਇਆ। ਉਸ ਨੇ ਵੇਖਿਆ ਕਿ ਸਾਹਮਣੇ ਕਮਰੇ ਵਿਚ ਮਨਮੋਹਨ ਸਿੰਘ ਤੇ ਸਰਬਜੀਤ ਕੌਰ ਦੀਆਂ ਲਾਸ਼ਾਂ ਪੱਖਿਆਂ ਨਾਲ ਲਟਕ ਰਹੀਆਂ ਸਨ, ਜਦਕਿ ਜੋਤੀ, ਗੋਪੀ ਤੇ ਅਮਨ ਦੀਆਂ ਲਾਸ਼ਾਂ ਮੰਜੇ ਉਤੇ ਪਈਆਂ ਸਨ।

ਸਰਬਜੀਤ ਸਿੰਘ ਨੇ ਦੱਸਿਆ ਕਿ ਮਨਮੋਹਨ ਸਿੰਘ ਆਦਮਪੁਰ ਡਾਕਖਾਨੇ ਵਿਚ ਇੰਚਾਰਜ ਸੀ। ਸਰਬਜੀਤ ਨੇ ਇਸ ਘਟਨਾ ਦੀ ਸੂਚਨਾ ਤੁਰਤ ਪੁਲਿਸ ਨੂੰ ਦਿੱਤੀ। ਪੁਲਿਸ ਨੇ ਹਾਦਸੇ ਵਾਲੀ ਥਾਂ 'ਤੇ ਜਾਂਚ ਆਰੰਭ ਦਿੱਤੀ ਹੈ। ਇਸ ਦੌਰਾਨ ਇੱਕ ਖ਼ੁਦਕੁਸ਼ੀ ਨੋਟ ਵੀ ਮਿਲਿਆ ਹੈ। ਪੁਲਿਸ ਅਨੁਸਾਰ ਇਹ ਖ਼ੁਦਕੁਸ਼ੀ ਨੋਟ ਮਨਮੋਹਨ ਸਿੰਘ ਵੱਲੋਂ ਲਿਖਿਆ ਗਿਆ ਹੈ, ਜਿਸ ਵਿਚ ਉਸ ਨੇ ਦੱਸਿਆ ਹੈ ਕਿ ਆਰਥਿਕ ਤੰਗੀ ਕਾਰਨ ਉਸ ਨੇ ਕੁਝ ਕਰਜ਼ਾ ਲਿਆ ਸੀ, ਜਿਸ ਦੀ ਖਬਰ ਉਸ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਲੱਗ ਗਈ ਸੀ। ਇਸ ਕਰਜ਼ੇ ਕਾਰਨ ਘਰ ਵਿਚ ਵਿਵਾਦ ਰਹਿੰਦਾ ਸੀ, ਜਿਸ ਤੋਂ ਤੰਗ ਆ ਕੇ ਉਹ ਇਹ ਕਦਮ ਚੁੱਕ ਰਿਹਾ ਹੈ।

# ਨਵੇਂ ਕਾਨੂੰਨ ਖਿਲਾਫ ਡਰਾਈਵਰਾਂ ਦੀ ਹੜਤਾਲ

**ਇੰਦੌਰ:** ਨਵੇਂ ਕਾਨੂੰਨ 'ਚ 'ਹਿੱਟ ਐਂਡ ਰਨ' ਦੇ ਮਾਮਲਿਆਂ ਵਿਚ ਸਖ਼ਤ ਸਜ਼ਾ ਦੀ ਵਿਵਸਥਾ ਖ਼ਿਲਾਫ਼ ਆਪਣੇ ਵਿਰੋਧ ਨੂੰ ਤੇਜ਼ ਕਰਦੇ ਹੋਏ ਦੇਸ਼ ਦੇ ਕਈ ਹਿੱਸਿਆਂ ਵਿਚ ਡਰਾਈਵਰਾਂ ਨੇ ਹੜਤਾਲ ਕੀਤੀ। ਇਸ ਦੌਰਾਨ ਸੜਕਾਂ ਉਤੇ ਜਾਮ ਲਗਾਏ ਗਏ, ਜਿਸ ਕਾਰਨ ਆਵਾਜਾਈ ਵਿਚ ਵਿਘਨ ਪਿਆ ਤੇ ਆਮ ਲੋਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ।



ਆਲ ਇੰਡੀਆ ਮੋਟਰ ਟਰਾਂਸਪੋਰਟ ਕਾਂਗਰਸ ਦੀ ਟਰਾਂਸਪੋਰਟ ਕਮੇਟੀ ਦੇ ਚੇਅਰਮੈਨ ਸੀਲ ਮੁਕਾਤੀ ਨੇ ਕਿਹਾ, "ਹਿੱਟ ਐਂਡ ਰਨ ਮਾਮਲਿਆਂ ਵਿਚ ਸਰਕਾਰ ਵੱਲੋਂ ਅਚਾਨਕ ਲਾਗੂ ਕੀਤੇ ਸਖ਼ਤ ਪ੍ਰਬੰਧਾਂ ਖ਼ਿਲਾਫ਼ ਡਰਾਈਵਰਾਂ ਵਿਚ ਗੁੱਸਾ ਹੈ।" ਸਰਕਾਰ ਨੂੰ ਹਿੱਟ ਐਂਡ ਰਨ ਮਾਮਲਿਆਂ ਵਿਚ ਵਿਦੇਸ਼ਾਂ ਦੀ ਤਰਜ਼ ਉਤੇ ਸਖ਼ਤ ਵਿਵਸਥਾਵਾਂ ਲਿਆਉਣ ਤੋਂ ਪਹਿਲਾਂ ਵਿਦੇਸ਼ਾਂ ਵਾਂਗ ਬਿਹਤਰ ਸੜਕ ਅਤੇ ਆਵਾਜਾਈ ਪ੍ਰਣਾਲੀ ਨੂੰ ਯਕੀਨੀ ਬਣਾਉਣ ਉਤੇ ਧਿਆਨ ਦੇਣਾ ਚਾਹੀਦਾ ਹੈ। ਭਾਰਤੀ ਨਿਆਂ ਸੰਹਿਤਾ ਜੋ ਭਾਰਤੀ ਦੰਡਾਵਲੀ ਦੀ ਥਾਂ ਲੈ ਰਹੀ ਹੈ, ਵਿਚ ਅਜਿਹੇ ਡਰਾਈਵਰਾਂ ਲਈ 10 ਸਾਲ ਤੱਕ ਦੀ ਸਜ਼ਾ ਦੀ ਵਿਵਸਥਾ ਹੈ ਜੋ ਲਾਪਰਵਾਹੀ ਨਾਲ ਗੱਡੀ ਚਲਾਉਣ ਕਾਰਨ ਵੱਡੀ ਹਾਦਸੇ ਦਾ ਕਾਰਨ ਬਣਦੇ ਹਨ ਤੇ ਹਾਦਸੇ ਬਾਰੇ ਪੁਲਿਸ ਜਾਂ ਪ੍ਰਸ਼ਾਸਨ ਦੇ ਕਿਸੇ ਅਧਿਕਾਰੀ ਨੂੰ ਸੂਚਿਤ ਕੀਤੇ ਬਿਨਾਂ ਫਰਾਰ ਹੋ ਜਾਂਦੇ ਹਨ।

# ਮਾਨ ਸਰਕਾਰ ਨੇ ਪ੍ਰਾਈਵੇਟ ਥਰਮਲ ਖਰੀਦ ਕੇ ਪੰਜਾਬੀਆਂ ਨੂੰ ਦਿੱਤਾ ਨਵੇਂ ਸਾਲ ਦਾ ਤੋਹਫ਼ਾ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਗੋਇੰਦਵਾਲ ਸਾਹਿਬ ਦਾ ਪ੍ਰਾਈਵੇਟ ਥਰਮਲ ਪਲਾਂਟ ਖਰੀਦ ਕੇ ਪੰਜਾਬੀਆਂ ਦੀ ਝੋਲੀ ਨਵੇਂ ਵਰ੍ਹੇ ਦਾ ਤੋਹਫ਼ਾ ਪਾ ਦਿੱਤਾ ਹੈ। ਪੰਜਾਬ ਸਰਕਾਰ ਨੇ 540 ਮੈਗਾਵਾਟ ਦੇ 'ਜੀਵੀਕੇ ਗੋਇੰਦਵਾਲ ਥਰਮਲ ਪਲਾਂਟ' ਨੂੰ 1080 ਕਰੋੜ ਰੁਪਏ ਵਿਚ ਖਰੀਦਿਆ ਜਿਸ ਨੂੰ ਹੈਦਰਾਬਾਦ ਦੇ 'ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ' ਨੇ 22 ਦਸੰਬਰ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

ਪੰਜਾਬ ਸਰਕਾਰ ਨੇ ਗੋਇੰਦਵਾਲ ਥਰਮਲ ਖਰੀਦ ਕੇ ਪ੍ਰਾਈਵੇਟ ਤਾਪ ਬਿਜਲੀ ਘਰਾਂ ਨਾਲ ਹੋਏ ਮਹਿੰਗੇ ਬਿਜਲੀ ਸਮਝੌਤਿਆਂ ਨੂੰ ਵੀ ਪੁੱਠਾ ਗੇੜਾ ਦੇ ਦਿੱਤਾ ਹੈ। ਇਸ ਥਰਮਲ ਦੇ ਪਬਲਿਕ ਸੈਕਟਰ 'ਚ ਆਉਣ ਨਾਲ ਪੰਜਾਬ ਦੇ ਲੋਕਾਂ ਨੂੰ ਇਸ ਥਰਮਲ ਤੋਂ ਬਿਜਲੀ ਵੀ ਸਸਤੀ ਮਿਲੇਗੀ। ਅਹਿਮ ਸੂਤਰਾਂ ਅਨੁਸਾਰ 'ਆਪ' ਸਰਕਾਰ ਨੇ ਕਰੀਬ ਛੇ ਮਹੀਨੇ ਦੀ ਗੁਪਤ ਮੁਹਿੰਮ ਚਲਾ ਕੇ ਇਸ ਪ੍ਰਾਈਵੇਟ ਥਰਮਲ ਦੀ ਖਰੀਦ ਪ੍ਰਕਿਰਿਆ ਨੇਪਰੇ ਚੜ੍ਹਾਈ ਹੈ। ਤਕਰੀਬਨ ਦਸ ਕੰਪਨੀਆਂ ਇਸ ਥਰਮਲ ਨੂੰ ਖਰੀਦਣ ਦੀ ਦੌੜ ਵਿਚ ਸਨ।



ਪੰਜਾਬ ਕੈਬਨਿਟ ਨੇ 10 ਜੂਨ 2023 ਨੂੰ ਗੋਇੰਦਵਾਲ ਥਰਮਲ ਨੂੰ ਖਰੀਦਣ ਲਈ ਹਰੀ ਝੰਡੀ ਦਿੱਤੀ ਸੀ। ਇਸ ਮਕਸਦ ਲਈ ਬਣੀ ਕੈਬਨਿਟ ਸਬ ਕਮੇਟੀ ਨੇ ਵਿੱਤੀ ਅਤੇ ਕਾਨੂੰਨੀ ਨਜ਼ਰੀਏ ਤੋਂ ਘੋਖ ਕੀਤੀ। ਸਰਕਾਰੀ ਪ੍ਰਵਾਨਗੀ ਮਗਰੋਂ ਪਾਵਰਕੌਮ ਨੇ ਜੂਨ ਮਹੀਨੇ ਵਿਚ ਹੀ ਥਰਮਲ ਖਰੀਦਣ ਲਈ ਵਿੱਤੀ ਬਿਡ ਪਾ ਦਿੱਤੀ ਸੀ। ਪਾਵਰਕੌਮ ਦਾ 'ਬੋਰਡ ਆਫ ਡਾਇਰੈਕਟਰ' ਪਹਿਲਾਂ ਹੀ ਇਸ ਖਰੀਦ ਵਾਸਤੇ ਹਰੀ ਝੰਡੀ ਦੇ ਚੁੱਕਾ ਹੈ ਕਿਉਂਕਿ ਇਸ ਥਰਮਲ ਨੂੰ ਚਲਾਉਣ ਵਾਲੀ ਕੰਪਨੀ 'ਜੀਵੀਕੇ ਗਰੁੱਪ' ਦਾ ਦੀਵਾਲਾ ਨਿਕਲ ਚੁੱਕਾ ਹੈ। ਇਸ ਗਰੁੱਪ ਨੇ ਕਰੀਬ ਦਰਜਨ ਬੈਂਕਾਂ ਤੋਂ ਇਸ ਥਰਮਲ ਲਈ ਕਰਜ਼ਾ ਚੁੱਕਿਆ ਹੋਇਆ ਸੀ ਜੋ ਕਿ ਇਸ ਵੇਲੇ ਵਧ ਕੇ ਕਰੀਬ 6600 ਕਰੋੜ ਹੋ ਗਿਆ ਸੀ। ਜੀਵੀਕੇ ਗਰੁੱਪ ਦੀ ਵਿੱਤੀ ਮੰਦਹਾਲੀ ਵਜੋਂ ਬੈਂਕਾਂ ਨੇ ਅਕਤੂਬਰ 2022 ਵਿਚ 'ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ' ਦੇ ਹੈਦਰਾਬਾਦ ਬੈਂਚ ਕੋਲ ਪਟੀਸ਼ਨ ਦਾਇਰ ਕੀਤੀ ਸੀ ਅਤੇ ਦਰਜਨ ਵਿੱਤੀ ਸੰਸਥਾਵਾਂ ਨੇ ਇਸ ਖ਼ਿਲਾਫ਼ 6584 ਕਰੋੜ ਦੇ ਦਾਅਵੇ ਦਾਇਰ ਕੀਤੇ ਹੋਏ ਹਨ। ਇਸ ਪ੍ਰਾਈਵੇਟ ਥਰਮਲ ਕੰਪਨੀ ਨੂੰ 'ਕਾਰਪੋਰੇਟ ਦੀਵਾਲੀਆਪਨ' ਐਲਾਨਿਆ ਜਾ ਚੁੱਕਾ ਹੈ। ਕੌਮੀ ਲਾਅ ਟ੍ਰਿਬਿਊਨਲ ਵੱਲੋਂ ਨਿਯੁਕਤ 'ਰੈਜ਼ੋਲਿਊਸ਼ਨ ਪ੍ਰੋਫੈਸ਼ਨਲ' ਇਸ ਥਰਮਲ ਨੂੰ ਵੇਚਣ ਦੀ ਪ੍ਰਕਿਰਿਆ ਨੂੰ ਅੱਗੇ ਵਧਾ ਰਿਹਾ ਹੈ।

ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਗੋਇੰਦਵਾਲ ਥਰਮਲ ਦੀ ਲਾਗਤ ਪੂੰਜੀ 3058 ਕਰੋੜ ਰੁਪਏ ਅਨੁਮਾਨੀ ਸੀ। ਵੇਰਵਿਆਂ ਅਨੁਸਾਰ ਪੰਜਾਬ ਸਰਕਾਰ ਨੇ ਹੁਣ ਦੋ ਕਰੋੜ ਰੁਪਏ ਪ੍ਰਤੀ ਮੈਗਾਵਾਟ ਦੇ ਲਿਹਾਜ਼ ਨਾਲ ਇਹ ਥਰਮਲ ਖਰੀਦਿਆ ਹੈ ਜਦੋਂ ਕਿ ਨਵੇਂ ਥਰਮਲ ਦੀ ਲਾਗਤ ਕੀਮਤ 8-9 ਕਰੋੜ ਰੁਪਏ ਪ੍ਰਤੀ ਮੈਗਾਵਾਟ ਪੈਂਦੀ ਹੈ। ਗੋਇੰਦਵਾਲ ਥਰਮਲ ਪਿਛਲੇ ਸਮੇਂ ਤੋਂ ਪੂਰੀ ਸਮਰੱਥਾ 'ਤੇ ਨਹੀਂ ਚੱਲ ਰਿਹਾ ਸੀ ਅਤੇ ਫੰਡਾਂ ਦੀ ਘਾਟ ਕਰ ਕੇ ਪਾਵਰਕੌਮ ਨੂੰ ਪੂਰੀ ਬਿਜਲੀ ਸਪਲਾਈ ਨਹੀਂ ਮਿਲ ਰਹੀ ਸੀ। ਚੇਤੇ ਰਹੇ ਕਿ ਚੰਨੀ ਸਰਕਾਰ ਸਮੇਂ 30 ਅਕਤੂਬਰ 2021 ਨੂੰ ਜੀਵੀਕੇ ਗੋਇੰਦਵਾਲ ਸਾਹਿਬ ਲਿਮਟਿਡ ਨਾਲ ਹੋਏ ਬਿਜਲੀ ਖਰੀਦ ਸਮਝੌਤੇ ਨੂੰ ਰੱਦ ਕਰਨ ਵਾਸਤੇ ਨੋਟਿਸ ਦਿੱਤਾ ਗਿਆ ਸੀ ਜਿਸ 'ਤੇ ਬਿਜਲੀ ਰੈਗੂਲੇਟਰੀ ਕਮਿਸ਼ਨ ਨੇ ਰੋਕ ਲਗਾ ਦਿੱਤੀ ਸੀ। 'ਆਪ' ਸਰਕਾਰ ਨੇ ਇਸ ਥਰਮਲ ਨੂੰ ਹੁਣ ਖਰੀਦ ਕੇ 'ਬਿਜਲੀ ਖਰੀਦ ਸਮਝੌਤੇ' ਦਾ ਵੀ ਭੋਗ ਪਾ ਦਿੱਤਾ ਹੈ।

## ਥਰਮਲ ਦੀ ਬਿਜਲੀ 4 ਤੋਂ 5 ਰੁਪਏ ਪ੍ਰਤੀ ਯੂਨਿਟ ਪਵੇਗੀ

**ਚੰਡੀਗੜ੍ਹ:** ਪ੍ਰਾਈਵੇਟ ਥਰਮਲ ਦੀ ਖਰੀਦ ਮਗਰੋਂ ਇਸ ਨੂੰ 'ਗੁਰੂ ਅਮਰਦਾਸ ਥਰਮਲ ਪਾਵਰ ਲਿਮਟਿਡ' ਦਾ ਨਾਮ ਦਿੱਤਾ ਗਿਆ ਹੈ। ਸਰਕਾਰ ਵੱਲੋਂ ਖਰੀਦਣ ਮਗਰੋਂ ਇਸ ਥਰਮਲ ਦੀ ਬਿਜਲੀ 4 ਤੋਂ 5 ਰੁਪਏ ਪ੍ਰਤੀ ਯੂਨਿਟ ਪਵੇਗੀ ਜਦੋਂ ਕਿ ਪਹਿਲਾਂ ਇਸ ਥਰਮਲ ਤੋਂ ਬਿਜਲੀ 9 ਤੋਂ 10 ਰੁਪਏ ਪ੍ਰਤੀ ਯੂਨਿਟ ਪੈਂਦੀ ਸੀ। ਪੰਜਾਬ ਦੇ ਸਾਰੇ ਪ੍ਰਾਈਵੇਟ ਥਰਮਲਾਂ 'ਚੋਂ ਸਭ ਤੋਂ ਵੱਧ ਬਿਜਲੀ ਮਹਿੰਗੀ ਇਸੇ ਥਰਮਲ ਦੀ ਸੀ। ਪਾਵਰਕੌਮ ਹੁਣ ਆਪਣੀ ਪਛਵਾੜਾ ਕੋਲਾ ਖਾਣ ਤੋਂ ਕੋਲਾ ਵਰਤ ਸਕੇਗੀ ਜਿਸ ਨਾਲ ਬਿਜਲੀ ਪੈਦਾਵਾਰ ਦੀ ਲਾਗਤ ਘਟੇਗੀ।

ਪੰਜਾਬ ਟਾਈਮਜ਼

ਸ਼ਨਿਚਰਵਾਰ, 6 ਜਨਵਰੀ, 2023

## ਚਾਂਦੀ ਰੰਗਾ ਸ.ਫਰ

ਇਸ ਅੰਕ ਨਾਲ 'ਪੰਜਾਬ ਟਾਈਮਜ਼' ਦਾ 25ਵਾਂ ਵਰ੍ਹਾ, ਭਾਵ ਸਿਲਵਰ ਜੁਬਲੀ ਸ.ਫਰ, ਆਰੰਭ ਹੋ ਗਿਆ ਹੈ। ਇਨ੍ਹਾਂ ਢਾਈ ਦਹਾਕਿਆਂ ਦੌਰਾਨ ਸੰਸਾਰ ਭਰ ਦੀ ਸਿਆਸਤ, ਸਭਿਆਚਾਰ ਅਤੇ ਹੋਰ ਖੇਤਰਾਂ ਵਿਚ ਬੜੀਆਂ ਤਿੱਖੀਆਂ ਤਬਦੀਲੀਆਂ ਆਈਆਂ ਹਨ। 'ਪੰਜਾਬ ਟਾਈਮਜ਼' ਆਪਣੀ ਹੋਂਦ ਦੇ ਪਹਿਲੇ ਹੀ ਦਿਨ ਤੋਂ ਇਨ੍ਹਾਂ ਤਬਦੀਲੀਆਂ ਨਾਲ ਵਰ ਮੇਚ ਕੇ ਚੱਲਣ ਦਾ ਤਰੱਦਦ ਕਰਦਾ ਰਿਹਾ ਹੈ ਅਤੇ ਆਪਣੇ ਸੁਘੜ ਸਿਆਣੇ ਪਾਠਕਾਂ, ਲੇਖਕਾਂ ਅਤੇ ਮਿੱਤਰ ਪਿਆਰਿਆਂ ਦੀ ਬਦੌਲਤ ਪੱਤਰਕਾਰੀ ਦੇ ਖੇਤਰ ਵਿਚ ਇਹ ਸ.ਫਰ ਤੈਅ ਕਰਨ ਦੇ ਸਮਰੱਥ ਹੋਇਆ ਹੈ। 'ਪੰਜਾਬ ਟਾਈਮਜ਼' ਜਿਸ ਆਸ਼ੇ, ਉਦੇਸ਼ ਅਤੇ ਮਕਸਦ ਨੂੰ ਲੈ ਕੇ ਸ਼ੁਰੂ ਕੀਤਾ ਗਿਆ ਸੀ, ਉਸ ਉਤੇ ਹਰ ਹਾਲ ਪਹਿਰਾ ਦੇਣ ਦਾ ਯਤਨ ਕੀਤਾ ਗਿਆ ਹੈ। ਪਰਚਾ ਆਰੰਭ ਕਰਨ ਵੇਲੇ ਕਦੇ ਇਹ ਸੋਚਿਆ ਨਹੀਂ ਸੀ ਕਿ ਇਹ ਇੰਨੇ ਲੰਮੇ ਸ.ਫਰ 'ਤੇ ਨਿੱਕਲ ਪਵੇਗਾ। ਅਸਲ ਵਿਚ, ਇਹ ਸਾਰਾ ਪ੍ਰਤਾਪ ਸਾਡੇ ਸਨੇਹੀਆਂ ਦੇ ਭਰਪੂਰ ਹੁੰਗਾਰੇ ਅਤੇ ਹੁਲਾਰੇ ਦਾ ਹੀ ਹੈ। ਇਹ ਇਸ ਹੁੰਗਾਰੇ ਅਤੇ ਹੁਲਾਰੇ ਤੋਂ ਮਿਲਿਆ ਹੌਸਲਾ ਹੀ ਸੀ ਕਿ ਪਰਚੇ ਦੇ ਕਰਤਾ-ਧਰਤਾ ਅਮੋਲਕ ਸਿੰਘ ਜੰਮੂ ਨੇ ਅੰਤਾਂ ਦੀਆਂ ਔਖਿਆਈਆਂ ਦੇ ਬਾਵਜੂਦ ਪਰਚੇ ਦੀ ਤੋਰ ਰੱਤੀ ਭਰ ਵੀ ਮੱਠੀ ਨਹੀਂ ਪੈਣ ਦਿੱਤੀ। ਹੁਣ ਵੀ ਇਹ ਉਹੀ ਹੌਸਲਾ ਹੈ ਜਿਸ ਕਾਰਨ ਅਮੋਲਕ ਸਿੰਘ ਜੰਮੂ ਦੀ ਗੈਰ-ਮੌਜੂਦਗੀ ਵਿਚ ਵੀ ਇਹ ਸ.ਫਰ ਜਿਉਂਦਾ ਤਿਉਂ ਜਾਰੀ ਹੈ। ਅਮੋਲਕ ਸਿੰਘ ਜੀ ਨੂੰ ਸਾਥੋਂ ਵਿੱਛੜਿਆਂ ਤਿੰਨ ਸਾਲ ਹੋ ਚੱਲੇ ਹਨ ਅਤੇ ਇਸ ਸਮੇਂ ਦੌਰਾਨ ਜੋ ਹੁੰਗਾਰਾ ਪਰਚੇ ਦੇ ਪ੍ਰੇਮੀਆਂ ਨੇ ਭਰਿਆ ਹੈ, ਉਹ ਬੇਮਿਸਾਲ ਹੈ। ਸਾਲ 2020 ਵਿਚ ਕੋਵਿਡ-19 ਦੀ ਮਾਰ ਕਾਰਨ ਜਦੋਂ ਸਮੁੱਚੇ ਸੰਸਾਰ ਅੰਦਰ ਸਭ ਕੁਝ ਠੱਪ ਹੋ ਕੇ ਰਹਿ ਗਿਆ ਸੀ, ਤਦ ਵੀ 'ਪੰਜਾਬ ਟਾਈਮਜ਼' ਦਾ ਸਫਰ ਨਿਰਵਿਘਨ ਚੱਲਦਾ ਰਿਹਾ। 'ਪੰਜਾਬ ਟਾਈਮਜ਼' ਦੇ ਸਾਲਾਨਾ ਪ੍ਰੋਗਰਾਮ ਵਿਚ ਥੋੜ੍ਹਾ ਵਿਘਨ ਜ਼ਰੂਰ ਪਿਆ ਪਰ ਪਿਛਲੇ ਸਾਲ ਜੁਲਾਈ ਵਿਚ ਜਦੋਂ ਪਰਚੇ ਨਾਲ ਜੁੜੇ ਸਨੇਹੀ ਮੁੜ ਮਿਲ ਬੈਠੇ ਤਾਂ ਪਹਿਲਾਂ ਵਾਲੇ ਰੰਗ ਮੁੜ ਉਘੜ ਪਏ।

ਜਿਵੇਂ ਪਹਿਲਾਂ ਜ਼ਿਕਰ ਕੀਤਾ ਗਿਆ ਹੈ, ਪਿਛਲੇ ਢਾਈ ਦਹਾਕਿਆਂ ਦੌਰਾਨ ਹੋਰ ਖੇਤਰਾਂ ਦੇ ਨਾਲ-ਨਾਲ ਮੀਡੀਆ ਦੇ ਖੇਤਰ ਵਿਚ ਵੀ ਵੱਡੀਆਂ ਤਬਦੀਲੀਆਂ ਵਾਪਰੀਆਂ ਹਨ। ਮੀਡੀਆ ਪਹਿਲਾਂ ਮੁੱਖ ਰੂਪ ਵਿਚ ਪ੍ਰਿੰਟ ਮੀਡੀਆ ਹੀ ਸੀ ਪਰ ਬਾਅਦ ਵਿਚ ਪਹਿਲਾਂ ਟੈਲੀਵਿਜ਼ਨ, ਫਿਰ ਟੈਲੀਵਿਜ਼ਨ ਚੈਨਲ ਅਤੇ ਹੁਣ ਸੋਸ਼ਲ ਮੀਡੀਆ ਦੀ ਆਮਦ ਨੇ ਪ੍ਰਿੰਟ ਮੀਡੀਆ ਉਤੇ ਵਾਹਵਾ ਅਸਰ ਪਾਇਆ ਹੈ। ਇਸ ਖੇਤਰ ਵਿਚ ਜਦੋਂ ਟੈਲੀਵਿਜ਼ਨ ਨੇ ਪੈਰ ਪਾਇਆ ਸੀ, ਉਸ ਵਕਤ ਵੀ ਮੀਡੀਆ ਅੰਦਰ ਵੱਡੀਆਂ ਤਬਦੀਲੀਆਂ ਹੋਈਆਂ ਸਨ। ਇਕ ਸਮਾਂ ਤਾਂ ਉਹ ਵੀ ਆਇਆ ਕਿ ਕੁਝ ਮਾਹਿਰਾਂ ਨੇ ਇਹ ਆਖਣਾ ਆਰੰਭ ਕਰ ਦਿੱਤਾ ਸੀ ਕਿ ਹੁਣ ਪ੍ਰਿੰਟ ਮੀਡੀਆ ਦਾ ਦੌਰ ਬੀਤ ਗਿਆ ਹੈ ਪਰ ਟੈਲੀਵਿਜ਼ਨ ਨਾਲੋਂ ਵੱਖਰੀ ਸਮੱਗਰੀ ਅਤੇ ਭਰੋਸੇ ਦੇ ਸਿਰ 'ਤੇ ਪ੍ਰਿੰਟ ਮੀਡੀਆ ਨੇ ਸਾਬਿਤ ਕੀਤਾ ਕਿ ਟੈਲੀਵਿਜ਼ਨ ਵੀ ਇਸ ਦਾ ਬਦਲ ਨਹੀਂ। 1990ਵਿਆਂ ਤੋਂ ਬਾਅਦ ਜਦੋਂ ਸਮੁੱਚੇ ਸੰਸਾਰ ਅੰਦਰ ਚੈਨਲਾਂ ਦੀ ਭਰਮਾਰ ਹੋ ਗਈ ਸੀ, ਉਸ ਵਕਤ ਵੀ ਇਹੀ ਚਰਚਾ ਚੱਲੀ ਸੀ। ਇਕ ਵਾਰ ਫਿਰ ਪ੍ਰਿੰਟ ਮੀਡੀਆ ਦਾ ਭਰੋਸਾ ਇਸ ਹਨੇਰੀ ਉਤੇ ਵੀ ਭਾਰੀ ਪੈ ਗਿਆ ਅਤੇ ਇਹ ਆਪਣੀ ਪਹਿਲਾਂ ਵਾਲੀ ਮੜਕ ਨਾਲ ਤੁਰਦਾ ਰਿਹਾ।

ਹੁਣ ਜਦੋਂ ਤੋਂ ਅਤਿ ਆਧੁਨਿਕ ਤਕਨੀਕ ਦੇ ਸਿਰ 'ਤੇ ਸੋਸ਼ਲ ਮੀਡੀਆ ਨੇ ਭਰਵੀਂ ਹਾਜ਼ਰੀ ਲੁਆਈ ਹੈ ਤਾਂ ਉਸੇ ਤਰ੍ਹਾਂ ਦੀ ਚਰਚਾ ਇਕ ਵਾਰ ਫਿਰ ਚੱਲੀ ਹੈ। ਹੁਣ ਪਲ-ਪਲ ਵਾਪਰਦੀਆਂ ਖਬਰਾਂ, ਹੋਰ ਗਿਆਨ ਅਤੇ ਜਾਣਕਾਰੀ ਦੀ ਆਮਦ ਇੰਨੀ ਤੇਜ਼ ਹੋ ਗਈ ਹੈ ਕਿ ਪ੍ਰਿੰਟ ਮੀਡੀਆ ਇਕ ਵਾਰ ਫਿਰ ਸਵਾਲਾਂ ਦੇ ਘੇਰੇ ਵਿਚ ਹੈ। ਅਮਰੀਕਾ ਸਮੇਤ ਹੋਰ ਵਿਕਸਿਤ ਮੁਲਕਾਂ ਦੇ ਵੱਡੇ ਪ੍ਰਿੰਟ ਮੀਡੀਆ ਅਦਾਰਿਆਂ ਨੇ ਵੀ ਪੇਸ਼ੀਨਗੋਈਆਂ ਕੀਤੀਆਂ ਹਨ ਕਿ ਪ੍ਰਿੰਟ ਮੀਡੀਆ ਹੁਣ ਬੱਸ ਇਕ-ਡੇਢ ਦਹਾਕੇ ਦੀ ਮਾਰ ਹੈ। ਸੋਸ਼ਲ ਮੀਡੀਆ ਤੋਂ ਬਾਅਦ ਡਿਜੀਟਲ ਮੀਡੀਆ ਦਾ ਜਿਹੜਾ ਰੁਝਾਨ ਸ਼ੁਰੂ ਹੋਇਆ ਹੈ, ਉਸ ਤੋਂ ਜਾਪਦਾ ਵੀ ਇਹੀ ਹੈ ਕਿ ਹੁਣ ਡਿਜੀਟਲ ਮੀਡੀਆ ਦਾ ਯੁੱਗ ਆ ਗਿਆ ਹੈ। ਉਂਝ, ਸੋਸ਼ਲ ਮੀਡੀਆ ਵਾਲੀ ਬੇਵਸਾਹੀ ਅਤੇ ਕਾਹਲ ਨੇ ਇਸ ਦੀ ਭਰੋਸਗੀ ਨੂੰ ਖੋਰਾ ਲਾਇਆ ਹੈ। ਇਹੀ ਹਾਲ ਡਿਜੀਟਲ ਮੀਡੀਆ ਦਾ ਹੈ। ਵੀਡੀਓ ਵਗੈਰਾ ਦੇ ਜ਼ਰੀਏ ਸਾਡੇ ਕੋਲ ਜਾਣਕਾਰੀ ਤਾਂ ਤੁਰੰਤ ਪੁੱਜ ਰਹੀ ਹੈ ਪਰ ਇਹ ਕਿੰਨੀ ਸੱਚੀ ਤੇ ਕਿੰਨੀ ਝੂਠੀ ਹੈ, ਇਸ ਬਾਰੇ ਤੌਖਲਾ ਸਦਾ ਰਹਿੰਦਾ ਹੈ। ਅਸਲ ਵਿਚ ਦਰਸ਼ਕਾਂ ਕੋਲ ਸਭ ਤੋਂ ਪਹਿਲਾਂ ਖਬਰ ਪਹੁੰਚਾਉਣ ਦੀ ਦੌੜ ਨੇ ਪੱਤਰਕਾਰੀ ਦੇ ਸਭ ਨੇਮ ਛਿੱਕੇ ਟੰਗ ਦਿੱਤੇ ਹਨ। ਸ਼ਾਇਦ ਇਸੇ ਕਰ ਕੇ ਹੀ ਬਹੁਤ ਸਾਰੇ ਲੋਕ ਅੱਜ ਵੀ ਪ੍ਰਿੰਟ ਮੀਡੀਆ ਉਤੇ ਭਰੋਸਾ ਕਰਦੇ ਹਨ। ਇਹੀ ਉਹ ਨੁਕਤਾ ਹੈ ਜਿਸ ਕਰ ਕੇ ਨਿੱਤ ਝੁੱਲਦੀ ਹਨੇਰੀ ਦੇ ਬਾਵਜੂਦ ਪ੍ਰਿੰਟ ਮੀਡੀਆ ਦੀ ਅਹਿਮੀਅਤ ਬਣੀ ਹੋਈ ਹੈ। ਹਾਂ, ਇਹ ਜ਼ਰੂਰ ਹੈ ਕਿ ਸਮੇਂ ਨਾਲ ਕਦਮ ਮਿਲਾ ਕੇ ਚੱਲਣ ਲਈ ਇਸ ਨੂੰ ਵੀ ਕਾਫੀ ਕੁਝ ਨਵਾਂ ਕਰਨਾ ਪੈ ਰਿਹਾ ਹੈ।

ਤਬਦੀਲੀ ਕੁਦਰਤ ਦਾ ਨੇਮ ਹੈ। ਪੁਰਾਣਾ ਬੜਾ ਕੁਝ ਪਿਛਾਂਹ ਛੁੱਟਦਾ ਜਾਂਦਾ ਹੈ ਅਤੇ ਇਸ ਦੀ ਥਾਂ ਨਵਿਆਂ ਨੇ ਲੈਣੀ ਹੀ ਹੁੰਦੀ ਹੈ। ਪੱਤਰਕਾਰੀ ਦਾ ਖੇਤਰ ਵੀ ਇਸ ਨੇਮ ਤੋਂ ਬਾਹਰਾ ਨਹੀਂ। ਪੱਤਰਕਾਰੀ ਦੀ ਮੜਕ ਬਰਕਰਾਰ ਰੱਖਣ ਵਿਚ ਇਸ਼ਤਿਹਾਰਾਂ ਦਾ ਵੱਡਾ ਯੋਗਦਾਨ ਰਿਹਾ ਹੈ। ਪਿਛਲੇ ਸਮੇਂ ਦੌਰਾਨ ਇਸ਼ਤਿਹਾਰਬਾਜ਼ੀ ਦੇ ਖੇਤਰ ਵਿਚ ਵੀ ਵੱਡੀਆਂ ਤਬਦੀਲੀਆਂ ਵਾਪਰੀਆਂ ਹਨ। ਪੱਤਰਕਾਰੀ ਦੇ ਖੇਤਰ ਵਿਚ ਇਸ਼ਤਿਹਾਰਾਂ ਦਾ ਅੱਛਾ-ਖਾਸਾ ਹਿੱਸਾ ਹੁਣ ਡਿਜੀਟਲ ਮੀਡੀਆ ਰਾਹੀਂ ਨਸ਼ਰ ਹੋ ਰਿਹਾ ਹੈ। ਇਨ੍ਹਾਂ ਤਬਦੀਲੀਆਂ ਦੇ ਮੱਦੇਨਜ਼ਰ 'ਪੰਜਾਬ ਟਾਈਮਜ਼' ਵੀ ਹੋਰ ਅਦਾਰਿਆਂ ਵਾਂਗ ਅਜਿਹੀ ਅਣਗਿਣਤ ਚੁਣੌਤੀਆਂ ਨਾਲ ਜੂਝ ਰਿਹਾ ਹੈ। ਫਿਰ ਵੀ 25ਵੇਂ ਵਰ੍ਹੇ ਦੌਰਾਨ 'ਪੰਜਾਬ ਟਾਈਜ਼' ਆਪਣੇ ਸਨੇਹੀਆਂ ਦੇ ਦਰਾਂ ਉਤੇ ਉਸੇ ਉਤਸ਼ਾਹ ਨਾਲ ਦਸਤਕ ਦਿੰਦਾ ਰਹੇਗਾ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਚੌਵੀ ਨੂੰ ਸਤਿ ਸ੍ਰੀ ਅਕਾਲ !

ਚੰਦ ਅਤੇ ਸੂਰਜ ਬਣਾਈ ਜਾਂਦੇ ਰਾਤ-ਦਿਨ ਆਈ ਜਾਣ ਰੁੱਤਾਂ ਕਦੇ ਗਰਮੀ ਸਿਆ.ਲ ਜੀ।
ਹਫਤੇ ਮਹੀਨੇ ਰ.ਲ-ਮਿ.ਲ ਕੇ ਬਣਾਉਂਦੇ ਸਾਲ ਆਦਿ ਕਾਲ ਤੋਂ ਹੀ ਲੀਲ੍ਹਾ ਬਣੀ ਏ ਕਮਾਲ ਜੀ।
'ਟਿੱਕ ਟਿੱਕ' ਘੜੀ ਵਾ.ਲੀ ਦੇਂਦੀ ਏ ਚਿਤਾਵਨੀ ਪਲਾਂ ਦਾ 'ਵਰਤਮਾਨ' ਬਣੇ 'ਭੂਤ-ਕਾਲ' ਜੀ।
ਸੂਰਜ ਪਿਆਰਾ ਨਿੱਘਾ ਲਗਦਾ ਸਿਆ.ਲ ਵਿਚ ਰੋਹੀ ਵਿਚ ਕਰਦਾ ਏ ਜਿਊਣਾ ਈ ਮੁਹਾਲ ਜੀ।
ਪਹਿਲਾਂ ਨਾ.ਲੋਂ 'ਵੱਖਰਾ' ਕਰਕੇ ਦਿਖਾਈਏ ਕੁੱਝ ਨਫਰਤਾਂ ਤੇ ਸਾੜੇ ਵਾ.ਲੇ ਲਾਹੀਏ 'ਜੰਗਾਲ' ਜੀ।
'ਬਾਏ ਬਾਏ' ਜਾਂਦੇ ਹੋਏ 'ਤੇਈ' ਵੱਲ ਕਰਕੇ ਤੇ 'ਚੌਵੀ' ਤਾਈਂ ਆਖੀਏ 'ਸਤਿ ਸ੍ਰੀ ਅਕਾਲ' ਜੀ!

# ਭਾਰਤੀਆਂ ਨਾਲ ਭਰਿਆ ਜਹਾਜ਼ ਅਤੇ ਪੀਐਚ.ਡੀ. ਸਬਜ਼ੀ ਵਾਲਾ

***ਕਾਨੂੰਨੀ ਅਤੇ ਗੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣ ਵਾਲਿਆਂ ਦੀਆਂ ਕਤਾਰਾਂ ਲੱਗੀਆਂ ਹੋਈਆਂ ਹਨ। ਸਮੇਂ ਦੀਆਂ ਸਰਕਾਰਾਂ ਇਸ ਵਰਤਾਰੇ ਦੇ ਅਸਲ ਕਾਰਨ ਲੱਭਣ ਅਤੇ ਉਨ੍ਹਾਂ ਦੇ ਹੱਲ ਕੱਢਣ ਦੀ ਬਜਾਇ ਸਿਰਫ ਤੇ ਸਿਰਫ ਵੋਟਾਂ ਦੀ ਸਿਆਸਤ ਕਰ ਰਹੀਆਂ ਹਨ। ਇਸ ਵਰਤਾਰੇ ਬਾਰੇ ਚਰਚਾ ਨੌਜਵਾਨ ਪੱਤਰਕਾਰ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।***

ਪਿਛਲੇ ਹਫਤੇ ਚਾਰਟਡ ਉਡਾਣ ਰਾਹੀਂ ਅਮਰੀਕਾ ਜਾਂ ਕੈਨੇਡਾ ਜਾਣ ਦੀ ਕੋਸ਼ਿਸ਼ ਕਰਨ ਵਾਲੇ 300 ਦੇ ਕਰੀਬ ਭਾਰਤੀ ਮੁਸਾਫਿਰਾਂ ਨਾਲ ਭਰਿਆ ਜਹਾਜ਼ ਫਰਾਂਸ ਤੋਂ ਭਾਰਤ ਭੇਜਣ ਦਾ ਮਾਮਲਾ ਚਰਚਾ ਦਾ ਵਿਸ਼ਾ ਹੈ। ਠੀਕ ਉਨ੍ਹਾਂ ਦਿਨਾਂ ਵਿਚ ਪੀ.ਐਚ.ਡੀ. ਡਿਗਰੀ ਹਾਸਲ ਪੰਜਾਬ ਦੇ ਇੱਕ ਸ਼ਖਸ ਵੱਲੋਂ ਸਬਜ਼ੀ ਵੇਚਣ ਦੇ ਮਾਮਲੇ ਨੇ ਸਾਡੇ ਸਾਹਮਣੇ ਬੇਰੁਜ਼ਗਾਰੀ ਦੀ ਅਸਲ ਤਸਵੀਰ ਦਰਸਾ ਦਿੱਤੀ। ਕਹਿਣ ਨੂੰ ਭਾਵੇਂ ਇਹ ਦੋਵੇਂ ਮਾਮਲੇ ਵੱਖੋ-ਵੱਖਰੇ ਹਨ ਪਰ ਹਕੀਕਤ ਵਿਚ ਇਨ੍ਹਾਂ ਦੋਹਾਂ ਮਾਮਲਿਆਂ ਦਾ ਆਪਸ ਵਿਚ ਸਿੱਧਾ ਸਬੰਧ ਹੈ। 2023 ਦੇ ਆਖਰੀ ਹਫਤੇ ਸੁਰਖੀਆਂ ਵਿਚ ਆਈਆਂ ਦੋਵੇਂ ਹੀ ਘਟਨਾਵਾਂ ਸਾਡੇ ਦੇਸ਼ ਵਿਚ ਫੈਲੀ ਅਤਿ ਬੇਰਜ਼ੁਗਾਰੀ ਬਿਆਨ ਕਰਨ ਵਾਲੀਆਂ ਹਨ।

ਦਰਅਸਲ ਫਰਾਂਸੀਸੀ ਅਧਿਕਾਰੀਆਂ ਨੇ ਰੋਮਾਨੀਆ ਦੀ ਲੀਜੈਂਡ ਏਅਰਲਾਈਨਜ਼ ਕੰਪਨੀ ਦੀ ਦੁਬਈ ਤੋਂ ਨਿਕਾਰਾਗੂਆ ਜਾ ਰਹੀ ਚਾਰਟਡ ਉਡਾਣ ਨੂੰ ਪੈਰਿਸ ਨੇੜਲੇ ਹਵਾਈ ਅੱਡੇ ਤੋਂ ਇਸ ਕਰ ਕੇ ਮੁੰਬਈ ਮੋੜ ਦਿੱਤਾ ਕਿਉਂਕਿ 300 ਦੇ ਕਰੀਬ ਭਾਰਤੀ ਮੂਲ ਦੇ ਇਨ੍ਹਾਂ ਮੁਸਾਫ਼ਿਰਾਂ ਦੇ ਨਿਕਾਰਾਗੂਆ ਤੋਂ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਜਾਂ ਕੈਨੇਡਾ ਜਾਣ ਦਾ ਸ਼ੱਕ ਸੀ ਹਾਲਾਂਕਿ ਇਹ ਉਡਾਣ ਭਾਰਤ ਤੋਂ ਨਹੀਂ ਬਲਕਿ ਦੁਬਈ ਤੋਂ ਉੱਡੀ ਸੀ। ਵੈਸੇ ਇਹ ਕੋਈ ਪਹਿਲੀ ਘਟਨਾ ਨਹੀਂ ਜਿਸ ਨੇ ਸੈਂਕੜੇ ਭਾਰਤੀਆਂ ਦੇ ਇਕੱਠਿਆਂ ਗੈਰ-ਕਾਨੂੰਨੀ ਤਰੀਕੇ ਨਾਲ ਕਿਸੇ ਮੁਲਕ ਵਿਚ ਦਾਖਲੇ ਨੂੰ ਬੇਪਰਦ ਕੀਤਾ ਹੈ ਬਲਕਿ ਇਸ ਤੋਂ ਪਹਿਲਾਂ ਵੀ ਅਜਿਹੀਆਂ ਸੈਂਕੜੇ ਖੌਫਨਾਕ ਕਹਾਣੀਆਂ ਹਨ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਜਾਂ ਕੈਨੇਡਾ ਜਾਣ ਵਾਲੇ ਨੌਜਵਾਨਾਂ ਨੂੰ 'ਏਜੰਟ' ਪਹਿਲਾਂ ਲਾਤੀਨੀ ਅਮਰੀਕੀ ਦੇਸ਼ਾਂ ਤੱਕ ਪਹੁੰਚਾਉਂਦੇ ਹਨ ਤੇ ਫਿਰ ਉੱਥੋਂ 'ਡੌਂਕੀ' ਰਾਹੀਂ ਖਤਰਨਾਕ ਰਸਤੇ ਜ਼ਰੀਏ ਅਮਰੀਕਾ ਜਾਂ ਕੈਨੇਡਾ ਪਹੁੰਚਾਉਂਦੇ ਹਨ। ਜ਼ਿਆਦਾਤਰ ਏਜੰਟ ਨਿਕਾਰਾਗੂਆ, ਬ੍ਰਾਜ਼ੀਲ, ਵੈਨੇਜ਼ੁਏਲਾ, ਕੋਲੰਬੀਆ, ਇਕੁਆਡਰ, ਅਲ ਸਲਵਾਡੋਰ, ਗੁਆਟੇਮਾਲਾ, ਹਾਂਡੂਰਸ, ਪਨਾਮਾ ਆਦਿ ਵਿਚ ਜਾ ਉਤਾਰਦੇ ਹਨ ਤੇ ਫਿਰ ਮੈਕਸੀਕੋ ਦੀ 3 ਹਜ਼ਾਰ ਕਿਲੋਮੀਟਰ ਲੰਮੇ ਬਾਰਡਰ ਰਾਹੀਂ ਅਮਰੀਕਾ ਵਿਚ ਦਾਖਲ ਕਰਵਾਉਣ ਦੀ ਕੋਸ਼ਿਸ਼ ਕਰਦੇ ਹਨ। ਇਸ ਤੋਂ ਇਲਾਵਾ ਕੁਝ ਏਜੰਟ ਸਪੇਨ ਜਾਂ ਹਾਲੈਂਡ ਰਾਹੀਂ ਵੀ ਅਮਰੀਕਾ ਵਿਚ ਦਾਖਲਾ ਕਰਵਾਉਂਦੇ ਹਨ। ਅਮਰੀਕਾ ਵਿਚ ਦਾਖਲੇ ਦੀ ਕੋਸ਼ਿਸ਼ ਦਰਮਿਆਨ ਕਈ ਭਾਰਤੀ ਨੌਜਵਾਨਾਂ ਦੀ ਮੌਤ ਵੀ ਹੋ ਜਾਂਦੀ ਹੈ। 2019 ਵਿਚ ਛੇ ਸਾਲਾ ਪੰਜਾਬੀ ਕੁੜੀ ਦੀ ਝੁਲਸਦੇ ਐਰੀਜ਼ੋਨਾ ਰੇਗਿਸਤਾਨ ਵਿਚ ਹੀਟ ਸਟ੍ਰੋਕ ਨਾਲ ਮੌਤ ਹੋ ਗਈ ਸੀ, ਜਨਵਰੀ 2022 ਵਿਚ ਗੁਜਰਾਤ ਨਾਲ ਸਬੰਧਿਤ ਪਰਿਵਾਰ ਦੇ ਚਾਰ ਜੀਅ ਕੈਨੇਡਾ ਰਸਤੇ ਗ਼ੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖ਼ਲ ਹੋਣ ਦੀ ਕੋਸ਼ਿਸ਼ ਦੌਰਾਨ ਮਨਫੀ 35 ਡਿਗਰੀ ਸੈਲਸੀਅਸ ਤਾਪਮਾਨ ਵਿਚ ਜੰਮ ਕੇ ਮਰ ਗਏ ਸਨ। ਗੁਜਰਾਤ ਵਿਚ ਏਜੰਟ 75 ਲੱਖ ਤੋਂ 1 ਕਰੋੜ ਰੁਪਏ ਤੱਕ ਵਸੂਲਦੇ ਹਨ; ਪੰਜਾਬ ਵਿਚ ਇਹ ਰਾਸ਼ੀ 50 ਲੱਖ ਦੇ ਕਰੀਬ ਹੈ। ਸਾਡੇ ਲਈ ਸਭ ਤੋਂ ਅਹਿਮ ਉਹ ਕਾਰਨ ਸਮਝਣਾ ਹੈ ਜਿਸ ਕਰ ਕੇ ਲੱਖਾਂ ਰੁਪਏ ਲੈ ਕੇ ਭਾਰਤੀ ਨੌਜਵਾਨ ਆਪਣੀ ਜਾਨ ਜ਼ੋਖਮ ਵਿਚ ਪਾ ਕੇ ਪਨਾਮਾ ਦੇ ਖਤਰਨਾਕ ਜੰਗਲ ਜਾਂ ਸਮੁੰਦਰੀ ਰਸਤੇ ਰਾਹੀਂ ਵੀ ਇੱਥੋਂ ਨਿੱਕਲ ਜਾਣਾ ਚਾਹੁੰਦੇ ਹਨ। ਇਹ ਤੱਥ ਹੈ ਕਿ 2022-23 ਦੌਰਾਨ 96 ਹਜ਼ਾਰ ਦੇ ਕਰੀਬ ਭਾਰਤੀਆਂ ਨੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਜੋ ਪਿਛਲੇ ਵਿੱਤੀ ਸਾਲ ਦੇ ਮੁਕਾਬਲੇ 50 ਫੀਸਦ ਤੋਂ ਜ਼ਿਆਦਾ ਹੈ। ਇਸ ਸਮੇਂ 7 ਲੱਖ ਤੋਂ ਜ਼ਿਆਦਾ ਭਾਰਤੀ ਅਮਰੀਕਾ ਵਿਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ।

ਵੈਸੇ ਤਾਂ ਪਰਵਾਸ ਆਪਣੇ ਆਪ ਵਿਚ ਕੋਈ ਮਾੜੀ ਗੱਲ ਨਹੀਂ ਹੈ, ਮਨੁੱਖ ਮੁੱਢ ਕਦੀਮ ਤੋਂ ਪਾਣੀ, ਉਪਜਾਊ ਧਰਤੀ ਤੇ ਸੋਹਣੇ ਮੌਸਮ ਦੇ ਹਿਸਾਬ ਨਾਲ ਪਰਵਾਸ ਕਰਦਾ ਆਇਆ ਹੈ ਤੇ ਇਸੇ ਪਰਵਾਸ ਨੇ ਮਨੁੱਖ ਦੇ ਵਿਕਾਸ ਵਿਚ ਅਹਿਮ ਭੂਮਿਕਾ ਅਦਾ ਕੀਤੀ ਹੈ ਪਰ ਮੌਜੂਦਾ ਦੌਰ ਵਿਚ ਮਨੁੱਖੀ ਜਾਨਾਂ ਜੋਖਮ ਵਿਚ ਪਾ ਕੇ ਸਾਡੇ ਮੁਲਕ ਵਿਚੋਂ ਕਾਨੂੰਨੀ/ਗੈਰ-ਕਾਨੂੰਨੀ ਢੰਗ ਨਾਲ ਹੋ ਰਿਹਾ ਪਰਵਾਸ ਖਾਸ ਸਥਿਤੀ ਦੀ ਉੱਪਜ ਹੈ ਜਿਸ ਦੇ ਕਾਰਨ ਟਿੱਕੇ ਜਾਣੇ ਬਹੁਤ ਜ਼ਰੂਰੀ ਹਨ। ਜੇਕਰ ਪੰਜਾਬ ਦੀ ਗੱਲ ਕਰਨੀ ਹੋਵੇ ਤਾਂ ਦੋ ਦਹਾਕੇ ਪਹਿਲਾਂ ਤੱਕ ਜੇਕਰ ਕੋਈ ਪੰਜਾਬੀ ਨੌਜਵਾਨ ਵਿਦੇਸ਼ ਜਾਂਦਾ ਸੀ ਤਾਂ ਉਹ ਆਪਣੀ ਕਮਾਈ ਪੂੰਜੀ ਦਾ ਇੱਕ ਹਿੱਸਾ ਵਾਪਸ ਭੇਜਦਾ ਸੀ ਤੇ ਉਸ ਦੀ ਇੱਛਾ ਮੁਲਕ ਵਾਪਸੀ ਦੀ ਰਹਿੰਦੀ ਸੀ ਪਰ ਹੁਣ ਹੋ ਰਿਹਾ ਪਰਵਾਸ ਬੁਨਿਆਦੀ ਰੂਪ ਵਿਚ ਵੱਖਰਾ ਹੈ।




ਸਾਡੇ ਮੁਲਕ ਦੇ ਹੁਕਮਰਾਨ ਦਾਅਵਾ ਤਾਂ ਕਰਦੇ ਹਨ ਕਿ 'ਅਸੀਂ ਦੁਨੀਆ ਦੀ ਵੱਡੀ ਤਾਕਤ ਬਣ ਰਹੇ ਹਾਂ' ਪਰ ਹਕੀਕਤ ਵਿਚ ਸਾਡੇ ਮੁਲਕ ਵਿਚ ਰੁਜ਼ਗਾਰ ਦੇ ਮੌਕੇ ਲਗਾਤਾਰ ਘਟ ਰਹੇ ਹਨ ਅਤੇ ਨੌਜਵਾਨਾਂ ਨੂੰ ਯੋਗਤਾ ਅਨੁਸਾਰ ਰੁਜ਼ਗਾਰ ਤੇ ਰੁਜ਼ਗਾਰ ਅਨੁਸਾਰ ਮਿਹਨਤਾਨਾ ਨਹੀਂ ਮਿਲਦਾ ਹੈ; ਭਾਵ, ਸਥਾਈ ਰੁਜ਼ਗਾਰ ਦੀ ਅਣਹੋਂਦ ਤੇ ਅਨਿਸ਼ਚਤ ਭਵਿੱਖ ਕਾਰਨ ਨੌਜਵਾਨ ਇੱਥੋਂ ਨਿੱਕਲ ਜਾਣਾ ਚਾਹੁੰਦੇ ਹਨ। ਬੇਰੁਜ਼ਗਾਰੀ ਦੇ ਸਤਾਏ ਸਾਡੇ ਨੌਜਵਾਨਾਂ ਦਾ ਗਿਨਣਯੋਗ ਹਿੱਸਾ ਵਿਦੇਸ਼ ਜਾਣ ਲਈ ਕਾਹਲਾ ਪਿਆ ਨਜ਼ਰ ਆ ਰਿਹਾ ਹੈ। ਅੰਮ੍ਰਿਤਸਰ ਸਾਹਿਬ ਦੀ ਫਤਿਹ ਸਿੰਘ ਕਲੋਨੀ ਵਿਚ ਕਿਰਾਏ ਦੇ ਮਕਾਨ ਵਿਚ ਰਹਿਣ ਵਾਲੇ 39 ਸਾਲਾ 'ਪ੍ਰੋਫੈਸਰ' ਸੰਦੀਪ ਸਿੰਘ ਦੀ ਕਹਾਣੀ ਸਾਡੇ ਸਮਾਜ ਵਿਚਲੀ ਬੇਰੁਜ਼ਗਾਰੀ ਨੂੰ ਹਕੀਕੀ ਰੂਪ ਵਿਚ ਬਿਆਨ ਕਰ ਰਹੀ ਹੈ। ਕਾਨੂੰਨ ਵਿਚ ਪੀ.ਐਚ.ਡੀ. ਅਤੇ ਚਾਰ ਐਮ.ਏ. ਕਰਨ ਵਾਲਾ ਸੰਦੀਪ ਸਿੰਘ ਕਿਸੇ ਪੱਖੋਂ ਵੀ ਅਯੋਗ ਨਹੀਂ ਕਿਉਂਕਿ ਉਸ ਨੇ ਯੂ.ਜੀ.ਸੀ. ਦਾ ਨੈੱਟ ਦਾ ਪੇਪਰ ਜੇ.ਆਰ.ਐਫ. ਨਾਲ ਪਾਸ ਕੀਤਾ ਹੋਇਆ ਹੈ ਜਿਸ ਤਹਿਤ ਯੂ.ਜੀ.ਸੀ. ਵੱਲੋਂ ਇਹ ਪੀ.ਐਚ.ਡੀ. ਕਰਨ ਦੌਰਾਨ ਵੀ ਉਸ ਨੂੰ ਮਹੀਨੇਵਾਰ ਵਜੀਫ਼ੇ ਦੀ ਰਕਮ ਮਿਲਦੀ ਹੈ। ਪਿਛਲੇ ਸੱਤ ਸਾਲਾਂ ਤੋਂ ਉਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ 'ਮਹਿਮਾਨ ਅਧਿਆਪਕ' (ਗੈਸਟ ਫਕੈਲਟੀ) ਵਜੋਂ ਮਹਿਜ਼ 35 ਹਜ਼ਾਰ ਰੁਪਏ ਸਾਲਾਨਾ 'ਤੇ 'ਪ੍ਰੋਫੈਸਰ' ਵਜੋਂ ਪੜ੍ਹਾ ਰਿਹਾ ਸੀ। ਡਾ. ਸੰਦੀਪ ਸਿੰਘ ਸਿਰਫ ਕਹਿਣ ਲਈ ਯੂਨੀਵਰਸਿਟੀ ਦਾ ਪ੍ਰੋਫੈਸਰ ਸੀ, ਹਕੀਕਤ ਵਿਚ ਉਸ ਦੇ ਪੱਲੇ ਮਹੀਨੇ ਦੇ ਹਿਸਾਬ ਨਾਲ ਔਸਤਨ ਬਹੁਤ ਘੱਟ ਰੁਪਏ ਪੈਂਦੇ ਸਨ ਕਿਉਂਕਿ ਗੈਸਟ ਅਧਿਆਪਕਾਂ ਨੂੰ ਸਾਲ ਵਿਚ ਮਸਾਂ 6-7 ਮਹੀਨੇ ਲਈ ਰੱਖਿਆ ਜਾਂਦਾ ਹੈ।

ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਭਾਰਤੀਆਂ ਨੂੰ ਪੱਛਮੀ ਮੁਲਕਾਂ ਦੀ ਚਕਾਚੌਂਧ ਭਰੀ ਜ਼ਿੰਦਗੀ ਖਿੱਚ ਰਹੀ ਹੈ ਕਿਉਂਕਿ ਰੋਜ਼ੀ-ਰੋਟੀ ਲਈ ਖਾੜੀ ਮੁਲਕਾਂ ਵਿਚ ਜਾਣ ਵਾਲੇ ਭਾਰਤੀਆਂ ਦੀ ਗਿਣਤੀ ਵੀ ਘੱਟ ਨਹੀਂ। ਕੁਝ ਮਹੀਨੇ ਪਹਿਲਾਂ ਖਾੜੀ ਮੁਲਕ ਵਿਚ ਫਸੀਆਂ 35 ਦੇ ਕਰੀਬ ਕੁੜੀਆਂ ਦੀ ਸੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਈ ਸੀ ਜਿਸ ਵਿਚ ਉਹ ਕੁੜੀਆਂ ਵਤਨ ਵਾਪਸੀ ਲਈ ਕੁਰਲਾ ਰਹੀਆਂ ਸਨ। ਉਹ ਕਹਿ ਰਹੀਆਂ ਸਨ: 'ਅਸੀਂ ਇੱਥੇ ਬਹੁਤ ਦਿੱਕਤ ਵਿਚ ਹਾਂ, ਕਿਰਪਾ ਕਰ ਕੇ ਸਾਨੂੰ ਇੱਥੋਂ ਕੱਢੋ, ਅਸੀਂ ਓਮਾਨ ਵਿਚ ਫਸੀਆਂ ਹੋਈਆਂ ਹਾਂ, ਸਾਡੀ ਹਾਲਤ ਬਹੁਤ ਖਰਾਬ ਹੈ।' ਰੋਜ਼ੀ-ਰੋਟੀ ਖਾਤਰ ਯੂ.ਏ.ਈ. ਵਿਚ ਲੱਗਭੱਗ 35 ਲੱਖ ਭਾਰਤੀ ਕੰਮ ਕਰ ਰਹੇ ਹਨ ਜਿਨ੍ਹਾਂ ਵਿਚੋਂ ਕਰੀਬ 5 ਲੱਖ 25 ਹਜ਼ਾਰ ਆਬੂ ਧਾਬੀ ਵਿਚ, ਲੱਗਭੱਗ 6 ਲੱਖ 73 ਹਜ਼ਾਰ ਓਮਾਨ ਵਿਚ ਕੰਮ ਕਰਦੇ ਹਨ। ਜ਼ਾਹਿਰ ਹੈ ਕਿ ਇਹਨਾਂ ਵਿਚੋਂ ਕਈ ਚੋਟੀ ਦੇ ਕਾਰੀਗਰ ਹੋਣਗੇ ਤੇ ਉਹਨਾਂ ਦੀਆਂ ਸੇਵਾਵਾਂ ਨਾਲ ਖਾੜੀ ਮੁਲਕ ਤਾਂ ਤਰੱਕੀ ਕਰ ਰਹੇ ਹਨ ਪਰ ਸਾਡਾ ਸਮਾਜ ਉਹਨਾਂ ਦੀਆਂ ਸੇਵਾਵਾਂ ਤੋਂ ਵਾਂਝਾ ਰਹਿ ਰਿਹਾ ਹੈ।

ਫਰਾਂਸ ਵੱਲੋਂ ਮੋੜੇ ਜਹਾਜ਼ ਵਿਚ ਮੁੱਖ ਤੌਰ 'ਤੇ ਪੰਜਾਬੀ ਤੇ ਗੁਜਰਾਤੀ ਸਨ। ਜੇਕਰ ਵੇਖਣਾ ਹੋਵੇ ਤਾਂ ਗੁਜਰਾਤ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਿਤ ਸ਼ਾਹ ਨੇ 'ਮਾਡਲ' ਸੂਬਾ ਦਰਸਾ ਕੇ ਦੇਸ਼ ਦੀ ਸੱਤਾ ਹਾਸਲ ਕੀਤੀ ਹੈ; ਪੰਜਾਬ ਵਿਚ ਬਦਲਾਅ ਦਾ ਹੋਕਾ ਦੇਣ ਵਾਲੀ ਆਪ ਦੀ ਸਰਕਾਰ ਹੈ। ਭਾਜਪਾ ਅਤੇ ਆਪ, ਦੋਵੇਂ ਹੀ ਗੁਜਰਾਤ ਤੇ ਪੰਜਾਬ ਬਾਰੇ ਵੱਡੇ-ਵੱਡੇ ਦਮਗਜ਼ੇ ਤਾਂ ਮਾਰ ਰਹੀਆਂ ਹਨ ਪਰ ਫਰਾਂਸ ਤੋਂ ਮੋੜਿਆ ਇਹ ਜਹਾਜ਼ ਇਹਨਾਂ ਦੋਵੇਂ ਸਰਕਾਰਾਂ ਦਾ ਮੂੰਹ ਚਿੜਾ ਰਿਹਾ ਹੈ। ਹੁਣ ਪੰਜਾਬ ਸਰਕਾਰ ਵੱਲੋਂ ਮਾਮਲੇ ਦੀ ਜਾਂਚ ਲਈ ਐਸ.ਪੀ. ਰੈਂਕ ਦੇ ਅਧਿਕਾਰੀ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ (ਸਿੱਟ) ਦਾ ਗਠਨ ਕਰ ਦਿੱਤਾ ਹੈ; ਗੁਜਰਾਤ ਸੀ.ਆਈ.ਡੀ. ਵੱਲੋਂ ਸੂਬੇ ਦੇ ਘੱਟ ਤੋਂ ਘੱਟ 20 ਯਾਤਰੀਆਂ ਤੋਂ ਪੁੱਛਗਿੱਛ ਕੀਤੀ ਹੈ, ਗੁਜਰਾਤ ਪੁਲਿਸ 'ਏਜੰਟਾਂ' ਦੀ ਪੈੜ ਨੱਪ ਰਹੀ ਹੈ ਪਰ 'ਏਜੰਟਾਂ' ਦੀ ਨਿਸ਼ਾਨਦੇਹੀ ਦਾ ਇਹ ਕੋਈ ਪਹਿਲਾ ਮਾਮਲਾ ਨਹੀਂ ਹੈ। ਜੇ ਸਿਰਫ ਏਜੰਟਾਂ ਖਿਲਾਫ ਕਾਰਵਾਈ ਨਾਲ ਹੀ ਨਾਜਾਇਜ਼ ਢੰਗ ਨਾਲ ਵਿਦੇਸ਼ ਭੇਜਣ ਦੇ ਮਸਲੇ ਨੂੰ ਠੱਲ੍ਹ ਪਾਈ ਜਾ ਸਕਦੀ ਹੁੰਦੀ ਤਾਂ ਪੰਜਾਬੀਆਂ ਦੇ ਵਿਦੇਸ਼ ਜਾਣ ਨਾਲ ਜੁੜੀਆਂ ਤ੍ਰਾਸਦੀਆਂ ਵਿਚੋਂ ਅਹਿਮ ਮਾਲਟਾ ਕਿਸ਼ਤੀ ਕਾਂਡ ਬਾਅਦ ਹੀ ਸਰਕਾਰ ਕਾਰਵਾਈ ਕਰ ਸਕਦੀ ਸੀ। ਜਦ ਦਸੰਬਰ 1996 ਵਿਚ ਸਮੁੰਦਰੀ ਰਸਤੇ ਅਫਰੀਕਾ ਤੋਂ ਯੂਰਪ ਜਾਣ ਦਾ ਤਰੱਦਦ ਕਰਦੇ ਮੁੰਡਿਆਂ ਦੀ ਕਿਸ਼ਤੀ ਡੁੱਬ ਜਾਣ ਕਾਰਨ 270 ਮੌਤਾਂ ਹੋਈਆਂ ਸਨ ਜਿਨ੍ਹਾਂ ਵਿਚੋਂ 170 ਮੁੰਡੇ ਪੰਜਾਬੀ ਸਨ। 2016 ਦਾ ਪਨਾਮਾ ਕਾਂਡ ਵੀ ਇਸੇ ਤਰ੍ਹਾਂ ਹੀ ਵਾਪਰਿਆ ਸੀ।

ਭਾਰਤ ਕੋਲ ਦੁਨੀਆ ਦੀ ਸਭ ਤੋਂ ਉਪਜਾਊ ਧਰਤੀ ਹੋਣ ਦੇ ਬਾਵਜੂਦ ਇੱਥੋਂ ਸਿਰਫ 'ਬਰੇਨ-ਡਰੇਨ' ਹੀ ਨਹੀਂ ਹੋ ਰਿਹਾ ਬਲਕਿ ਪੂੰਜੀ ਵੀ ਵਿਦੇਸ਼ਾਂ ਵਿਚ ਜਾ ਰਹੀ ਹੈ। ਇਸ ਲਈ ਸਾਡੀਆਂ ਸਰਕਾਰਾਂ ਨੂੰ ਚਾਹੀਦਾ ਹੈ ਕਿ ਨੌਜਵਾਨਾਂ ਦਾ ਝੁਕਾਅ ਦੇਸ਼ ਵਿਚ ਬਣਾਉਣ ਲਈ ਇੱਥੇ ਉਹ ਹਲਾਤ ਪੈਦਾ ਕਰੇ। ਸਰਕਾਰ ਫੌਰੀ ਕਿਸਾਨਾਂ ਨੂੰ ਫਸਲਾਂ ਦੇ ਵਾਜਬ ਭਾਅ ਮੁਹੱਈਆ ਕਰੇ, ਖੇਤੀ ਆਧਾਰਿਤ ਸਨਅਤਾਂ ਲਗਾਈਆ ਜਾਣ, ਸਬਜ਼ੀਆਂ ਦੀ ਕਾਸ਼ਤ ਨੂੰ ਉਤਸ਼ਾਹਿਤ ਕੀਤਾ ਜਾਵੇ ਤੇ ਵੱਖ-ਵੱਖ ਮੁਲਕਾਂ ਵਿਚ ਸਬਜ਼ੀਆਂ ਪਹੁੰਚਾਉਣ ਦਾ ਪ੍ਰਬੰਧ ਕੀਤਾ ਜਾਵੇ, ਸਰਕਾਰੀ ਤੇ ਗੈਰ-ਸਰਕਾਰੀ ਖੇਤਰ ਵਿਚ ਨੌਜਵਾਨਾਂ ਨੂੰ ਯੋਗਤਾ ਅਨੁਸਾਰ ਰੁਜ਼ਗਾਰ ਮੁਹੱਈਆ ਕੀਤਾ ਜਾਵੇ। ਰੁਜ਼ਗਾਰ ਨਾ ਮਿਲਣ ਦੀ ਸੂਰਤ ਵਿਚ ਬੇਰੁਜ਼ਗਾਰੀ ਭੱਤਾ ਦੇਣਾ ਯਕੀਨੀ ਬਣਾਇਆ ਜਾਵੇ। ਸਰਕਾਰੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਬਹਾਲ ਕਰ ਕੇ ਤੇ ਸਮੂਹ ਬਜ਼ੁਰਗਾਂ ਨੂੰ ਸਨਮਾਨਯੋਗ ਪੈਨਸ਼ਨ ਮੁਹੱਈਆ ਕਰ ਕੇ ਸਰਕਾਰ ਨੌਜਵਾਨਾਂ ਨੂੰ ਇਹ ਸੰਕੇਤ ਦੇਵੇ ਕਿ ਦੇਸ਼ ਅੰਦਰ ਉਹਨਾਂ ਦਾ ਭਵਿੱਖ ਸੁਰੱਖਿਅਤ ਹੈ ਤਾਂ ਨੌਜਵਾਨਾਂ ਨੂੰ ਇੱਥੇ ਰੋਕਿਆ ਜਾ ਸਕਦਾ ਹੈ।

# ਮੋਦੀ ਹਕੂਮਤ ਦੀ ਟੇਕ ਹੁਣ ਜਾਸੂਸੀ ਸਾਫਟਵੇਅਰਾਂ ਉੱਪਰ

***ਫਾਸ਼ੀਵਾਦੀ ਏਜੰਡੇ ਵਾਲੀ ਮੋਦੀ ਹਕੂਮਤ ਵਿਚ ਬੋਲਣ ਦੀ ਆਜ਼ਾਦੀ ਮਾਰ ਹੇਠ ਹੈ। ਪਿਛਲੇ ਸਮੇਂ 'ਚ ਬਹੁਤ ਸਾਰੀਆਂ ਆਲਮੀ ਰਿਪੋਰਟਾਂ ਨੇ ਭਾਰਤ ਵਿਚ ਪ੍ਰੈੱਸ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਨਾਜ਼ੁਕ ਹਾਲਤ ਅਤੇ ਪੱਤਰਕਾਰਾਂ ਨੂੰ ਗ੍ਰਿਫਤਾਰ ਜਾਂ ਜੇਲ੍ਹਾਂ 'ਚ ਡੱਕਣ ਦਾ ਗੰਭੀਰ ਨੋਟਿਸ ਲਿਆ ਹੈ। ਇਨ੍ਹਾਂ ਹਾਲਾਤ ਬਾਰੇ ਟਿੱਪਣੀ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤੀ ਹੈ।***

ਹਕੂਮਤ ਦੇ ਆਲੋਚਕਾਂ ਦੀ ਜਾਸੂਸੀ ਕਰਨ ਲਈ ਪੈਗਾਸਸ ਦੀ ਵਰਤੋਂ ਇਕ ਵਾਰ ਫਿਰ ਸੁਰਖ਼ੀਆਂ ਬਣੀ ਹੈ। ਐਮਨੈਸਟੀ ਇੰਟਰਨੈਸ਼ਨਲ ਅਤੇ 'ਦਿ ਵਾਸ਼ਿੰਗਟਨ ਪੋਸਟ' ਨੇ ਦੋ ਵੱਡੇ ਭਾਰਤੀ ਪੱਤਰਕਾਰਾਂ ਦੇ ਸਮਾਰਟਫੋਨਾਂ ਨੂੰ ਨਿਸ਼ਾਨਾ ਬਣਾਉਣ ਦੀ ਪੁਸ਼ਟੀ ਕੀਤੀ ਹੈ। 'ਦਿ ਵਾਸ਼ਿੰਗਟਨ ਪੋਸਟ' ਨੇ ਐਪਲ ਦੀ ਚਿਤਾਵਨੀ ਨੂੰ ਦਬਾਉਣ ਲਈ ਭਗਵਾ ਹਕੂਮਤ ਵੱਲੋਂ ਵਰਤੇ ਬਾਂਹ-ਮਰੋੜ ਹੱਥਕੰਡਿਆਂ ਦੇ ਖ਼ੁਲਾਸੇ ਵੀ ਕੀਤੇ ਹਨ। ਇਸ ਨਾਲ ਮੁੜ ਪੁਸ਼ਟੀ ਹੋ ਗਈ ਹੈ ਕਿ ਭਾਰਤ ਸਰਕਾਰ ਨੇ ਪੈਗਾਸਸ ਖ਼ਰੀਦਿਆ ਵੀ ਹੈ ਅਤੇ ਖੋਜੀ ਪੱਤਰਕਾਰਾਂ ਤੇ ਹੋਰ ਸਰਕਾਰ ਵਿਰੋਧੀਆਂ ਦੀ ਜਾਸੂਸੀ ਕਰਨ ਲਈ ਲਗਾਤਾਰ ਵਰਤਿਆ ਵੀ ਜਾ ਰਿਹਾ ਹੈ।

2017 ਦਾ ਵਪਾਰਕ ਡੇਟਾ ਦਰਸਾਉਂਦਾ ਹੈ ਕਿ ਐਨ.ਐਸ.ਓ. ਗਰੁੱਪ ਭਾਰਤ ਦੀ ਇੰਟੈਲੀਜੈਂਸ ਬਿਊਰੋ ਲਈ ਹਾਰਡਵੇਅਰ ਦਰਾਮਦ ਦਾ ਸਰੋਤ ਸੀ। ਪਿਛਲੇ ਸਾਲ 'ਨਿਊ ਯਾਰਕ ਟਾਈਮਜ਼' ਨੇ ਯੇਰੂਸ਼ਲਮ ਤੋਂ ਰਿਪੋਰਟ ਛਾਪੀ ਸੀ ਕਿ ਭਾਰਤ ਨੇ 2017 'ਚ 3 ਅਰਬ ਡਾਲਰ ਦੇ ਵੱਡੇ ਡਿਫੈਂਸ ਸੌਦੇ ਦੇ ਹਿੱਸੇ ਵਜੋਂ ਇਜ਼ਰਾਈਲ ਤੋਂ ਪੈਗਾਸਸ ਖ਼ਰੀਦਿਆ ਸੀ (ਅਮਰੀਕਾ ਵਿਚ ਡਿਫੈਂਸ ਇੰਟੈਲੀਜੈਂਸ ਏਜੰਸੀ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**

ਦੇ ਸਿਗਨਲ ਇੰਟੈਲੀਜੈਂਸ ਡਾਇਰੈਕਟੋਰੇਟ ਵੱਲੋਂ ਅਪਰੈਲ ਵਿਚ ਕੌਗਨਾਈਟ ਫਰਮ ਤੋਂ ਖ਼ਰੀਦੀ ਅਜਿਹੀ ਹੀ ਜਾਸੂਸੀ ਤਕਨਾਲੋਜੀ ਵੀ ਇਸੇ ਤਰ੍ਹਾਂ ਵਿਵਾਦਾਂ 'ਚ ਘਿਰੀ ਹੋਈ ਹੈ)। ਫਿਰ ਇੰਪੋਰਟ ਡੇਟਾ ਅਤੇ ਭਾਰਤ ਦੇ ਖ਼ੁਫ਼ੀਆ ਅਧਿਕਾਰੀਆਂ ਨਾਲ ਗੱਲਬਾਤ ਦੇ ਆਧਾਰ 'ਤੇ ਓ.ਸੀ.ਸੀ.ਆਰ.ਪੀ. (ਆਰਗੇਨਾਈਜ਼ਡ ਕ੍ਰਾਈਮ ਐਂਡ ਕੁਰੱਪਸ਼ਨ ਰਿਪੋਰਟ ਪ੍ਰੋਜੈਕਟ) ਨੇ ਰਿਪੋਰਟ ਦਿੱਤੀ ਕਿ ਅਪਰੈਲ 2017 'ਚ ਆਈ.ਬੀ. ਨੇ ਐੱਨ.ਐੱਸ.ਓ. ਤੋਂ ਹਵਾਈ ਰਸਤਿਓਂ 'ਡਿਫੈਂਸ ਅਤੇ ਮਿਲਟਰੀ ਵਰਤੋਂ ਲਈ' ਜੋ ਹਾਰਡਵੇਅਰ ਦੀ ਖੇਪ (ਡੈੱਲ ਕੰਪਿਊਟਰ ਸਰਵਰ, ਸਿਸਕੋ ਨੈੱਟਵਰਕ ਸਾਜ਼ੋ-ਸਮਾਨ, ਯੂ.ਪੀ.ਐੱਸ. ਬੈਟਰੀਆਂ) ਮੰਗਵਾਈ ਸੀ, ਉਹ ਪੈਗਾਸਸ ਚਲਾਉਣ ਲਈ ਵਰਤੇ ਜਾਂਦੇ ਸਾਜ਼ੋ-ਸਮਾਨ ਵਰਗਾ ਹੈ। ਪੈਗਾਸਸ ਰਾਹੀਂ ਜਾਸੂਸੀ ਦਾ ਖ਼ੁਲਾਸਾ ਹੋਣ 'ਤੇ ਆਰ.ਐੱਸ.ਐੱਸ.-ਭਾਜਪਾ ਸਰਕਾਰ ਨੇ ਅਜਿਹੀਆਂ ਰਿਪੋਰਟਾਂ ਨੂੰ ਗੈਰ-ਭਰੋਸੇਯੋਗ ਦੱਸਿਆ ਪਰ ਸਰਕਾਰ ਨੇ ਪੈਗਾਸਸ ਖ਼ਰੀਦਿਆ ਹੋਣ ਤੋਂ ਅਧਿਕਾਰਕ ਤੌਰ 'ਤੇ ਇਨਕਾਰ ਵੀ ਨਹੀਂ ਕੀਤਾ। ਜਦੋਂ ਡਿਜੀਟਲ ਜਾਸੂਸੀ ਦੇ ਪੀੜਤਾਂ ਅਤੇ ਮੀਡੀਆ ਪੇਸ਼ੇਵਰਾਂ ਨੇ ਸੁਪਰੀਮ ਕੋਰਟ ਵਿਚ ਜਨ ਹਿਤ ਪਟੀਸ਼ਨਾਂ ਪਾ ਕੇ ਜਾਂਚ ਦੀ ਮੰਗ ਕੀਤੀ ਤਾਂ ਮੋਦੀ ਵਜ਼ਾਰਤ ਨੇ ਬਹਾਨਾ ਬਣਾ ਲਿਆ ਕਿ 'ਕੌਮੀ ਸੁਰੱਖਿਆ' ਦਾ ਮਾਮਲਾ ਹੋਣ ਕਾਰਨ ਇਹ ਦੱਸਿਆ ਨਹੀਂ ਜਾ ਸਕਦਾ ਕਿ ਸਰਕਾਰ ਪੈਗਾਸਸ ਵਰਤਦੀ ਹੈ ਜਾਂ ਨਹੀਂ।

31 ਅਕਤੂਬਰ ਨੂੰ ਆਈਫੋਨ ਨਿਰਮਾਤਾ ਕੰਪਨੀ ਐਪਲ ਨੇ ਨੋਟੀਫੀਕੇਸ਼ਨ ਜਾਰੀ ਕਰ ਕੇ ਦੁਨੀਆ ਭਰ 'ਚ ਆਈਫੋਨ ਦੇ ਉਨ੍ਹਾਂ ਵਰਤੋਂਕਾਰਾਂ ਨੂੰ ਚੁਕੰਨੇ ਕੀਤਾ ਜਿਨ੍ਹਾਂ ਦੇ ਫੋਨਾਂ 'ਚ 'ਹਕੂਮਤੀ ਸਰਪ੍ਰਸਤੀ ਵਾਲੇ' ਹਮਲਿਆਂ ਵੱਲੋਂ ਸੰਨ੍ਹ ਲਾਉਣ ਦੀਆਂ ਕੋਸ਼ਿਸ਼ਾਂ ਨੋਟ ਕੀਤੀਆਂ ਗਈਆਂ ਸਨ। ਇਨ੍ਹਾਂ ਵਿਚੋਂ 20 ਤੋਂ ਉੱਪਰ ਵਰਤੋਂਕਾਰ ਭਾਰਤ ਦੇ ਵੱਡੇ ਪੱਤਰਕਾਰ ਅਤੇ ਮਹੂਆ ਮੋਇਤਰਾ ਵਰਗੇ ਵਿਰੋਧੀ ਧਿਰ ਦੇ ਸਿਆਸਤਦਾਨ ਸਨ। ਨਿਊਜ਼ ਵੈੱਬਸਾਈਟ 'ਦਿ ਵਾਇਰ' ਦੇ ਸੰਪਾਦਕ ਸਿਧਾਰਥ ਵਰਧਰਾਜਨ ਅਤੇ ਓ.ਸੀ.ਸੀ.ਆਰ.ਪੀ. ਦੇ ਸਾਊਥ ਏਸ਼ੀਆ ਸੰਪਾਦਕ ਆਨੰਦ ਮੰਗਨਾਲੇ ਨੇ ਉਪਰੋਕਤ ਚਿਤਾਵਨੀਆਂ ਤੋਂ ਬਾਅਦ ਐਮਨੈਸਟੀ ਇੰਟਰਨੈਸ਼ਨਲ ਤੋਂ ਸਹਾਇਤਾ ਦੀ ਮੰਗ ਕੀਤੀ ਸੀ। ਐਮਨੈਸਟੀ ਦੀ ਸਕਿਓਰਿਟੀ ਲੈਬ ਵੱਲੋਂ ਡੂੰਘੀ ਪੁਣ-ਛਾਣ ਤੋਂ ਬਾਅਦ ਉਨ੍ਹਾਂ ਦੇ ਡਿਵਾਈਸਾਂ ਉੱਪਰ ਪੈਗਾਸਸ ਸਪਾਈਵੇਅਰ ਦੀ ਮੌਜੂਦਗੀ ਦੀ ਪੁਸ਼ਟੀ ਕੀਤੇ ਜਾਣ ਨਾਲ ਭਗਵਾ ਹਕੂਮਤ ਮੁੜ ਸਵਾਲਾਂ 'ਚ ਘਿਰ ਗਈ ਹੈ।

ਐਮਨੈਸਟੀ ਪਹਿਲਾਂ ਵੀ ਪਤਾ ਲਗਾ ਚੁੱਕੀ ਹੈ ਕਿ ਸਿਧਾਰਥ ਵਰਧਰਾਜਨ ਦੇ ਫੋਨ ਨੂੰ ਪੈਗਾਸਸ ਦੁਆਰਾ 2018 'ਚ ਵੀ ਨਿਸ਼ਾਨਾ ਬਣਾਇਆ ਗਿਆ ਸੀ। 2021 'ਚ ਲੀਕ ਹੋਏ ਦਸਤਾਵੇਜ਼ਾਂ ਨੇ ਦਿਖਾਇਆ ਕਿ ਪੈਗਾਸਸ ਦੀ ਵਰਤੋਂ 1,000 ਤੋਂ ਵੱਧ ਭਾਰਤੀ ਫੋਨ ਨੰਬਰਾਂ ਵਿਰੁੱਧ ਕੀਤੀ ਗਈ ਸੀ। ਇਹ ਸੂਚੀ ਐਮਨੈਸਟੀ ਅਤੇ ਪੈਰਿਸ ਆਧਾਰਿਤ ਪੱਤਰਕਾਰੀ ਖੇਤਰ ਦੀ ਗੈਰ-ਲਾਭਕਾਰੀ ਸੰਸਥਾ 'ਦਿ ਫੋਰਬਿਡਨ ਸਟੋਰੀਜ਼' ਦੁਆਰਾ ਨਿਊਜ਼ ਸਮੂਹਾਂ ਨਾਲ ਮਿਲ ਕੇ ਡੂੰਘੀ ਛਾਣ-ਬੀਣ ਤੋਂ ਬਾਅਦ ਬਣਾਈ ਗਈ ਸੀ। 2019 'ਚ ਵਟਸਐਪ ਨੇ ਵੀ ਪੁਸ਼ਟੀ ਕੀਤੀ ਸੀ ਕਿ ਉਸ ਦੇ ਪਲੈਟਫਾਰਮ ਦੀ ਵਰਤੋਂ ਬਹੁਤ ਸਾਰੇ ਭਾਰਤੀ ਪੱਤਰਕਾਰਾਂ ਅਤੇ ਹੱਕਾਂ ਦੇ ਕਾਰਕੁਨਾਂ ਸਮੇਤ 1400 ਤੋਂ ਉੱਪਰ ਫੋਨਾਂ 'ਚ ਮਾਲਵੇਅਰ ਪਲਾਂਟ ਕਰਨ ਲਈ ਕੀਤੀ ਗਈ ਸੀ।

2021 'ਚ ਭਾਰਤੀ ਸੁਪਰੀਮ ਕੋਰਟ ਵੱਲੋਂ ਰਿਟਾਇਰਡ ਜੱਜ ਦੀ ਅਗਵਾਈ 'ਚ ਬਣਾਈ ਕਮੇਟੀ ਵੱਲੋਂ ਸਿਧਾਰਥ ਦੇ ਡਿਜੀਟਲ ਯੰਤਰਾਂ ਦੀ ਛਾਣ-ਬੀਣ ਕੀਤੀ ਗਈ। ਜਾਂਚ 2022 'ਚ ਸਮਾਪਤ ਹੋ ਗਈ ਪਰ ਉਸ ਜਾਂਚ ਦੇ ਨਤੀਜੇ ਜਨਤਕ ਨਹੀਂ ਕੀਤੇ ਗਏ। ਦਰਅਸਲ ਸਰਕਾਰ ਨੇ ਤਕਨੀਕੀ ਕਮੇਟੀ ਨੂੰ ਜਾਂਚ 'ਚ ਸਹਿਯੋਗ ਦੇਣ ਤੋਂ ਇਨਕਾਰ ਕਰ ਦਿੱਤਾ ਸੀ। 'ਦਿ ਵਾਸ਼ਿੰਗਟਨ ਪੋਸਟ' ਦੀ 27 ਦਸੰਬਰ ਵਾਲੀ ਰਿਪੋਰਟ ਨੇ ਵੀ ਐਪਲ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਮੋਦੀ ਪ੍ਰਸ਼ਾਸਨ ਨੇ ਐਪਲ 'ਤੇ ਉਪਰੋਕਤ ਸੁਰੱਖਿਆ ਐਲਰਟ ਨੂੰ ਦਬਾਉਣ ਲਈ ਦਬਾਅ ਪਾਇਆ। ਐਪਲ ਨੇ ਸਰਕਾਰ ਦੀ ਗੱਲ ਨਹੀਂ ਮੰਨੀ। ਜ਼ਾਹਿਰ ਹੈ ਕਿ ਸੁਰੱਖਿਆ ਐਲਰਟ ਤੇ ਐਮਨੈਸਟੀ ਦੀ ਛਾਣ-ਬੀਣ ਦੀਆਂ ਰਿਪੋਰਟਾਂ ਬੇਬੁਨਿਆਦ ਨਹੀਂ ਹਨ ਅਤੇ ਸਰਕਾਰ ਪੈਗਾਸਸ ਦੀ ਵਰਤੋਂ ਦਾ ਸੱਚ ਛੁਪਾ ਰਹੀ ਹੈ।

ਪਹਿਲਾਂ ਵੀ ਸਾਹਮਣੇ ਆਇਆ ਸੀ ਕਿ ਸਿਧਾਰਥ ਸਮੇਤ 150 ਮੁਲਕਾਂ 'ਚ ਪੱਤਰਕਾਰਾਂ ਨੂੰ ਉਨ੍ਹਾਂ ਦੀਆਂ ਰਿਪੋਰਟਾਂ ਕਾਰਨ ਨਿਸ਼ਾਨਾ ਬਣਾਇਆ ਗਿਆ ਸੀ। 2021 'ਚ 'ਦਿ ਫੋਰਬਿਡਨ ਸਟੋਰੀਜ਼' ਦੀ ਰਿਪੋਰਟ ਨੇ ਖ਼ੁਲਾਸਾ ਕੀਤਾ ਸੀ ਕਿ ਉਸ ਸਾਲ ਤੱਕ ਪੈਗਾਸਸ ਕਈ ਵਿਰੋਧੀ ਨੇਤਾਵਾਂ, ਪੱਤਰਕਾਰਾਂ ਅਤੇ ਕਾਰਕੁਨਾਂ ਨੂੰ ਨਿਸ਼ਾਨਾ ਬਣਾ ਚੁੱਕਾ ਸੀ। ਹੁਣ ਐਮਨੈਸਟੀ ਨੇ ਮੁੜ ਪੁਸ਼ਟੀ ਕੀਤੀ ਹੈ ਕਿ ਰਿਕਵਰ ਕੀਤੇ ਨਮੂਨੇ ਸਾਫਟਵੇਅਰ ਕਮਜ਼ੋਰੀਆਂ ਦਾ ਫ਼ਾਇਦਾ ਉਠਾਉਣ ਲਈ ਐੱਨ.ਐੱਸ.ਓ. ਗਰੁੱਪ ਦੇ ਬਦਨਾਮ 'ਬਲਾਸਟਪਾਸਟ' ਨਾਲ ਮੇਲ ਖਾਂਦੇ ਹਨ ਜਿਨ੍ਹਾਂ ਦੀ ਪਛਾਣ ਸਤੰਬਰ 2021 'ਚ ਸਿਟੀਜ਼ਨ ਲੈਬ ਦੁਆਰਾ ਕੀਤੀ ਗਈ ਸੀ ਅਤੇ ਪਿੱਛੋਂ ਐਪਲ ਨੇ ਇਸ ਦੇ ਤੋੜ ਵਜੋਂ ਸਾਫਟਵੇਅਰ ਦਾ ਅਪਗ੍ਰੇਡ 16.6.1 ਪੈਚ ਪੇਸ਼ ਕੀਤਾ ਸੀ।

2021 'ਚ ਸੁਪਰੀਮ ਕੋਰਟ ਦੇ ਜਾਂਚ ਦੇ ਹੁਕਮ ਕਿਸੇ ਤਣ-ਪੱਤਣ ਨਾ ਲੱਗੇ। ਉਪਰੋਕਤ ਪੈਚ ਦੇ ਬਾਵਜੂਦ ਐਪਲ ਨੂੰ ਅਲਰਟ ਜਾਰੀ ਕਰਨਾ ਪਿਆ। ਐਮਨੈਸਟੀ ਵਲੋਂ ਆਪਣੀ ਛਾਣ-ਬੀਣ 'ਚ 'ਦਿ ਵਾਇਰ' ਦੇ ਮੋਢੀ ਸੰਪਾਦਕ ਸਿਧਾਰਥ ਵਰਧਰਾਜਨ ਅਤੇ ਓ.ਸੀ.ਸੀ.ਆਰ.ਪੀ. (ਜਿਸ ਨੇ ਪਿਛਲੇ ਸਮੇਂ 'ਚ ਦਾਅਵਾ ਕੀਤਾ ਸੀ ਕਿ ਖ਼ੁਫ਼ੀਆ ਏਜੰਸੀ ਆਈ.ਬੀ. ਨੇ ਪੈਗਾਸਸ ਹਾਸਲ ਕੀਤਾ ਸੀ) ਦੇ ਆਨੰਦ ਮੰਗਨਾਲੇ ਦੇ ਐਪਲ ਫੋਨਾਂ ਉੱਪਰ ਪੈਗਾਸਸ ਦੀ ਪੈੜ ਮੁੜ ਨੱਪੀ ਗਈ ਹੈ।

ਸਿਧਾਰਥ ਅਤੇ ਆਨੰਦ ਵਰਗੇ ਸੀਨੀਅਰ ਪੱਤਰਕਾਰ ਭਗਵਾ ਹਕੂਮਤ ਨੂੰ ਕਿਉਂ ਚੁਭਦੇ ਹਨ? ਉਹ ਨਿਧੜਕ ਰਿਪੋਰਟਿੰਗ/ਤਬਸਰੇ ਕਾਰਨ ਨਿਸ਼ਾਨੇ 'ਤੇ ਹਨ ਜਿਵੇਂ ਵਾਸ਼ਿੰਗਟਨ ਪੋਸਟ ਦੀ ਰਿਪੋਰਟ ਦੱਸਦੀ ਹੈ:

"23 ਅਗਸਤ ਨੂੰ ਓ.ਸੀ.ਸੀ.ਆਰ.ਪੀ. ਨੇ ਆਪਣੀ ਉਸ ਸਟੋਰੀ ਲਈ ਅਡਾਨੀ ਦੀ ਟਿੱਪਣੀ ਲੈਣ ਲਈ ਉਸ ਨੂੰ ਈਮੇਲ ਕੀਤੀ ਜੋ ਅਗਲੇ ਹਫ਼ਤੇ ਪ੍ਰਕਾਸ਼ਿਤ ਹੋਣੀ ਸੀ ਜਿਸ ਵਿਚ ਦੋਸ਼ ਲਾਇਆ ਗਿਆ ਸੀ ਕਿ ਉਸ ਦਾ ਭਰਾ ਅਜਿਹੇ ਸਮੂਹ ਦਾ




ਹਿੱਸਾ ਸੀ ਜਿਸ ਨੇ ਅਡਾਨੀ ਸਮੂਹ ਨਾਲ ਗੁਪਤ ਰੂਪ 'ਚ ਕਰੋੜਾਂ ਡਾਲਰਾਂ ਦਾ ਕਾਰੋਬਾਰ ਕੀਤਾ ਸੀ। ਸਮੂਹ ਦਾ ਜਨਤਕ ਸਟਾਕ ਸੰਭਵ ਤੌਰ 'ਤੇ ਭਾਰਤੀ ਸਕਿਓਰਿਟੀ ਕਾਨੂੰਨਾਂ ਦੀ ਉਲੰਘਣਾ ਹੈ। ਐਮਨੈਸਟੀ ਇੰਟਰਨੈਸ਼ਨਲ ਅਤੇ ਵਾਸ਼ਿੰਗਟਨ ਪੋਸਟ ਵੱਲੋਂ ਮਿਲ ਕੇ ਮੰਗਨਾਲੇ ਦੇ ਫੋਨ ਦਾ ਜੋ ਫੋਰੈਂਸਿਕ ਵਿਸ਼ਲੇਸ਼ਣ ਕੀਤਾ ਗਿਆ ਉਸ 'ਚ ਦੇਖਿਆ ਗਿਆ ਕਿ ਉਸ ਇਨਕੁਆਰੀ ਦੇ 24 ਘੰਟਿਆਂ ਦੇ ਅੰਦਰ ਹੀ ਇਕ ਹਮਲਾਵਰ ਨੇ ਡਿਵਾਈਸ ਵਿਚ ਘੁਸਪੈਠ ਕੀਤੀ ਅਤੇ ਉੱਥੇ ਪੈਗਾਸਸ ਪਲਾਂਟ ਕਰ ਦਿੱਤਾ ਜਿਸ ਬਦਨਾਮ ਸਪਾਈਵੇਅਰ ਬਾਰੇ ਇਜ਼ਰਾਇਲੀ ਕੰਪਨੀ ਐੱਨ.ਐੱਸ.ਓ. ਸਮੂਹ ਦਾ ਕਹਿਣਾ ਹੈ ਕਿ ਇਹ ਸਿਰਫ ਸਰਕਾਰਾਂ ਨੂੰ ਵੇਚਿਆ ਜਾਂਦਾ ਹੈ।"

"ਦੋਹਾਂ ਭਾਰਤੀ ਪੱਤਰਕਾਰਾਂ ਦੇ ਡਿਵਾਇਸਾਂ ਉੱਪਰ ਪੈਗਾਸਸ ਸਪਾਈਵੇਅਰ ਦੀ ਸਰਗਰਮੀ ਦੀ ਪੈੜ ਨੱਪਣ" ਬਾਰੇ ਐਮਨੈਸਟੀ ਇੰਟਰਨੈਸ਼ਨਲ ਦਾ ਪ੍ਰੈੱਸ ਬਿਆਨ ਕਹਿੰਦਾ ਹੈ:

"ਸੁਰੱਖਿਆ ਲੈਬ ਨੇ ਆਨੰਦ ਮੰਗਨਾਲੇ ਦੇ ਡਿਵਾਈਸ ਤੋਂ ਜ਼ੀਰੋ-ਕਲਿੱਕ ਐਕਸਪਲਾਇਟ ਦੇ ਸਬੂਤ ਬਰਾਮਦ ਕੀਤੇ ਜੋ ਉਸ ਦੇ ਫੋਨ ਉੱਪਰ 23 ਅਗਸਤ 2023 ਨੂੰ ਆਈਮੈਸੇਜ ਉੱਪਰ ਭੇਜੇ ਗਏ ਸਨ, ਤੇ ਜੋ ਗੁਪਤ ਰੂਪ ਵਿਚ ਪੈਗਾਸਸ ਸਪਾਈਵੇਅਰ ਇੰਸਟਾਲ ਕਰਨ ਲਈ ਬਣਾਇਆ ਗਿਆ ਹੈ। ਫੋਨ ਆਈ.ਓ.ਐੱਸ. 16.6 'ਤੇ ਚੱਲ ਰਿਹਾ ਸੀ ਜੋ ਉਸ ਸਮੇਂ ਉਪਲਬਧ ਨਵੀਨਤਮ ਵਰਜ਼ਨ (ਐਪਲ ਸਾਫਟਵੇਅਰ ਦਾ) ਸੀ।

"ਇਕ ਜ਼ੀਰੋ-ਕਲਿੱਕ ਐਕਸਪਲਾਇਟ ਦਾ ਮਤਲਬ ਹੈ ਸੰਨ੍ਹ ਲਾਊ ਸਾਫਟਵੇਅਰ ਜੋ ਸਪਾਈਵੇਅਰ ਨੂੰ ਇਕ ਟਾਰਗੈੱਟ ਡਿਵਾਈਸ ਉੱਪਰ, ਵਰਤੋਂਕਾਰ ਵੱਲੋਂ ਕੋਈ ਕਾਰਵਾਈ ਕੀਤੇ ਬਿਨਾਂ ਹੀ, ਜਿਵੇਂ ਇਕ ਲਿੰਕ ਉੱਪਰ ਕਲਿੱਕ ਕਰਨਾ, ਇੰਸਟਾਲ ਕਰਨ ਦੇ ਯੋਗ ਬਣਾਉਂਦਾ ਹੈ।

"ਸਕਿਓਰਿਟੀ ਲੈਬ ਨੇ ਹਮਲਾਵਰ-ਨਿਯੰਤਰਿਤ ਈਮੇਲ ਪਤੇ ਦੀ ਵੀ ਪਛਾਣ ਕੀਤੀ ਹੈ ਜੋ ਉਸ ਦੇ ਡਿਵਾਈਸ ਉੱਪਰ ਪੈਗਾਸਸ ਹਮਲੇ ਦੇ ਹਿੱਸੇ ਵਜੋਂ ਵਰਤਿਆ ਗਿਆ ਸੀ। ਬਰਾਮਦ ਕੀਤੇ ਨਮੂਨੇ ਗਰੁੱਪ ਦੇ ਬਲਾਸਟਪਾਸਟ ਐਕਸਪਲਾਇਟ ਨਾਲ ਮੇਲ ਖਾਂਦੇ ਹਨ ਜਿਸ ਦੀ ਪਛਾਣ ਸਤੰਬਰ 2023 'ਚ ਸਿਟੀਜ਼ਨ ਲੈਬ ਵੱਲੋਂ ਜਨਤਕ ਤੌਰ 'ਤੇ ਕੀਤੀ ਗਈ ਸੀ ਅਤੇ ਐਪਲ ਦੁਆਰਾ ਆਈ.ਓ.ਐੱਸ. 16.6.1 (ਸੀ.ਵੀ.ਈ.-2023-41064) ਵਿਚ ਇਸ ਦਾ ਪੈਚ ਦਿੱਤਾ ਗਿਆ ਸੀ।

"ਹਮਲੇ ਦੇ ਵਕਤ ਆਨੰਦ ਮੰਗਨਾਲੇ ਦਾ ਫੋਨ ਇਸ ਜ਼ੀਰੋ-ਕਲਿੱਕ ਐਕਸਪਲਾਇਟ ਅੱਗੇ ਕਮਜ਼ੋਰ ਹਾਲਤ 'ਚ ਸੀ। ਫ਼ਿਲਹਾਲ ਇਹ ਸਪਸ਼ਟ ਨਹੀਂ ਹੈ ਕਿ ਕੀ ਐਕਸਪਲਾਇਟ ਦੀ ਕੋਸ਼ਿਸ਼ ਦੇ ਨਤੀਜੇ ਵਜੋਂ ਉਸਦੇ ਡਿਵਾਈਸ 'ਚ ਸੰਨ੍ਹ ਲਾਊ ਹਮਲਾ ਕਾਮਯਾਬ ਹੋਇਆ ਜਾਂ ਨਹੀਂ।"

ਜਿੱਥੋਂ ਤੱਕ ਸਿਧਾਰਥ ਦੇ ਫੋਨ ਦਾ ਸਵਾਲ ਹੈ, ਐਮਨੈਸਟੀ ਦੀ ਫੋਰੈਂਸਿਕ ਰਿਪੋਰਟ ਕਹਿੰਦੀ ਹੈ: "ਸਕਿਓਰਿਟੀ ਲੈਬ ਨੇ ਸਿਧਾਰਥ ਵਰਧਰਾਜਨ ਦੇ ਆਈਫੋਨ 11 ਦੇ ਫੋਰੈਂਸਿਕ ਰਿਕਾਰਡਾਂ ਦੀ ਸਮੀਖਿਆ ਕੀਤੀ ਅਤੇ ਅਜਿਹੀ ਪੈੜ ਦੀ ਪਛਾਣ ਕੀਤੀ ਜੋ ਪੁਸ਼ਟੀ ਕਰਦੀ ਹੈ ਕਿ ਅਕਤੂਬਰ 2023 'ਚ ਐੱਨ.ਐੱਸ.ਓ. ਗਰੁੱਪ ਦੇ ਪੈਗਾਸਸ ਸਾਫਟਵੇਅਰ ਨਾਲ ਉਸ ਦੇ ਫੋਨ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ।

"ਸਿਧਾਰਥ ਵਰਧਰਾਜਨ ਦੇ ਆਈਫੋਨ ਦੇ ਹੋਮਕਿੱਟ ਲੌਗ ਦੱਸਦੇ ਹਨ ਕਿ ਉਸ ਨੂੰ ਵੀ ਉਸੇ ਪੈਗਾਸਸ ਹਮਲਾਵਰ ਦੇ ਈਮੇਲ ਅਕਾਊਂਟ ਵੱਲੋਂ ਨਿਸ਼ਾਨਾ ਬਣਾਇਆ ਗਿਆ ਸੀ ਜੋ ਆਨੰਦ ਮੰਗਨਾਲੇ ਨੂੰ ਨਿਸ਼ਾਨਾ ਬਣਾਉਣ ਲਈ ਵਰਤਿਆ ਗਿਆ ਸੀ। ਬਰਾਮਦ ਕੀਤੇ ਹੋਮਕਿੱਟ ਲੌਗ ਦੱਸਦੇ ਹਨ ਕਿ ਨਅਟਅਲੇਮਅਰਨਿਵਅ@ਪਰੋਟੋਨ।ਮਏ ਐਪਲ ਅਕਾਊਂਟ ਨੇ ਉਸ ਦੇ ਡਿਵਾਈਸ ਦੀ ਹੋਮਕਿੱਟ ਸਰਵਿਸ ਨਾਲ 16 ਅਕਤੂਬਰ 2023 ਨੂੰ ਲੱਗਭੱਗ 14:36:09 ਯੂ.ਟੀ.ਸੀ. ਸਮੇਂ 'ਤੇ ਆਦਾਨ-ਪ੍ਰਦਾਨ ਕੀਤਾ। ਉਸ ਸਮੇਂ ਉਸ ਦਾ ਫੋਨ ਆਈ.ਓ.ਐੱਸ. 16.6.1 ਵਰਜ਼ਨ ਉੱਪਰ ਚੱਲ ਰਿਹਾ ਸੀ ਜੋ ਬਲਾਸਟਪਾਸਟ ਹਮਲੇ ਨੂੰ ਰੋਕਣ ਪੱਖੋਂ ਕਮਜ਼ੋਰ ਨਹੀਂ ਸੀ।"

'ਦਿ ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਕਹਿੰਦੀ ਹੈ ਕਿ ਇਸ ਨੇ ਐਲਰਟ ਸੂਚੀ ਵਿਚਲੇ ਜਿਨ੍ਹਾਂ ਕੁਝ ਭਾਰਤੀ ਸਿਆਸਤਦਾਨਾਂ ਜਿਵੇਂ ਤ੍ਰਿਣਮੂਲ ਕਾਂਗਰਸ ਦੀ ਸੰਸਦ ਮੈਂਬਰ ਮਹੂਆ ਮੋਇਤਰਾ ਅਤੇ ਕਾਂਗਰਸ ਦੇ ਡੇਟਾ ਵਿਸ਼ਲੇਸ਼ਣ ਵਿਭਾਗ ਦੇ ਮੁਖੀ ਪ੍ਰਵੀਨ ਚੱਕਰਵਰਤੀ (ਜਿਨ੍ਹਾਂ ਨੂੰ ਐਪਲ ਨੇ ਜਾਸੂਸੀ ਸਾਫਟਵੇਅਰ ਦੀ ਘੁਸਪੈਠ ਬਾਰੇ ਚੁਕੰਨੇ ਕੀਤਾ ਸੀ) ਦੇ ਫੋਨਾਂ ਦੀ ਜਾਂਚ ਕਰਨ ਲਈ ਨਿਊਯਾਰਕ ਦੀ ਜਿਸ ਸਕਿਓਰਿਟੀ ਫਰਮ 'ਆਈਵੈਰੀਫਾਈ' ਦੀ ਮਦਦ ਲਈ, ਉਸ ਨੂੰ ਵੀ ਉਨ੍ਹਾਂ ਦੇ ਫੋਨਾਂ ਉੱਪਰ ਘੁਸਪੈਠ ਦੀ ਅਜਿਹੀ ਪੈੜ ਮਿਲੀ। ਮਹੂਆ ਨੂੰ ਪਿੱਛੇ ਜਿਹੇ ਅਡਾਨੀ ਉੱਪਰ ਸਵਾਲ ਉਠਾਉਣ ਕਰਕੇ ਸੰਸਦ 'ਚੋਂ ਬਾਹਰ ਕਰ ਦਿੱਤਾ ਗਿਆ।

ਐਪਲ ਦੀਆਂ ਅਕਤੂਬਰ ਮਹੀਨੇ ਦੀਆਂ ਸਕਿਓਰਿਟੀ ਚਿਤਾਵਨੀਆਂ ਨੂੰ ਦਬਾਉਣ ਲਈ ਕੰਪਨੀ ਉੱਪਰ ਕਿਵੇਂ ਦਬਾਅ ਪਾਇਆ ਗਿਆ ਤਾਂ ਜੋ ਉਹ ਐਪਲ ਵਰਤੋਂਕਾਰਾਂ ਨੂੰ ਚੁਕੰਨੇ ਕਰਨ ਨੂੰ ਮਹੱਤਵ ਦੇਣ ਤੋਂ ਪਿੱਛੇ ਹਟ ਜਾਵੇ, ਉਸ ਬਾਰੇ 'ਵਾਸ਼ਿੰਗਟਨ ਪੋਸਟ' ਦੀ ਰਿਪੋਰਟ ਕਹਿੰਦੀ ਹੈ:

"ਖ਼ਬਰ ਫੈਲਣ ਤੋਂ ਬਾਅਦ ਮੋਦੀ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨੇ ਐਪਲ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਵਿਰਾਟ ਭਾਟੀਆ ਨੂੰ ਸੱਦਿਆ, ਇਹ ਮਾਮਲੇ ਦੀ ਜਾਣਕਾਰੀ ਰੱਖਣ ਵਾਲੇ ਦੋ ਵਿਅਕਤੀਆਂ ਨੇ ਦੱਸਿਆ ਹੈ। ਇਕ ਵਿਅਕਤੀ ਨੇ ਕਿਹਾ ਕਿ ਭਾਰਤੀ ਅਧਿਕਾਰੀਆਂ ਨੇ ਐਪਲ ਨੂੰ ਚਿਤਾਵਨੀਆਂ ਵਾਪਸ ਲੈਣ ਅਤੇ ਇਹ ਕਹਿਣ ਲਈ ਕਿਹਾ ਕਿ ਉਨ੍ਹਾਂ ਤੋਂ ਗ਼ਲਤੀ ਹੋ ਗਈ ਹੈ। ਤਿੱਖੀ ਬਹਿਸ ਤੋਂ ਬਾਅਦ ਕੰਪਨੀ ਦੇ ਭਾਰਤ ਦਫ਼ਤਰ ਨੇ ਕਿਹਾ ਕਿ ਉਹ ਜੋ ਵੱਧ ਤੋਂ ਵੱਧ ਕਰ ਸਕਦਾ ਸੀ, ਉਹ ਜਨਤਕ ਬਿਆਨ ਜਾਰੀ ਕਰਨਾ ਸੀ ਜਿਸ ਵਿਚ ਕੁਝ ਚਿਤਾਵਨੀਆਂ 'ਤੇ ਜ਼ੋਰ ਦਿੱਤਾ ਗਿਆ ਸੀ ਜਿਨ੍ਹਾਂ ਨੂੰ ਐਪਲ ਨੇ ਚਿਤਾਵਨੀਆਂ ਬਾਰੇ ਆਪਣੇ ਤਕਨੀਕੀ ਸਹਾਇਤਾ ਪੇਜ ਉੱਪਰ ਪਹਿਲਾਂ ਹੀ ਸੂਚੀਬੱਧ ਕਰ ਦਿੱਤਾ ਸੀ।"

ਐਮਨੈਸਟੀ ਦੇ ਸਕਿਓਰਿਟੀ ਲੈਬ ਮੁਖੀ ਕਹਿੰਦੇ ਹਨ, "ਸਾਡੇ ਨਵੀਨਤਮ ਨਤੀਜਿਆਂ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿਚ ਪੱਤਰਕਾਰਾਂ ਨੂੰ ਮਹਿਜ਼ ਆਪਣੀ ਪੱਤਰਕਾਰੀ ਦਾ ਕੰਮ ਕਰਨ 'ਤੇ ਹੀ ਗ਼ੈਰ-ਕਾਨੂੰਨੀ ਨਿਗਰਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਵਿਚ ਸਖ਼ਤ ਕਾਨੂੰਨਾਂ ਦੇ ਤਹਿਤ ਕੈਦ, ਭੰਡਣ ਦੀ ਮੁਹਿੰਮ, ਦਾਬੇ ਤੇ ਧਮਕੀਆਂ ਸਮੇਤ ਜਬਰ ਦੇ ਕਈ ਤਰ੍ਹਾਂ ਦੇ ਸਾਧਨਾਂ ਦਾ ਸਾਹਮਣਾ ਸ਼ਾਮਿਲ ਹੈ। ਵਾਰ-ਵਾਰ ਖ਼ੁਲਾਸੇ ਦੇ ਬਾਵਜੂਦ ਭਾਰਤ ਵਿਚ ਪੈਗਾਸਸ ਸਾਫਟਵੇਅਰ ਵਰਤੇ ਜਾਣ ਦੇ ਬਾਰੇ ਜਵਾਬਦੇਹੀ ਦੀ ਸ਼ਰਮਨਾਕ ਕਮੀ ਰਹੀ ਹੈ ਜੋ ਮਨੁੱਖੀ ਹੱਕਾਂ ਦੀਆਂ ਇਨ੍ਹਾਂ ਉਲੰਘਣਾਵਾਂ ਨੂੰ ਲੈ ਕੇ ਸਜ਼ਾ ਦਾ ਡਰ ਨਾ ਹੋਣ ਦੀ ਭਾਵਨਾ ਨੂੰ ਹੀ ਮਜ਼ਬੂਤ ਕਰਦੀ ਹੈ।"

ਨਿੱਜਤਾ ਦੀ ਆਜ਼ਾਦੀ ਦੇ ਘਾਣ ਪੱਖੋਂ ਇਹ ਖ਼ੁਲਾਸੇ ਬੇਹੱਦ ਗੰਭੀਰ ਹਨ ਪਰ ਜਵਾਬਦੇਹੀ ਤੋਂ ਬੇਪ੍ਰਵਾਹ ਭਗਵਾ ਹਕੂਮਤ ਸੁਪਰੀਮ ਕੋਰਟ ਨੂੰ ਵੀ ਟਿੱਚ ਜਾਣਦੀ ਹੈ। ਸਰਵਉੱਚ ਅਦਾਲਤ ਨੇ ਨੋਟ ਕੀਤਾ ਸੀ ਕਿ ਗੈਰ-ਕਾਨੂੰਨੀ ਜਾਸੂਸੀ ਦੇ ਦੋਸ਼ਾਂ ਦੀ ਜਾਂਚ ਲਈ ਉਸ ਦੀ ਬਣਾਈ ਤਕਨੀਕੀ ਕਮੇਟੀ ਨੂੰ ਪੰਜ ਮੋਬਾਈਲ ਫੋਨਾਂ ਵਿਚ 'ਮਾਲਵੇਅਰ' ਦੇ ਸਬੂਤ ਮਿਲੇ ਹਨ। ਭਾਰਤ ਦੇ ਤਤਕਾਲੀ ਚੀਫ ਜਸਟਿਸ ਐੱਨ.ਵੀ. ਰਮੰਨਾ ਨੂੰ ਇਹ ਵੀ ਕਹਿਣਾ ਪਿਆ ਸੀ ਕਿ ਸੁਪਰੀਮ ਕੋਰਟ ਦੇ ਆਦੇਸ਼ ਦੇ ਬਾਵਜੂਦ ਸਰਕਾਰ ਨੇ ਕਮੇਟੀ ਨੂੰ ਸਹਿਯੋਗ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਇਸ ਸਾਲ ਮਾਰਚ 'ਚ ਫਾਇਨੈਂਸ਼ੀਅਲ ਟਾਈਮਜ਼ ਨੇ ਸੂਤਰਾਂ ਦੇ ਹਵਾਲੇ ਨਾਲ ਰਿਪੋਰਟ ਛਾਪੀ ਸੀ ਕਿ ਪੈਗਾਸਸ ਦੀਆਂ 'ਪੀ.ਆਰ. ਸਮੱਸਿਆਵਾਂ' ਤੋਂ ਫ਼ਿਕਰਮੰਦ ਮੋਦੀ ਵਜ਼ਾਰਤ 120 ਮਿਲੀਅਨ ਡਾਲਰ ਖ਼ਰਚ ਕੇ ਉਨ੍ਹਾਂ ਫਰਮਾਂ ਤੋਂ ਅਜਿਹਾ ਸਪਾਈਵੇਅਰ ਖ਼ਰੀਦਣਾ ਚਾਹ ਰਹੀ ਹੈ ਜੋ ਐੱਨ.ਐੱਸ.ਓ. ਜਿੰਨੀਆਂ ਬਦਨਾਮ ਨਾ ਹੋਣ। ਰਿਪੋਰਟ ਅਨੁਸਾਰ ਐੱਨ.ਐੱਸ.ਓ. ਦੇ ਇਕ ਦਰਜਨ ਸ਼ਰੀਕਾਂ (ਇੰਟੈਲਲੈਕਸਾ, ਕੌਗਨਾਈਟ ਵਗੈਰਾ) ਦੇ ਇਸ ਬੋਲੀ 'ਚ ਸ਼ਾਮਲ ਹੋਣ ਦੀ ਸੰਭਾਵਨਾ ਹੈ।

ਫਾਸ਼ੀਵਾਦੀ ਏਜੰਡੇ ਵਾਲੀ ਹਕੂਮਤ ਦੇ ਰਾਜ ਵਿਚ ਬੋਲਣ ਦੀ ਆਜ਼ਾਦੀ ਬੇਕਿਰਕ ਹਮਲੇ ਦੀ ਮਾਰ ਹੇਠ ਹੈ। ਪਿਛਲੇ ਸਮੇਂ 'ਚ ਬਹੁਤ ਸਾਰੀਆਂ ਆਲਮੀ ਰਿਪੋਰਟਾਂ ਨੇ ਭਾਰਤ ਵਿਚ ਪ੍ਰੈੱਸ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੀ ਨਾਜ਼ੁਕ ਸਥਿਤੀ ਦਾ ਅਤੇ ਪੱਤਰਕਾਰਾਂ ਨੂੰ ਗ੍ਰਿਫ਼ਤਾਰ ਜਾਂ ਜੇਲ੍ਹਾਂ 'ਚ ਡੱਕਣ ਦਾ ਗੰਭੀਰ ਨੋਟਿਸ ਲਿਆ ਹੈ। ਭਾਰਤ ਆਲਮੀ ਪ੍ਰੈੱਸ ਦੀ ਆਜ਼ਾਦੀ ਦੇ ਸੂਚਕ ਅੰਕ ਵਿਚ ਪਿਛਲੇ ਸਾਲ 150ਵੇਂ ਸਥਾਨ ਤੋਂ 161ਵੇਂ ਸਥਾਨ 'ਤੇ ਜਾ ਡਿਗਿਆ ਹੈ। ਭਗਵਾ ਹਕੂਮਤ ਇਨ੍ਹਾਂ ਸਾਰੇ ਤੱਥਾਂ ਨੂੰ ਰੱਦ ਕਰਦੀ ਹੈ ਅਤੇ ਬੇਸ਼ਰਮੀ ਨਾਲ ਕਹਿ ਰਹੀ ਹੈ ਕਿ ਪ੍ਰੈੱਸ ਜਿੰਨੀ ਆਜ਼ਾਦ ਭਾਰਤ ਵਿਚ ਹੈ, ਓਨੀ ਆਜ਼ਾਦ ਤਾਂ ਇਹ ਕਿਤੇ ਵੀ ਨਹੀਂ! ਕਿ ਜਮਹੂਰੀਅਤ ਤਾਂ ਸਾਡੇ ਰਾਜ ਢਾਂਚੇ ਦੇ ਡੀ.ਐੱਨ.ਏ. ਵਿਚ ਹੈ। ਅਕਤੂਬਰ ਮਹੀਨੇ ਨਿਊਜ਼ਕਲਿੱਕ ਵੈੱਬਸਾਈਟ ਉੱਪਰ ਹਮਲੇ ਅਤੇ ਸੰਪਾਦਕ ਪ੍ਰਬੀਰ ਪੁਰਕਾਇਸਥ ਦੀ ਗ੍ਰਿਫ਼ਤਾਰੀ ਅਤੇ ਸੌ ਦੇ ਕਰੀਬ ਪੱਤਰਕਾਰਾਂ ਦੇ ਘਰਾਂ 'ਚ ਛਾਪੇਮਾਰੀ ਨੇ ਇਹ ਝੂਠ ਦੁਨੀਆ ਅੱਗੇ ਇਕ ਵਾਰ ਫਿਰ ਨੰਗਾ ਕਰ ਦਿੱਤਾ। ਸਮੱਸਿਆ ਇਹ ਹੈ ਕਿ ਅਜਿਹੀ ਪ੍ਰਭਾਵਸ਼ਾਲੀ ਲੋਕ ਰਾਇ ਕਿਵੇਂ ਉੱਸਰੇ ਜੋ ਫਾਸ਼ੀਵਾਦੀ ਹਕੂਮਤ ਦੇ ਹੱਥ ਰੋਕ ਸਕੇ।

## ਜਸੂਸੀ ਸਾਫਵੇਅਰ ਪੈਗਾਸਸ ਕਿਵੇਂ ਕੰਮ ਕਰਦਾ ਹੈ...

ਪੈਗਾਸਸ ਮਿਲਟਰੀ ਗਰੇਡ ਸਪਾਈਵੇਅਰ ਹੈ ਜੋ ਇਜ਼ਰਾਈਲੀ ਸਾਈਬਰ-ਹਥਿਆਰ ਅਤੇ ਖ਼ੁਫ਼ੀਆ ਤਕਨਾਲੋਜੀ ਨਿਰਮਾਤਾ ਕੰਪਨੀ ਐੱਨ.ਐੱਸ.ਓ. (ਨਿਵ, ਸ਼ਾਲੇਵ ਐਂਡ ਓਮਰੀ ਟੈਕਨਾਲੋਜੀ ਗਰੁੱਪ) ਨੇ ਵਿਕਸਤ ਕੀਤਾ ਹੈ। ਇਹ ਅਗਸਤ 2016 'ਚ ਲਾਂਚ ਹੋਇਆ। ਐੱਨ.ਐੱਸ.ਓ. ਮੁਤਾਬਿਕ ਇਹ ਸਪਾਈਵੇਅਰ ਸਿਰਫ਼ ਸਰਕਾਰਾਂ ਅਤੇ ਅਧਿਕਾਰਕ ਸਰਕਾਰੀ ਏਜੰਸੀਆਂ ਦੁਆਰਾ ਡਿਫੈਂਸ ਕੰਮਾਂ 'ਚ ਮਦਦ ਕਰਨ ਅਤੇ ਅਪਰਾਧਿਕ ਜਾਂ ਦਹਿਸ਼ਤਵਾਦੀ ਸਰਗਰਮੀਆਂ ਨੂੰ ਰੋਕਣ ਲਈ ਹੀ ਵਰਤਿਆ ਜਾਂਦਾ ਹੈ। ਐੱਨ.ਐੱਸ.ਓ. ਆਪਣੀ ਤਕਨਾਲੋਜੀ ਉਚੇਚੇ ਤੌਰ 'ਤੇ ਸਰਕਾਰਾਂ ਨੂੰ ਹੀ ਵੇਚਦਾ ਹੈ।

ਸਪਾਈਵੇਅਰ (ਜਾਸੂਸੀ ਸਾਫਟਵੇਅਰ) ਦੇ ਸ਼ੁਰੂਆਤੀ ਰੂਪ ਫੋਨ ਵਰਤੋਂਕਾਰਾਂ ਨੂੰ ਫਿਸ਼ਿੰਗ ਹਮਲਿਆਂ ਦੁਆਰਾ ਨਿਸ਼ਾਨਾ ਬਣਾਉਂਦੇ ਸਨ; ਭਾਵ ਈਮੇਲ ਜਾਂ ਟੈਕਸਟ ਸੁਨੇਹਿਆਂ ਦੁਆਰਾ ਟਾਰਗੈੱਟ ਨੂੰ ਘੁਸਪੈਠੀਆ ਲਿੰਕ ਭੇਜਿਆ ਜਾਂਦਾ ਸੀ। ਜੇਕਰ ਟਾਰਗੇਟ ਵਰਤੋਂਕਾਰ ਲਿੰਕ 'ਤੇ ਕਲਿੱਕ ਕਰਦੇ ਤਾਂ ਸਪਾਈਵੇਅਰ ਉਨ੍ਹਾਂ ਦੇ ਫੋਨਾਂ 'ਤੇ ਆਪਣੇ ਆਪ ਹੀ ਇੰਸਟਾਲ ਹੋ ਜਾਂਦਾ ਸੀ। ਹੁਣ ਪੈਗਾਸਸ ਕਿਸੇ ਘੁਸਪੈਠੀਆ ਲਿੰਕ ਉੱਪਰ ਕਲਿੱਕ ਕੀਤੇ ਬਿਨਾਂ ਹੀ ਟਾਰਗੈੱਟ ਡਿਵਾਈਸ ਉੱਪਰ ਇੰਸਟਾਲ ਕੀਤਾ ਜਾ ਸਕਦਾ ਹੈ। ਇਸ ਨੂੰ 'ਜ਼ੀਰੋ ਕਲਿੱਕ' ਹਮਲੇ ਕਿਹਾ ਜਾਂਦਾ ਹੈ।

ਪੈਗਾਸਸ ਦੇ ਹਮਲੇ ਨਾਲ ਫੋਨ ਨਿਗਰਾਨੀ ਯੰਤਰ ਵਿਚ ਬਦਲ ਜਾਂਦਾ ਹੈ। ਇਸ ਦੀ ਪਹੁੰਚ ਟੈਕਸਟ ਸੁਨੇਹਿਆਂ, ਫੋਨ ਕਾਲਾਂ, ਫੋਟੋਆਂ ਅਤੇ ਵੀਡੀਓ ਤੱਕ ਹੋ ਜਾਂਦੀ ਹੈ। ਫੋਨ ਦੇ ਮਾਲਕ ਨੂੰ ਪਤਾ ਨਹੀਂ ਹੁੰਦਾ ਕਿ ਉਸ ਦੇ ਫੋਨ ਦਾ ਰੀਅਲ-ਟਾਈਮ ਕੈਮਰਾ, ਲੋਕੇਸ਼ਨ, ਮਾਈਕ੍ਰੋਫੋਨ, ਰਿਕਾਰਡਿੰਗ ਆਡੀਓ ਜਾਂ ਵੀਡੀਓ ਤੱਕ ਸਭ ਕੁਝ ਜਾਸੂਸੀ ਸਾਫਟਵੇਅਰ ਦੀ ਪਹੁੰਚ 'ਚ ਹੈ (ਅੱਪ-ਟੂ-ਡੇਟ ਸਾਫਟਵੇਅਰ ਵਾਲੇ ਡਿਵਾਈਸ ਵੀ ਇਸ ਦੇ ਹਮਲੇ ਤੋਂ ਮਹਿਫ਼ੂਜ਼ ਨਹੀਂ, ਜਿਵੇਂ ਸਿਧਾਰਥ ਤੇ ਆਨੰਦ ਦੇ ਐਪਲ ਫੋਨਾਂ 'ਚ ਘੁਸਪੈਠ ਦੀ ਕੋਸ਼ਿਸ਼ ਦੱਸਦੀ ਹੈ)। ਪੈਗਾਸਸ ਦੀ ਮਦਦ ਨਾਲ ਹੈਕਰ ਕਿਸੇ ਵੀ ਫੋਨ/ਡਿਵਾਇਸ ਦੀਆਂ ਸਾਫਟਵੇਅਰਾਂ ਕਮਜ਼ੋਰੀਆਂ ਦਾ ਫ਼ਾਇਦਾ ਉਠਾ ਕੇ ਸਾਰਾ ਡੇਟਾ ਲੈ ਸਕਦੇ ਹਨ। ਆਮ ਹੈਕਰ ਡੇਟਾ ਮੋਟੀਆਂ ਰਕਮਾਂ ਲੈ ਕੇ ਵੇਚਦੇ ਹਨ; ਸਰਕਾਰੀ ਹੈਕਰ/ਖ਼ੁਫ਼ੀਆ ਏਜੰਸੀਆਂ ਇਸ ਦੀ ਵਰਤੋਂ ਹੁਕਮਰਾਨਾਂ ਦੇ ਹਿਤਾਂ ਲਈ ਕਰਦੀਆਂ ਹਨ। ਹਕੂਮਤਾਂ ਨੇ ਪੈਗਾਸਸ ਵਰਗੇ ਜਾਸੂਸੀ ਸਾਫਟਵੇਅਰਾਂ ਨਾਲ ਮਨੁੱਖ ਦੀ ਨਿੱਜਤਾ ਕਬਜ਼ੇ 'ਚ ਲੈ ਲਈ ਹੈ।

# ਦਰਵੇਸ਼ ਮਨੁੱਖ ਪ੍ਰੋਫੈਸਰ ਅਲੋਕ ਸਾਗਰ

ਕਈ ਮਨੁੱਖ ਉਚੇ ਅਹੁਦਿਆਂ 'ਤੇ ਹੋ ਕੇ ਵੀ ਸਮਾਜ ਪ੍ਰਤੀ ਆਪਣੇ ਫਰਜ਼ ਨੂੰ ਪਛਾਣਦਿਆਂ ਸਭ ਕੁਝ ਛੱਡ ਛੁਡਾ ਕੇ ਆਪਣਾ ਜੀਵਨ ਲੋਕ-ਸੇਵਾ ਨੂੰ ਅਰਪਣ ਕਰ ਦਿੰਦੇ ਹਨ। ਅਜਿਹੀ ਹੀ ਇਕ ਸ਼ਖ਼ਸੀਅਤ ਦਾ ਨਾਮ ਪ੍ਰੋਫੈਸਰ ਅਲੋਕ ਸਾਗਰ ਹੈ, ਜਿਸ ਨੇ ਆਪਣਾ ਜੀਵਨ ਆਦਿ-ਵਾਸੀਆਂ ਦੀ ਸੇਵਾ ਵਿਚ ਲਾਇਆ ਹੋਇਆ ਹੈ ਅਤੇ ਬਹੁਤ ਘੱਟ ਲੋਕਾਂ ਨੂੰ ਇਸ ਦੀ ਜਾਣਕਾਰੀ ਹੈ। ਬਾਬਾ ਫ਼ਰੀਦ ਦਾ ਇਕ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ:

ਫਰੀਦਾ ਸਾਹਿਬ ਦੀ ਕਰਿ ਚਾਕਰੀ ਦਿਲ ਦੀ ਲਾਹਿ ਭਰਾਂਦਿ॥
ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥60॥

ਬਾਬਾ ਫਰੀਦ ਮਨੁੱਖ ਨੂੰ ਸਮਝਾ ਰਹੇ ਹਨ ਕਿ ਆਪਣੇ ਦਿਲੋ-ਦਿਮਾਗ ਤੋਂ ਹਰ ਤਰ੍ਹਾਂ ਦੇ ਭਰਮ ਅਤੇ ਸੰਸੇ ਦੂਰ ਕਰਦੇ ਅਤੇ ਪੂਰੇ ਸਮਰਪਣ ਨਾਲ ਉਸ ਸਾਹਿਬ ਅਰਥਾਤ ਪਰਵਰਦਗਾਰ ਦੀ ਸੇਵਾ ਵਿਚ, ਉਸ ਦੀ ਬੰਦਗੀ ਵਿਚ ਲੱਗ ਜਾ। ਦਰਵੇਸ਼ਾਂ ਨੂੰ, ਰੱਬ ਦੀ ਬੰਦਗੀ ਵਿਚ ਜੁੜਨ ਵਾਲਿਆਂ ਨੂੰ ਰੁੱਖਾਂ ਵਰਗਾ



**ਡਾ. ਗੁਰਨਾਮ ਕੌਰ, ਕੈਨੇਡਾ**

ਜਿਗਰਾ ਚਾਹੀਦਾ ਹੈ, ਉਨ੍ਹਾਂ ਵਿਚ ਸਬਰ-ਸੰਤੋਖ ਅਤੇ ਰੁੱਖਾਂ ਵਾਂਗ ਸਹਿਣ-ਸ਼ਕਤੀ ਹੋਣੀ ਚਾਹੀਦੀ ਹੈ। ਮਨੁੱਖਤਾ ਦੀ ਸੇਵਾ ਕਰਨਾ, ਖਾਸ ਕਰਕੇ ਨਿਧਰਿਆਂ ਦੀ ਧਿਰ ਬਣਨਾ ਵੀ ਦਰਵੇਸ਼ਾਂ ਦਾ ਹੀ ਕੰਮ ਹੈ, ਇਹ ਰੱਬ ਦੀ ਬੰਦਗੀ ਕਰਨ ਵਾਂਗ ਹੀ ਹੈ ਕਿ ਸਾਰੇ ਭਰਮ-ਭੁਲੇਖੇ ਦੂਰ ਕਰ ਕੇ ਮਨੁੱਖ ਮਾਨਵਤਾ ਦੀ ਸੇਵਾ ਨੂੰ ਆਪਣਾ ਆਪਾ ਸਮਰਪਣ ਕਰ ਦੇਂਦਾ ਹੈ। ਅਜਿਹਾ ਹੀ ਦਰਵੇਸ਼ ਮਨੁੱਖ ਪ੍ਰੋਫੈਸਰ ਅਲੋਕ ਸਾਗਰ ਹੈ ਜਿਸ ਨੇ ਦੁਨਿਆਵੀ ਐਸ਼ੋ-ਇਸ਼ਰਤ ਅਤੇ ਅਹੁਦਿਆਂ ਦਾ ਤਿਆਗ ਕਰ ਕੇ ਆਪਣੇ ਆਪ ਨੂੰ ਆਦਿਵਾਸੀਆਂ ਦੀ ਸੇਵਾ ਵਿਚ ਲਾ ਦਿੱਤਾ ਹੈ। ਉਸ ਬਾਰੇ ਮੀਡੀਆ 'ਤੇ ਪਹਿਲੀ ਆਮ ਜਾਣਕਾਰੀ 2016 ਵਿਚ ਮਿਲੀ। ਅਜਿਹੀਆਂ ਕਹਾਣੀਆਂ ਪੜ੍ਹਨ ਨੂੰ ਮਿਲ ਜਾਂਦੀਆਂ ਹਨ ਜਦੋਂ ਲੋਕ ਬਹੁਤ ਉੱਚ ਪੱਧਰ ਦੇ ਵਿਸ਼ਵਵਿਦਿਆਲਿਆਂ ਵਿਚੋਂ ਉਚੀਆਂ ਡਿਗਰੀਆਂ ਪ੍ਰਾਪਤ ਕਰ ਕੇ ਗਰੀਬਾਂ ਦੀ ਮਦਦ ਕਰਨ ਦਾ ਸੋਚਦੇ ਹਨ ਅਤੇ ਉਸ ਲਈ ਉਪਰਾਲੇ ਕਰਦੇ ਹਨ; ਪ੍ਰੰਤੂ ਅਜਿਹੇ ਲੋਕ ਗਿਣਤੀ ਵਿਚ ਬਹੁਤ ਜ਼ਿਆਦਾ ਨਹੀਂ ਹੁੰਦੇ ਜਿਹੜੇ ਗਰੀਬਾਂ ਵਿਚ ਜਾ ਕੇ ਉਨ੍ਹਾਂ ਵਿਚ ਰਹਿੰਦੇ ਹਨ ਅਤੇ ਆਪਣਾ ਜੀਵਨ ਉਨ੍ਹਾਂ ਲੋੜਵੰਦ ਲੋਕਾਂ ਦੀ ਹਾਲਤ ਨੂੰ ਸੁਧਾਰਨ ਵਿਚ ਲਾ ਦਿੰਦੇ ਹਨ। ਪ੍ਰੋਫੈਸਰ ਅਲੋਕ ਸਾਗਰ ਇਕ ਅਜਿਹੀ ਹੀ ਸ਼ਖ਼ਸੀਅਤ ਦਾ ਨਾਮ ਹੈ ਜਿਸ ਨੇ ਦਿੱਲੀ ਆਈ ਆਈ ਟੀ ਦੀ ਪ੍ਰੋਫੈਸਰ ਦੀ ਆਪਣੀ ਉਚ-ਪੱਧਰ ਦੀ ਨੌਕਰੀ ਛੱਡ ਕੇ ਮੱਧ ਪ੍ਰਦੇਸ਼ ਦੇ ਆਦਿਵਾਸੀਆਂ ਵਿਚ ਜਾ ਕੇ ਉਨ੍ਹਾਂ ਦੀ ਸੇਵਾ ਕਰਨ ਲਈ, ਉਨ੍ਹਾਂ ਨੂੰ ਸਿੱਖਿਅਤ ਕਰਨ ਲਈ, ਇਸਤਰੀਆਂ ਦੇ ਰੁਤਬੇ ਨੂੰ ਉੱਚਾ ਚੁੱਕਣ ਲਈ, ਆਪਣੇ ਆਪ ਨੂੰ ਕੁਦਰਤ ਨਾਲ ਜੋੜਨ ਲਈ, ਕੁਦਰਤੀ ਜੀਵਨ ਜਿਉਣ ਲਈ ਉਨ੍ਹਾਂ ਵਿਚ ਰਹਿਣਾ ਸ਼ੁਰੂ ਕਰ ਦਿੱਤਾ।

ਦਿੱਲੀ ਦੇ ਪ੍ਰਤਾਪ ਗੰਜ ਵਿਚ ਭਾਰਤੀ ਰੈਵੇਨਿਊ ਦੇ ਇੱਕ ਆਹਲਾ ਉਚ ਅਫਸਰ ਪਿਤਾ ਅਤੇ ਦਿੱਲੀ ਵਿਸ਼ਵ ਵਿਦਿਆਲਿਆ ਦੇ ਮਿਰਾਂਡਾ ਹਾਊਸ ਵਿਚ ਫਿਜ਼ਿਕਸ ਪੜ੍ਹਾ ਰਹੀ ਮਾਤਾ ਦੇ ਘਰ 1951 ਵਿਚ ਜਨਮੇ ਪ੍ਰੋਫੈਸਰ ਅਲੋਕ ਸਾਗਰ ਨੇ ਆਪ ਵੀ ਉਚ ਦਰਜੇ ਦੀ ਆਹਲਾ ਅਦਾਰਿਆਂ ਤੋਂ ਵਿੱਦਿਆ ਪ੍ਰਾਪਤ ਕੀਤੀ। ਉਨ੍ਹਾਂ ਦੇ ਪਿਤਾ ਹੁਣ ਇਸ ਦੁਨੀਆ ਵਿਚ ਨਹੀਂ ਹਨ ਅਤੇ ਉਨ੍ਹਾਂ ਦਾ ਭਰਾ ਦਿੱਲੀ ਆਈ ਆਈ ਟੀ ਵਿਚ ਪ੍ਰੋਫੈਸਰ ਹੈ। ਅਲੋਕ ਸਾਗਰ ਨੇ ਪਹਿਲਾਂ ਦਿੱਲੀ ਆਈ ਆਈ ਟੀ ਤੋਂ ਗਰੈਜੂਏਸ਼ਨ ਅਤੇ ਫਿਰ ਮਾਸਟਰ ਡਿਗਰੀ ਕੀਤੀ। ਉਸ ਤੋਂ ਪਿੱਛੋਂ ਉਹ ਟੈਕਸਸ ਸਟੇਟ ਦੇ ਸ਼ਹਿਰ ਹਿਊਸਟਨ ਦੀ ਯੂਨੀਵਰਸਿਟੀ ਤੋਂ ਡਾਕਟਰੇਟ ਦੀ ਡਿਗਰੀ ਕਰਨ ਲਈ ਅਮਰੀਕਾ ਚਲੇ ਗਏ। ਉਨ੍ਹਾਂ ਨੂੰ ਕੈਨੇਡਾ ਦੇ ਨੋਵਾਸਕੋਸ਼ੀਆ ਪ੍ਰਾਂਤ ਦੇ ਹੈਲੀਫੈਕਸ ਸ਼ਹਿਰ ਵਿਚ ਸਥਿਤ ਡਲਹੌਜ਼ੀ ਯੂਨੀਵਰਸਿਟੀ ਤੋਂ ਫੈਲੋਸ਼ਿਪ ਵੀ ਮਿਲੀ। ਪਰ ਉਨ੍ਹਾਂ ਨੇ ਆਪਣੇ ਮੁਲਕ ਆ ਕੇ ਪੜ੍ਹਾਉਣਾ ਪਸੰਦ ਕੀਤਾ ਅਤੇ ਦਿੱਲੀ ਆਈ ਆਈ ਟੀ ਵਿਚ ਬਤੌਰ ਪ੍ਰੋਫੈਸਰ ਪੜ੍ਹਾਉਣਾ ਸ਼ੁਰੂ ਕਰ ਦਿੱਤਾ। ਕਈ ਨਾਮੀ ਹਸਤੀਆਂ ਉਨ੍ਹਾਂ ਦੇ ਵਿਦਿਆਰਥੀ ਰਹੀਆਂ ਹਨ ਜਿਨ੍ਹਾਂ ਵਿਚ ਖਾਸ ਨਾਮ ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਦਾ ਵੀ ਹੈ।

ਦਿੱਲੀ ਆਈ ਆਈ ਟੀ ਵਿਚ ਪੜ੍ਹਾਉਂਦਿਆਂ ਹੀ ਉਹ ਕੁੱਝ ਸਮਾਜਸੇਵੀ ਕਾਰਕੁਨਾਂ ਦੇ ਸੰਪਰਕ ਵਿਚ ਆਏ ਜੋ ਮੱਧ ਪ੍ਰਦੇਸ਼ ਦੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਆਦਿਵਾਸੀਆਂ ਲਈ ਸਮਾਜਿਕ ਭਲਾਈ ਦੇ ਕਾਰਜਾਂ ਵਿਚ ਜੁਟੇ ਹੋਏ ਸੀ। ਉਨ੍ਹਾਂ ਦੇ ਮਨ ਵਿਚ ਵੀ ਆਦਿਵਾਸੀਆ ਵਿਚ ਜਾ ਕੇ ਉਨ੍ਹਾਂ ਲਈ ਕੁੱਝ ਕਰਨ ਦੀ ਤਾਂਘ ਪੈਦਾ ਹੋਈ ਜਿਸ ਕਰਕੇ ਉਨ੍ਹਾਂ ਨੇ ਸਭ ਕੁੱਝ ਛੱਡ ਛੁਡਾ ਕੇ ਆਦਿਵਾਸੀਆਂ ਵਿਚ ਜਾ ਕੇ ਰਹਿਣ ਦਾ ਮਨ ਬਣਾ ਲਿਆ। ਅਲੋਕ ਸਾਗਰ ਲਈ ਇਹ ਉਚੀਆਂ-ਉਚੀਆਂ ਡਿਗਰੀਆਂ ਅਤੇ ਅਹੁਦੇ ਬੇਮਾਇਨਾ ਹੋ ਗਏ ਅਤੇ ਅਸਲੀ ਸਕੂਨ ਅਤੇ ਦਿਲਚਸਪੀ ਮੱਧ ਪ੍ਰਦੇਸ਼ ਦੇ ਖੇਤਾਂ ਦੇ ਇੱਕ ਖੇਤ ਵਿਚ ਰੈਣ-ਬਸੇਰਾ ਕਰਕੇ ਪੂਰਨਤਾ ਵੱਲ ਵਧੀ। ਸੰਨ 1982 ਤੋਂ ਆਪਣੀ ਨੌਕਰੀ ਛੱਡ ਕੇ ਉਸ ਨੇ ਆਦਿਵਾਸੀਆਂ ਵਿਚ ਰਹਿ ਕੇ, ਖੇਤਾਂ ਵਿਚ ਕੱਖ-ਕਾਨਿਆਂ ਦੀ ਬਣਾਈ ਇਕ ਝੌਂਪੜੀ ਨੂੰ ਆਪਣਾ ਆਸ਼ਿਆਨਾ ਬਣਾਇਆ ਹੋਇਆ ਹੈ। ਇਹ ਅਜਿਹਾ ਇਲਾਕਾ ਹੈ ਜਿੱਥੇ ਆਵਾਜਾਈ ਲਈ ਨਾ ਕੋਈ ਪੱਕੀ ਸੜਕ ਹੈ ਅਤੇ ਨਾ ਹੀ ਬਿਜਲੀ ਵਰਗੀ ਸਹੂਲਤ। ਉਹ ਕੱਚੇ ਰਸਤਿਆਂ 'ਤੇ ਸਾਰਾ ਸਾਰਾ ਦਿਨ 60 ਕਿਲੋਮੀਟਰ ਦਾ ਸਫ਼ਰ ਆਪਣੇ ਸਾਈਕਲ 'ਤੇ ਬੀਜ ਇਕੱਠੇ ਕਰਦਿਆਂ ਅਤੇ ਉਨ੍ਹਾਂ ਨੂੰ ਲੋਕਾਂ ਵਿਚ ਵੰਡਦਿਆਂ ਤੈਅ ਕਰਦਾ ਹੈ। ਉਹ 1982 ਤੋਂ ਹੀ ਆਦਿਵਾਸੀਆਂ ਨੂੰ ਰੁੱਖਾਂ ਦੀ ਅਹਿਮੀਅਤ ਪ੍ਰਤੀ ਸੰਵੇਦਨਸ਼ੀਲ ਕਰ ਰਿਹਾ ਹੈ। ਉਸ ਨੂੰ ਉਸ ਇਲਾਕੇ ਦੇ ਆਦਿਵਾਸੀ ਕਬੀਲਿਆਂ ਦੀਆਂ ਬਹੁਤ ਸਾਰੀਆਂ ਬੋਲੀਆਂ ਆਉਂਦੀਆਂ ਹਨ। ਉਹ ਆਪਣਾ ਸਮਾਂ ਆਦਿਵਾਸੀ ਬੱਚਿਆਂ ਨੂੰ ਪੜ੍ਹਾਉਂਦਿਆਂ ਅਤੇ ਔਰਤਾਂ ਦੀ ਸਮਾਜਿਕ ਹਾਲਤ ਨੂੰ ਬਿਹਤਰ ਬਣਾਉਣ ਲਈ ਕੰਮ ਕਰਦਿਆਂ ਗੁਜ਼ਾਰਦਾ ਹੈ। ਉਹ 'ਸ਼ਰਮਿਕ ਆਦਿਵਾਸੀ ਸੰਗਠਨ' ਨਾਲ ਜੁੜਿਆ ਹੋਇਆ ਹੈ ਜਿਸ ਦੇ ਕਾਰਕੁਨ ਅਨੁਰਾਗ ਮੋਦੀ ਅਨੁਸਾਰ, ਜੋ ਅਲੋਕ ਸਾਗਰ ਨਾਲ ਬਹੁਤ ਨੇੜਿਓਂ ਜੁੜਿਆ ਹੋਇਆ ਹੈ, "ਉਸ ਦੇ ਧਿਆਨ ਦੇ ਕੇਂਦਰ-ਬਿੰਦੂ ਕੁਦਰਤ ਸਬੰਧੀ ਹਨ ਅਤੇ ਉਹ ਲੋਕਾਂ ਨੂੰ ਰੁੱਖ ਉਗਾਉਣ, ਵਾਤਾਵਰਣ ਦੀ ਸੰਭਾਲ ਕਰਨ ਦੀ ਸਿੱਖਿਆ ਦਿੰਦਾ ਰਿਹਾ ਹੈ। ਉਹ ਬਹੁਤ ਹੀ ਸਾਦਾ ਮਨੁੱਖ ਹੈ, ਉਹੀ ਕਰਦਾ ਹੈ ਜੋ ਉਹ ਕਹਿੰਦਾ ਹੈ ਅਤੇ ਜੋ ਉਸ ਲਈ ਅਰਥ ਰੱਖਦਾ ਹੈ।" ਆਦਿਵਾਸੀ ਲੋਕ ਜੋ ਇਕਾਂਤ-ਪਸੰਦ ਹਨ ਹੌਲੀ ਹੌਲੀ ਉਸ 'ਤੇ ਭਰੋਸਾ ਕਰਨ ਲੱਗ ਪਏ। ਅਨੁਰਾਗ ਮੋਦੀ ਦਾ ਕਹਿਣਾ ਹੈ ਕਿ ਅਲੋਕ ਸਾਗਰ ਮਹਿਸੂਸ ਕਰਦਾ ਹੈ ਕਿ ਆਦਿਵਾਸੀ ਹੀ ਹਨ ਜੋ ਕੁਦਰਤ ਨਾਲ ਜੁੜੇ ਹੋਏ ਹਨ ਅਤੇ ਕੁਦਰਤ ਦੀ ਇੱਜ਼ਤ ਕਰਦੇ ਹਨ।

ਇੱਕ ਹੋਰ ਲੇਖਕ ਸੰਗਰਾਮ ਸਿਨਹਾ ਦਾ ਕਹਿਣਾ ਹੈ ਕਿ "ਅਲੋਕ ਸਾਗਰ ਦਾ ਜੀਵਨ ਇੱਕ ਉਦਾਹਰਣ ਪੇਸ਼ ਕਰਦਾ ਹੈ ਕਿ ਜੇ ਤੁਸੀਂ ਕੋਈ ਕਾਰਜ ਕਰਨਾ ਚਾਹੁੰਦੇ ਹੋ ਅਤੇ ਕਿਸੇ ਅਕੀਦੇ ਲਈ ਕੰਮ ਕਰਨਾ ਚਾਹੁੰਦੇ ਹੋ ਤਾਂ ਉਸ ਲਈ ਕਿਸੇ ਬਹਾਨਿਆਂ ਦੀ ਜ਼ਰੂਰਤ ਨਹੀਂ। ਮੈਨੂੰ ਨਹੀਂ ਪਤਾ ਜੋ ਉਹ ਕਰ ਰਿਹਾ ਹੈ ਸਾਰਥਕ ਹੈ ਜਾਂ ਨਹੀਂ। ਬਹੁਤ ਸਾਰੇ ਲੋਕ ਕਹਿਣਗੇ ਕਿ ਉਹ ਆਪਣੀ ਸਿੱਖਿਆ ਅਤੇ ਮੁਹਾਰਤ ਨਾਲ ਆਪਣੇ ਜੀਵਨ ਵਿਚ ਜ਼ਿਆਦਾ ਦੌਲਤ ਇਕੱਠੀ ਕਰ ਸਕਦਾ ਸੀ ਅਤੇ ਜੇ ਚਾਹੁੰਦਾ ਤਾਂ ਆਦਿਵਾਸੀਆਂ ਅਤੇ ਗਰੀਬਾਂ ਲਈ ਆਪਣੀ ਦੌਲਤ ਅਤੇ ਮੁਹਾਰਤ ਵਰਤ ਕੇ ਜ਼ਿਆਦਾ ਵੱਡੇ ਕੰਮ ਕਰ ਸਕਦਾ ਸੀ; ਉਸ ਨੂੰ ਆਪਣਾ ਸਭ ਕੁਝ ਤਿਆਗਣ ਦੀ ਜ਼ਰੂਰਤ ਨਹੀਂ ਸੀ। ਪ੍ਰੰਤੂ ਇੱਕ ਗੱਲ ਸਪੱਸ਼ਟ ਹੈ ਕਿ ਉਸ ਨੂੰ ਇਹ ਜ਼ਮੀਨੀ ਜ਼ਿੰਦਗੀ ਜਿਉਂਦਿਆਂ ਆਪਣੀ ਜ਼ਿੰਦਗੀ ਦਾ ਇੱਕ ਉਦੇਸ਼ ਮਿਲ ਗਿਆ ਅਤੇ ਤਸੱਲੀ ਹੋਈ ਜਾਪਦੀ ਹੈ। ਹੋ ਸਕਦਾ ਹੈ ਉਹ ਹੋਮੋ



ਸੇਪੀਅਨਜ਼ ਦੀ ਵਿਰਾਸਤੀ ਪ੍ਰੰਪਰਕ ਜ਼ਰੂਰਤ ਵਿਚ ਕੁੱਦ ਗਿਆ ਹੋਵੇ ਅਤੇ ਉਸ ਨੂੰ ਆਪਣੀ ਕਾਬਲੀਅਤ ਅਤੇ ਤਾਕਤ ਦੀ ਸਵੈ-ਪੂਰਨਤਾ ਦਾ ਪੱਧਰ ਬਹੁਤ ਛੋਟੀ ਉਮਰ ਵਿਚ ਹੋ ਗਿਆ ਜਾਪਦਾ ਹੋਵੇ ਅਤੇ ਉਹ ਇਸ ਨੂੰ ਅਨੰਦ ਨਾਲ ਅੱਗੇ ਵਧਾ ਰਿਹਾ ਹੋਵੇ। ਪੈਮਾਨਾ ਇਹ ਨਹੀਂ ਜੋ ਅਸੀਂ ਕਰਦੇ ਹਾਂ, ਬਲਕਿ ਕਿਸੇ ਸਮੇਂ ਅਸੀਂ ਕਿਉਂ ਕਰਦੇ ਹਾਂ ਅਤੇ ਉਸ ਨੂੰ ਕਿੰਨੀ ਇਮਾਨਦਾਰੀ ਨਾਲ ਕਰਦੇ ਹਾਂ ਕਿਸੇ ਦੀ ਜ਼ਿੰਦਗੀ ਅਤੇ ਅਜੀਵਕਾ ਲਈ ਇਹ ਜ਼ਿਆਦਾ ਮਹੱਤਵਪੂਰਨ ਹੈ।" ਉਸ ਦੀ ਸੰਪਤੀ ਤਿੰਨ ਕੁੜਤੇ ਅਤੇ ਇਕ ਸਾਈਕਲ ਹੈ।

ਅੱਜ ਜਿਸ ਰਫ਼ਤਾਰ ਨਾਲ ਜੰਗਲ, ਪਾਣੀ ਅਤੇ ਜ਼ਮੀਨ ਤਬਾਹ ਹੋ ਰਹੀ ਹੈ, ਵਾਤਾਵਰਣ ਦੂਸ਼ਿਤ ਹੋ ਰਿਹਾ ਹੈ, ਆਦਿਵਾਸੀਆਂ ਨੂੰ ਉਜਾੜਿਆ ਜਾ ਰਿਹਾ ਹੈ, ਉਸ ਸਭ ਨੂੰ ਧਿਆਨ ਵਿਚ ਰੱਖਦਿਆਂ ਅਲੋਕ ਸਾਗਰ ਦਾ ਉਪਰਾਲਾ ਅਤੇ ਜੀਵਨ ਇਕ ਦਰਵੇਸ਼ ਦੇ ਸਮਰਪਣ ਵਾਂਗ ਜਾਪਦਾ ਹੈ, ਉਸ ਦੇ ਜੀਵਨ ਦਾ ਅਰਥ ਅਤੇ ਦੂਰ-ਅੰਦੇਸ਼ੀ ਨਜ਼ਰ ਆਉਂਦੀ ਹੈ। ਉਸ ਦੇ ਪਦ-ਚਿੰਨ੍ਹਾਂ 'ਤੇ ਚੱਲ ਕੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਨੂੰ ਬਚਾਇਆ ਅਤੇ ਰਹਿਣਯੋਗ ਬਣਾਇਆ ਜਾ ਸਕਦਾ ਹੈ। ਸਮਾਜਿਕ, ਆਰਥਿਕ ਅਧਿਕਾਰਾਂ ਦੀ ਲੜਾਈ ਲੜ ਰਹੇ ਆਦਿਵਾਸੀਆਂ ਨਾਲ ਰਲ ਕੇ ਉਸ ਨੇ ਰੁੱਖ ਲਗਾਉਣੇ ਅਤੇ ਉਨ੍ਹਾਂ ਦੀ ਸੰਭਾਲ ਕਰਨੀ ਸ਼ੁਰੂ ਕੀਤੀ। ਉਸ ਨੇ ਆਦਿਵਾਸੀਆਂ ਨੂੰ ਅੰਬ, ਜਾਮਣ, ਚੀਕੂ, ਅਲੀਚੀ, ਅੰਜੀਰ, ਮੌਸਮੀ, ਸੰਤਰੇ, ਕੀਨੂੰ, ਰੀਠਾ, ਮੁਨੱਕਾ, ਮਹੂਆ ਕਾਜੂ, ਸੀਤਾਫਲ ਅਤੇ ਹੋਰ ਅਨੇਕਾਂ ਫਲਦਾਰ ਰੁੱਖ ਉਗਾਉਣੇ ਸਿਖਾਏ ਹਨ। ਹੁਣ ਤੱਕ ਸ਼ਾਇਦ ਉਹ ਪੰਜਾਹ ਹਜ਼ਾਰ ਤੋਂ ਵੀ ਵੱਧ ਰੁੱਖ ਲਾ ਚੁੱਕਿਆ ਹੈ। ਸ਼ਾਇਦ ਹਾਲੇ ਵੀ ਦੁਨੀਆ ਨੂੰ ਉਸ ਦੀ ਪਛਾਣ ਨਾ ਹੁੰਦੀ; ਜਿਵੇਂ ਭਾਈ ਵੀਰ ਸਿੰਘ ਦੇ ਸ਼ਬਦਾਂ ਵਿਚ:

ਮੇਰੀ ਛੁਪੇ ਰਹਿਣ ਦੀ ਚਾਹ ਤੇ ਛੁਪ ਤੁਰ ਜਾਣ ਦੀ
ਹੈ ਪੂਰੀ ਹੁੰਦੀ ਨਾ ਮੈਂ ਤਰਲੇ ਲੈ ਰਿਹਾ।

ਪ੍ਰੰਤੂ 2016 ਵਿਚ ਬੈਤੂਲ ਜ਼ਿਲ੍ਹੇ ਦੀ ਘੋੜਾ ਡੋਂਗਰ ਦੀ ਇੱਕ ਉਪ-ਚੋਣ ਆ ਗਈ ਜਿਸ ਦੌਰਾਨ ਕਿਸੇ ਨੇ ਪ੍ਰੋਫੈਸਰ ਅਲੋਕ ਸਾਗਰ ਦੀ ਸ਼ਿਕਾਇਤ ਕਰ ਦਿੱਤੀ ਕਿ ਉਹ ਕੋਈ ਬਾਹਰਲਾ ਸ਼ੱਕੀ ਆਦਮੀ ਹੈ ਤਾਂ ਅਲੋਕ ਸਾਗਰ ਨੇ ਥਾਣੇ ਵਿਚ ਪਹੁੰਚ ਕੇ ਆਪਣੀ ਪਛਾਣ ਦੱਸੀ। ਇਸ ਤੋਂ ਦੁਨੀਆਂ ਨੂੰ ਪਤਾ ਲੱਗਿਆ ਕਿ ਉਹ ਦਿੱਲੀ ਦੇ ਇੱਕ ਚੰਗੇ ਖਾਂਦੇ-ਪੀਂਦੇ ਪਰਿਵਾਰ ਨਾਲ ਸਬੰਧਤ, ਬਹੁਤ ਉਚ-ਡਿਗਰੀਆਂ ਪ੍ਰਾਪਤ, ਬਹਿਰੂਨੀ ਮੁਲਕਾਂ ਦੇ ਉਚ-ਪਾਏ ਦੇ ਵਿਸ਼ਵਵਿਦਿਆਲਿਆਂ ਤੋਂ ਸਿੱਖਿਅਤ ਅਤੇ ਆਈ ਆਈ ਟੀ ਦਾ ਪ੍ਰੋਫੈਸਰ ਹੈ ਜੋ ਸਭ ਕੁੱਝ ਤਿਆਗ ਕੇ ਆਦਿਵਾਸੀਆਂ ਦੀ ਸੇਵਾ ਵਿਚ ਜੁਟ ਗਿਆ।

ਅਸਲ ਵਿਚ ਪਿਛਲੇ ਕਾਫੀ ਵਰ੍ਹਿਆਂ ਤੋਂ ਕੇਂਦਰ ਸਰਕਾਰਾਂ ਦੀ ਸਰਪ੍ਰਸਤੀ ਹੇਠ ਕਾਰਪੋਰੇਸ਼ਨਾਂ ਵੱਲੋਂ ਆਦਿਵਾਸੀਆਂ ਨੂੰ ਉਜਾੜ ਕੇ ਉਨ੍ਹਾਂ ਦੇ ਜੰਗਲਾਂ ਨੂੰ ਤਬਾਹ ਕਰ ਕੇ ਉਥੋਂ ਦੇ ਖਣਿਜ ਪਦਾਰਥਾਂ ਦੀ ਲੁੱਟ ਦਾ ਕਾਰੋਬਾਰ ਸ਼ੁਰੂ ਕੀਤਾ ਹੋਇਆ ਹੈ। ਆਦਿਵਾਸੀਆਂ ਦੀ ਮਦਦ ਕਰਨ ਪੱਖੋਂ ਅਤੇ ਉਨ੍ਹਾਂ ਨੂੰ ਸਿੱਖਿਅਤ ਅਤੇ ਜਾਗਰੂਕ ਕਰਨ ਲਈ ਸਮੇਂ ਸਮੇਂ ਸਮਾਜਸੇਵੀ ਸੰਸਥਾਵਾਂ ਹੋਂਦ ਵਿਚ ਆਈਆਂ ਜੋ ਕਈ ਲੋਕਾਂ ਲਈ ਆਦਿਵਾਸੀਆਂ ਵਿਚ ਜਾ ਕੇ ਸੇਵਾ ਕਰਨ ਦਾ ਸਬੱਬ ਬਣੀਆਂ; ਭਾਵੇਂ ਕੇਂਦਰੀ ਮੌਜੂਦਾ ਸਰਕਾਰ ਵੱਲੋਂ ਅਜਿਹੇ ਕਾਰਕੁਨਾਂ ਨੂੰ 'ਅਰਬਨ ਨਕਸਲ' ਜਾਂ 'ਮਾਓਵਾਦੀ' ਆਦਿ ਕਹਿ ਕੇ ਜੇਲ੍ਹਾਂ ਵਿਚ ਸੁੱਟਿਆ ਗਿਆ ਹੈ ਅਤੇ ਸੁੱਟਿਆ ਜਾ ਰਿਹਾ ਹੈ; ਕਈ ਤਰ੍ਹਾਂ ਦੇ ਤਸੀਹੇ ਦਿੱਤੇ ਜਾਂਦੇ ਹਨ। ਬਹੁਤ ਸਾਰੀਆਂ ਦੁਸ਼ਵਾਰੀਆਂ ਦੇ ਬਾਵਜੂਦ ਆਦਿਵਾਸੀ ਲਗਾਤਾਰ ਆਪਣੀ ਜ਼ਮੀਨ ਅਤੇ ਜੀਵਨ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਅਜਿਹੇ ਹੀ ਇਕ ਸਮਾਜਸੇਵੀ ਦਾ ਨਾਮ ਹਿਮਾਂਸ਼ੂ ਕੁਮਾਰ ਹੈ ਜਿਸ ਦਾ ਪਿਤਾ ਵੀ ਆਜ਼ਾਦੀ ਦੇ ਘੋਲ ਵਿਚ ਲੱਗਾ ਰਿਹਾ ਅਤੇ ਫਿਰ ਮਹਾਤਮਾ ਗਾਂਧੀ ਦੇ ਸੰਪਰਕ ਵਿਚ ਆ ਗਿਆ। ਹਿਮਾਂਸ਼ੂ ਕੁਮਾਰ ਅਤੇ ਉਨ੍ਹਾਂ ਦੀ ਪਤਨੀ ਵੀਣਾ ਵੀ ਮਹਾਤਮਾ ਗਾਂਧੀ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਆਪਣੇ ਵਿਆਹ ਤੋਂ 20 ਕੁ ਦਿਨ ਬਾਅਦ ਹੀ ਦਿੱਲੀ ਤੋਂ ਆਪਣਾ ਘਰ ਛੱਡ ਕੇ ਬਸਤਰ ਦੇ ਇਕ ਆਦਿਵਾਸੀ ਪਿੰਡ ਵਿਚ ਰਹਿਣ ਚਲੇ ਗਏ ਸੀ। ਛੱਤੀਸਗੜ੍ਹ ਵਿਚ ਕੰਪਨੀਆਂ ਵੱਲੋਂ ਆਦਿਵਾਸੀਆਂ ਦੀਆਂ ਜ਼ਮੀਨਾਂ ਹੜੱਪ ਕਰਨ ਲਈ ਸਰਕਾਰ ਨੇ ਸਲਵਾ ਜੁਡਮ ਚਲਾਇਆ, ਆਦਿਵਾਸੀਆਂ ਦੇ ਪਿੰਡ ਸਾੜੇ, ਉਨ੍ਹਾਂ ਦੇ ਕਤਲ ਕੀਤੇ ਅਤੇ ਔਰਤਾਂ ਨਾਲ ਬਲਾਤਕਾਰ ਕੀਤੇ। ਜਦੋਂ ਹਿਮਾਂਸ਼ੂ ਕੁਮਾਰ ਅਤੇ ਵੀਣਾ ਨੇ ਇਸ ਦੇ ਖ਼ਿਲਾਫ਼ ਆਵਾਜ਼ ਉਠਾਈ ਤਾਂ ਸਰਕਾਰ ਨੇ ਇਨ੍ਹਾਂ ਦੇ ਆਸ਼ਰਮ ਨੂੰ ਬੁਲਡੋਜ਼ਰ ਕਰ ਦਿੱਤਾ। ਆਦਿਵਾਸੀਆਂ ਦੀ 18 ਸਾਲ ਦੀ ਲਗਾਤਾਰ ਸੇਵਾ ਕਰਨ ਦੇ ਬਾਵਜੂਦ ਸਰਕਾਰ ਨੇ ਇਨ੍ਹਾਂ ਦਾ ਬਸਤਰ ਵਿਚ ਰਹਿਣਾ ਮੁਹਾਲ ਕਰ ਦਿੱਤਾ। ਆਦਿਵਾਸੀਆਂ ਦੇ ਪਿੰਡਾਂ ਨੂੰ ਖਾਲੀ ਕਰਾਉਣ ਲਈ, ਉਨ੍ਹਾਂ ਨੂੰ ਉਜਾੜਨ ਲਈ ਉਨ੍ਹਾਂ ਦੇ ਪਿੰਡਾਂ ਨੂੰ ਵਾਰ-ਵਾਰ ਸਾੜਿਆ ਜਾਂਦਾ ਹੈ ਅਤੇ ਉਨ੍ਹਾਂ 'ਤੇ ਤਸ਼ੱਦਦ ਕੀਤੇ ਜਾਂਦੇ ਹਨ ਅਤੇ ਜੋ ਕੋਈ ਵੀ ਉਨ੍ਹਾਂ ਦੀ ਮਦਦ ਕਰਨ ਦੀ ਕੋਸ਼ਿਸ਼ ਕਰਦਾ ਹੈ ਉਸ ਨੂੰ 'ਅਰਬਨ ਨਕਸਲੀ' ਵਰਗੇ ਨਾਂ ਦੇ ਕੇ ਉਥੋਂ ਖਦੇੜ ਦਿੱਤਾ ਜਾਂਦਾ ਹੈ ਜਾਂ ਜੇਲ੍ਹਾਂ ਵਿਚ ਸੁੱਟ ਦਿੱਤਾ ਜਾਂਦਾ ਹੈ।

## ਨਵੇਂ ਸਾਲ ਨੂੰ ਸਮਰਪਿਤ

### ਸ਼ਾਲਾ ! ਨਵਾਂ ਸਾਲ

ਮਹਿੰਗਾਈ ਸੜ ਜਾਏ ਭੁੱਖਾ ਨ ਕੋਈ ਸੌਂਵੇ,
ਅਬਾਦ ਰਹੇ ਚਮਨ, ਘਰ ਸਾਫ਼ ਸੋਹਣਾ ਹੋਵੇ।
ਮਜ਼ਹਬਾਂ ਦੀ ਨਫ਼ਰਤ ਥਾਂਹ, ਹੋਵੇ ਮੁਹੱਬਤ,
ਅਮਨ ਸ਼ਾਂਤੀ ਦਾ ਹਰ ਤਰਫ਼ ਵਿਛੌਣਾ ਹੋਵੇ।

ਆਸਾਂ, ਰੀਝਾਂ, ਸੱਧਰਾਂ ਕਦੇ ਨ ਕਤਲ ਹੋਵਣ,
ਖ਼ੁਸ਼ੀ ਹਰ ਵਿਹੜੇ, ਨ ਦਰਦ ਦੁਖਾਉਣਾ ਹੋਵੇ।
ਮੁੱਢਲਾ ਹੱਕ ਸਿੱਖਿਆ ਦਾ, ਰੁਜ਼ਗਾਰ ਮਿਲੇ,
ਖ਼ੁਸ਼ਬੋਆਂ ਵੰਡਦਾ ਪਿਆਰ। ਲੁਭਾਉਣਾ ਹੋਵੇ।

ਅਲਵਿਦਾ ਤੇਈ ਖ਼ੁਸ਼ਆਮਦੀਦ ਚੌਵੀ ਨੂੰ,
ਕਿਲਕਾਰੀ ਮਾਰਦਾ ਨਵਾਂ ਸੂਰਜ ਉਦਾ ਹੋਵੇ।
ਹਿੰਦੂ, ਸਿੱਖ, ਮੁਸਲਿਮ, ਪਾਰਸੀ ਤੇ ਈਸਾਈ,
ਪੈਣ ਜੱਫੀਆਂ ਨ ਭਾਈ ਤੋਂ ਭਾਈ ਜੁਦਾ ਹੋਵੇ।

ਨਾ ਧਰਮ ਵੰਡਣ, ਨਾ ਉਚ-ਨੀਚਤਾ ਰੜਕੇ,
ਨਾਂ ਹੀ ਜਾਤ-ਪਾਤ ਦੇ ਝਗੜੇ, ਇੱਕ ਖ਼ੁਦਾ ਹੋਵੇ।
ਬੱਸ ਪਿਆਰ ਹੀ ਪਿਆਰ ਦਿਸੇ ਹਰ ਪਾਸੇ,
ਸਰਬ-ਸਾਂਝੀਵਾਲਤਾ ਦੀ ਜ਼ੁਬਾਂ 'ਤੇ ਦੁਆ ਹੋਵੇ।
*-ਸੇਵਾ ਸਿੰਘ 'ਨੂਰਪੁਰੀ'*

### ਨਵੇਂ ਸਾਲ ਨੂੰ ਅਰਜ਼ੋਈ

ਨਵਿਆਂ ਸਾਲਾ ਖ਼ੁਸ਼ੀਆਂ-ਖੇੜੇ ਆਪਣੇ ਨਾਲ ਲਿਆਈਂ।
ਮੋਹ-ਮੁਹੱਬਤ ਵਾਲੀ ਵਰਖਾ ਸਭਨਾਂ 'ਤੇ ਵਰਸਾਈਂ।
ਚੋਰ-ਉਚੱਕਿਆਂ, ਰਿਸ਼ਵਤਖੋਰਾਂ 'ਤੇ ਦਈਂ ਕੱਸ ਸ਼ਿਕੰਜਾ,
ਜੋ-ਜੋ ਕੰਮ ਮਾੜੇ ਕਰਦਾ ਜੇਲ੍ਹਾਂ ਵਿਚ ਪਹੁੰਚਾਈਂ।
ਨਾ ਕੋਈ ਘੁੰਮੇ ਨੰਗ-ਧੜੰਗਾ, ਨਾ ਕੋਈ ਭੁੱਖਾ ਸੌਂਵੇ,
ਦਾਤ ਰਿਜ਼ਕ ਦੀ ਸਭਨਾਂ ਦੀ ਤੂੰ ਝੋਲੀ ਦੇ ਵਿਚ ਪਾਈਂ।
ਧੀਆਂ ਨਾ ਇਨਸਾਫ਼ ਲੈਣ ਲਈ ਲਾ ਕੇ ਧਰਨੇ ਬੈਠਣ,
ਧੱਕਾ ਕਰਦੇ ਲੀਡਰ ਸਾਰੇ ਕੁਰਸੀਓਂ ਪਰੇ ਹਟਾਈਂ।
ਹੱਕ ਲੈਣ ਲਈ ਅੰਨਦਾਤਾ ਨਾ ਸੜਕਾਂ 'ਤੇ ਆ ਜੂਝੇ,
ਬਣਦੀ ਮਿਹਨਤ ਦਾ ਤਾਂ ਮੁੱਲ ਤੂੰ ਸਭ ਨੂੰ ਸਹੀ ਦੁਆਈਂ।
ਪੁੱਤ ਕਿਸੇ ਦਾ ਗੈਂਗਵਾਰ ਦੀ ਭੇਟਾ ਨਾ ਚੜ੍ਹ ਜਾਵੇ,
ਵੈਰ-ਵਿਰੋਧ ਦੀ ਲੀਕ ਮਨਾਂ 'ਚੋਂ ਹੁਣ ਤੂੰ ਜੜ੍ਹੋਂ ਮਿਟਾਈਂ।
ਨਸ਼ਿਆਂ ਦੀ ਤਾਂ ਦਲਦਲ ਵਿਚੋਂ ਨਿਕਲੇ ਬਾਹਰ ਜਵਾਨੀ,
ਮੌਤ ਐਦਾਂ ਦੀ ਬਖ਼ਸ਼ ਕੇ ਹੁਣ ਤੂੰ ਡੁੱਬਦਾ ਦੇਸ਼ ਬਚਾਈਂ।
ਨਵਿਆਂ ਸਾਲਾ ਹੱਥ ਜੋੜ ਕੇ 'ਨਾਗਰੇ' ਦੀ ਅਰਜ਼ੋਈ,
ਮਾੜੇ ਕੰਮੋਂ ਦੂਰ ਤੂੰ ਰੱਖੀਂ ਚੰਗੇ ਕੰਮੀਂ ਲਾਈਂ।
*-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'*
*ਫੋਨ: +1360-448-1989*

### ਨਵਾਂ ਸਾਲ ਸੱਚੇ ਪਾਤਸ਼ਾਹ

ਉੱਠ ਕੇ ਸਵੇਰੇ ਸਦਾ, ਨਿੱਤਨੇਮ ਕਰਾਂ ਮੈਂ
ਲੰਗਰਾਂ 'ਚ ਕਰਾਂ ਸੇਵਾ, ਬਾਣੀ ਨਿੱਤ ਪੜ੍ਹਾਂ ਮੈਂ
ਸਦਾ ਰਹੇ ਤੇਰਾ ਹੀ, ਖਿਆਲ ਸੱਚੇ ਪਾਤਸ਼ਾਹ
ਸੁੱਖਾਂ ਦਾ ਚੜ੍ਹਾਵੀਂ ਨਵਾਂ, ਸਾਲ ਸੱਚੇ ਪਾਤਸ਼ਾਹ।

ਮੰਗਦੇ ਆ ਤੇਰੇ ਤੋਂ, ਰਿਹਾਈ ਬੰਦੀ ਸਿੰਘਾਂ ਦੀ
ਜੇਲ੍ਹਾਂ ਵਿਚ ਹੋਵੇ ਜੀ, ਚੜ੍ਹਾਈ ਬੰਦੀ ਸਿੰਘਾਂ ਦੀ
ਸਿੰਘਾਂ ਦਾ ਨਾ ਹੋਵੇ ਵਿੰਗਾ, ਵਾਲ ਸੱਚੇ ਪਾਤਸ਼ਾਹ
ਚੜ੍ਹਦੀ ਕਲਾ 'ਚ ਲੰਘੇ, ਸਾਲ ਸੱਚੇ ਪਾਤਸ਼ਾਹ।

ਸੁੱਖ ਹੋਵੇ ਸਦਾ ਮੇਰੇ ਲਾਡਲੇ ਪੰਜਾਬ ਦੀ
ਖੈਰ ਹੋਵੇ ਦੁਨੀਆ 'ਤੇ ਖਾਲਸੇ ਦੇ ਰਾਜ ਦੀ
ਯੋਧਿਆਂ ਦੀ ਹੋਵੇ ਪੂਰੀ, ਘਾਲ ਸੱਚੇ ਪਾਤਸ਼ਾਹ
ਸੁੱਖਾਂ ਦਾ ਲਿਆਵੀਂ ਨਵਾਂ ਸਾਲ ਸੱਚੇ ਪਾਤਸ਼ਾਹ।

ਖੁਸ਼ੀਆਂ ਤੇ ਖੇੜਿਆਂ ਦੇ, ਦੀਵੇ ਰਹਿਣ ਜਗਦੇ
ਮਿਹਰਾਂ ਵਾਲੇ ਸਿਰਾਂ ਉੱਤੇ, ਹੜ੍ਹ ਰਹਿਣ ਵਗਦੇ
ਰਹੀਂ ਕੁਲਵੀਰ 'ਤੇ, ਦਿਆਲ ਸੱਚੇ ਪਾਤਸ਼ਾਹ
ਚੜ੍ਹਦੀ ਕਲਾ 'ਚ ਲੰਘੇ ਸਾਲ ਸੱਚੇ ਪਾਤਸ਼ਾਹ।
*-ਕੁਲਵੀਰ ਸਿੰਘ ਡਾਨਸੀਵਾਲ*

---

### ਨਵਾਂ ਸਾਲ

ਮੋਢੇ 'ਤੇ ਗੈਂਤੀ ਇਕ ਨੰਨ੍ਹਾ ਮਜ਼ਦੂਰ
ਨੰਗੇ ਪੈਰ ਅੱਧ ਨੰਗਾ ਤਨ ਕੜਕਦੀ ਠੰਢ ਸੜਕ ਦੇ ਕੰਢੇ
ਆਪਣੀ ਮਜ਼ਦੂਰ ਮਾਂ ਦੇ ਪਿੱਛੇ-ਪਿੱਛੇ ਚਲ ਰਿਹਾ ਹੈ
ਖ਼ੂਬ ਸਜੇ ਨੇ ਬਾਜ਼ਾਰ ਮਿਠਾਈਆਂ ਦੀ ਖ਼ੁਸ਼ਬੂ
ਲਲਚਾਉਂਦੀ ਜੀਭ ਕੁੱਝ ਮਿੱਟੀ ਦੇ ਦੀਵੇ
ਰੰਗ ਬਿਰੰਗੀਆਂ ਮੋਮਬੱਤੀਆਂ
ਕੀ ਪਤਾ ਕਿਸ ਘਰ ਵਿਚ ਦੇਣਗੀਆਂ ਰੌਸ਼ਨੀ
ਮਜ਼ਦੂਰ ਮਾਂ ਨੇ ਰੋਜ਼ ਦੀ ਤਰ੍ਹਾਂ
ਗਲੇ ਸੜੇ ਫਲ ਖਰੀਦੇ, ਕੁਝ ਆਟਾ, ਕੁਝ ਦਾਲ
ਥਕਾਨ ਨਾਲ ਚੂਰ-ਚੂਰ ਚਲ ਪਈ ਝੌਂਪੜੀ ਵੱਲ
ਇੱਟਾਂ ਦੇ ਚੁੱਲ੍ਹੇ 'ਤੇ ਰੋਟੀਆਂ ਸੇਕੀਆਂ
ਢੇਰੀ ਹੋ ਗਈ ਜ਼ਮੀਨ ਦੀ ਚਾਰਪਾਈ 'ਤੇ
ਲੱਗ ਕੇ ਸੌਂ ਗਏ ਬੱਚੇ ਉਸਦੇ ਨਾਲ
ਉੱਚੇ ਮਹਿਲਾਂ 'ਚ ਪਟਾਖੇ ਚੱਲੇ ਰਾਤ ਦੇ ਬਾਰ੍ਹਾਂ ਵਜੇ
ਰੌਸ਼ਨੀਆਂ ਨਾਲ ਭਰਿਆ ਆਸਮਾਨ
ਮਾਂ, "ਇਹ ਕੀ ਹੋ ਰਿਹਾ ਏ?"
ਮਾਂ ਨੇ ਕਿਹਾ, "ਚੁੱਪ ਕਰ, ਸੌਂ ਜਾ
ਕੁਝ ਨਹੀਂ ਹੈ ਆਉਂਤਰਾ ਨਵਾਂ ਸਾਲ ਏ।
*-ਬਲਵਿੰਦਰ ਬਾਲਮ*




# ਪੰਜਾਬ ਟਾਈਮਜ਼ ਦੇ ਪਾਠਕਾਂ, ਖੇਡ ਪ੍ਰੇਮੀਆਂ ਅਤੇ ਸਮੂਹ ਦੋਸਤਾਂ-ਮਿੱਤਰਾਂ ਨੂੰ ਢੀਂਡਸਾ ਬ੍ਰਦਰਜ਼ ਵਲੋਂ ਨਵੇਂ ਸਾਲ 2024 ਦੀਆਂ ਮੁਬਾਰਕਾਂ!

## ਖੁਸ਼ੀ ਦੇ ਰੰਗ ਵਿਚ ਰੰਗਿਆ ਹੋਇਆ ਨਵੇਂ ਸਾਲ ਦਾ ਨਵਾਂ ਸੂਰਜ ਤੁਹਾਡੇ ਪਰਿਵਾਰਾਂ 'ਤੇ ਖੁਸ਼ੀਆਂ ਦੀਆਂ ਕਿਰਨਾਂ ਦਾ ਪਸਾਰਾ ਕਰੇ।



ਲਖਵੀਰ ਸਿੰਘ ਢੀਂਡਸਾ



ਅਮਰਜੀਤ ਸਿੰਘ ਢੀਂਡਸਾ

## ਨਿਰਵਿਘਨ ਪ੍ਰਕਾਸ਼ਨ ਦੇ 25ਵੇਂ ਸਾਲ 'ਚ (ਪਹਿਲੀ ਜਨਵਰੀ 2000-2024)

## ਅਦਾਰਾ ਪੰਜਾਬ ਟਾਈਮਜ਼ ਦੇ ਸਟਾਫ, ਕਾਲਮਨਵੀਸਾਂ ਅਤੇ ਸਲਾਹਕਾਰ ਕਮੇਟੀ ਦੇ ਮੈਂਬਰਾਂ ਵਲੋਂ ਕੁਲ ਲੋਕਾਈ ਨੂੰ

# ਸਾਲ 2024 ਮੁਬਾਰਕ

**ਅਸੀ ਅਰਦਾਸ ਕਰਦੇ ਹਾਂ ਕਿ ਨਵਾਂ ਸਾਲ 2024 ਘੁੱਗ ਵੱਸਦੀ ਕਾਇਨਾਤ ਲਈ ਖੁਸ਼ੀਆਂ-ਖੇੜੇ ਤੇ ਸ਼ੁੱਭ ਸੰਦੇਸ਼ ਲੈ ਕੇ ਆਵੇ!!! ਇਸ ਸਾਲ ਤੁਹਾਨੂੰ ਦਰਪੇਸ਼ ਹਰ ਚੁਣੌਤੀ ਤੁਹਾਨੂੰ ਹਿੰਮਤ, ਉਮੀਦ ਅਤੇ ਸਫ਼ਲਤਾ ਪ੍ਰਦਾਨ ਕਰੇ।**

ਖੁਸ਼ੀਆਂ ਦੇ ਰੰਗਾਂ ਵਿਚ ਰੰਗਿਆ ਨਵੇਂ ਸਾਲ ਦਾ ਨਵਾਂ ਸੂਰਜ ਤੁਹਾਡੇ ਪਰਿਵਾਰਾਂ 'ਤੇ ਖੁਸ਼ੀਆਂ ਦੀਆਂ ਕਿਰਨਾਂ ਦਾ ਪਸਾਰਾ ਕਰੇ। ਤੁਹਾਨੂੰ ਸਭ ਨੂੰ ਨਵਾਂ ਸਾਲ ਮੁਬਾਰਕ!

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ



ਜੈਦੇਵ ਸਿੰਘ ਭੱਠਲ | ਪਰਮਿੰਦਰ ਸਿੰਘ ਵਾਲੀਆ | ਅਮਰੀਕ ਸਿੰਘ | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਰਾਜਿੰਦਰ ਸਿੰਘ ਬੈਂਸ | ਗੁਰਵੀਰ ਸਿੰਘ ਗਿੱਲ | ਗੁਰਦੇਵ ਸਿੰਘ ਜੌੜਾ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਅੰਮ੍ਰਿਤਪਾਲ ਸਿੰਘ ਸੰਘਾ | ਭੁਪਿੰਦਰ ਸਿੰਘ ਧਾਲੀਵਾਲ | ਰਘਬੀਰ ਸਿੰਘ ਘੁੰਨ | ਸਰਵਣ ਸਿੰਘ ਟਿਵਾਣਾ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ


**ਪੰਜਾਬ ਟਾਈਮਜ਼**

**ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ**

Published simultaneously from Chicago, California & New York.

Ph: 847-359-0746

*e-mail: punjabtimes1@gmail.com, website: www.punjabtimesusa.com*




# ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ, ਦੋਸਤਾਂ-ਮਿੱਤਰਾਂ ਤੇ ਸਨੇਹੀਆਂ ਨੂੰ ਨਵੇਂ ਸਾਲ 2024 ਦੀਆਂ ਲੱਖ ਲੱਖ ਮੁਬਾਰਕਾਂ!





















ਨਵਾਂ ਸਾਲ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੇ ਜੀਵਨ ਵਿਚ ਖੁਸ਼ੀਆਂ, ਖੇੜੇ, ਖੁਸ਼ਹਾਲੀ ਤੇ ਤਰੱਕੀ ਲੈ ਕੇ ਆਵੇ। ਸਫਲਤਾ ਤੁਹਾਡੇ ਪੈਰ ਚੁੰਮੇ ਤੇ ਪਰਮਾਤਮਾ ਤੁਹਾਡੀ ਹਰ ਮੁਰਾਦ ਪੂਰੀ ਕਰੇ।

**ਵਲੋਂ: ਸ. ਭੁਪਿੰਦਰ ਸਿੰਘ ਧਾਲੀਵਾਲ ਅਤੇ ਰਾਜ ਧਾਲੀਵਾਲ**

# ਇਤਿਹਾਸ ਦੀ ਯਾਤਰਾ: ਸਾਕਾ ਸ੍ਰੀ ਨਨਕਾਣਾ ਸਾਹਿਬ


**ਕਲਾ ਪਰਿਕਰਮਾ**

ਵੀਹਵੀਂ ਸਦੀ ਦੇ ਤੀਜੇ ਦਹਾਕੇ ਦੌਰਾਨ ਚੱਲੀ ਗੁਰਦੁਆਰਾ ਸੁਧਾਰ ਲਹਿਰ ਅਥਵਾ ਅਕਾਲੀ ਲਹਿਰ ਵਿਚ ਨਨਕਾਣਾ ਸਾਹਿਬ ਦੇ ਸਾਕੇ ਨੂੰ ਮਹੱਤਵਪੂਰਨ ਸਥਾਨ ਹਾਸਲ ਹੈ। ਵੀਹ ਫਰਵਰੀ 1921 ਨੂੰ ਗੁਰਦੁਆਰਾ ਜਨਮ ਅਸਥਾਨ ਉੱਤੇ ਕਾਬਜ਼ ਮਹੰਤ ਨਰੈਣ ਦਾਸ ਨੇ ਗੁਰਦੁਆਰੇ ਵਿਚ ਨਤਮਸਤਕ ਹੋ ਰਹੇ ਸ਼ਾਂਤਮਈ ਸਿੱਖਾਂ ਉੱਤੇ ਆਤਿਸ਼ੀ ਹਥਿਆਰਾਂ, ਛਵੀਆਂ, ਗੰਡਾਸਿਆਂ ਆਦਿ ਨਾਲ ਹਮਲਾ ਕਰ ਕੇ ਸੌ ਦੇ ਕਰੀਬ ਬੇਗੁਨਾਹ ਗੁਰੂ ਪਿਆਰਿਆਂ ਨੂੰ ਸ਼ਹੀਦ ਕਰ ਦਿੱਤਾ ਸੀ। ਅਕਾਲੀ ਲਹਿਰ ਦੌਰਾਨ ਇਸ ਸਾਕੇ ਦਾ ਜ਼ਿਕਰ ਹੁੰਦਾ ਰਿਹਾ ਪਰ ਪਿੱਛੋਂ ਗੱਲ ਮੱਧਮ ਪੈ ਗਈ। ਸਾਕੇ ਦੇ ਮਹੱਤਵ ਕਾਰਨ ਅਕਾਲੀ ਲਹਿਰ ਬਾਰੇ ਲਿਖੀ ਹਰ ਪੁਸਤਕ ਵਿਚ ਭਾਵੇਂ ਇਸ ਦਾ ਜ਼ਿਕਰ ਮਿਲਦਾ ਹੈ ਪਰ ਸਿੱਖ ਪੰਥ ਵਿਚ ਕੁਰਬਾਨੀ ਦੀ ਭਾਵਨਾ ਪੈਦਾ ਕਰਨ


**ਗੁਰਦੇਵ ਸਿੰਘ ਸਿੱਧੂ**
**ਫੋਨ: +91-94170-49417**

ਲਈ ਨਵਾਂ ਜੋਸ਼ ਭਰਨ ਵਾਲੀ ਇਸ ਘਟਨਾ ਬਾਰੇ ਸੁਤੰਤਰ ਰੂਪ ਵਿਚ ਘੱਟ ਹੀ ਲਿਖਿਆ ਗਿਆ। ਇਸ ਘਾਟ ਨੂੰ ਪੂਰੀ ਕਰਨ ਵਾਸਤੇ ਕਿਸੇ ਵਿਸ਼ੇਸ਼ ਘਟਨਾ ਨੂੰ ਉਸ ਦੀ ਸ਼ਤਾਬਦੀ ਮੌਕੇ ਮੁੜ ਚਿਤਵਣ ਦੀ ਰਵਾਇਤ ਅਨੁਸਾਰ 'ਸਾਕਾ ਸ੍ਰੀ ਨਨਕਾਣਾ ਸਾਹਿਬ ਦੇ 100 ਸਾਲਾ ਵਿਸ਼ੇਸ਼ ਇਤਿਹਾਸਕ ਅਵਸਰ 'ਤੇ ਸਾਕੇ ਸਬੰਧੀ' ਡਾ. ਗੁਰਤੇਜ ਸਿੰਘ ਠੀਕਰੀਵਾਲਾ ਨੇ ਪੁਸਤਕ 'ਸਾਕਾ ਸ੍ਰੀ ਨਨਕਾਣਾ ਸਾਹਿਬ: ਸਮਕਾਲੀ ਅਖ਼ਬਾਰਾਂ ਦੀ ਜ਼ੁਬਾਨੀ' (ਸਿੰਘ ਬ੍ਰਦਰਜ਼, ਅੰਮ੍ਰਿਤਸਰ) ਦੀ ਰਚਨਾ ਕੀਤੀ।

ਲੇਖਕ ਦੇ ਦੱਸਣ ਅਨੁਸਾਰ, "ਪੁਸਤਕ ਦੀ ਵਿਸ਼ਾ ਬਣਤਰ ਮੁੱਖ ਤੌਰ 'ਤੇ ਦੋ ਹਿੱਸਿਆਂ ਵਿਚ ਵੰਡੀ ਗਈ ਹੈ। ਪੁਸਤਕ ਦੇ ਪਹਿਲੇ ਭਾਗ ਦਾ ਪਹਿਲਾ ਅਧਿਆਇ ਸ੍ਰੀ ਨਨਕਾਣਾ ਸਾਹਿਬ ਦੇ ਪਿਛੋਕੜ ਅਤੇ ਐਸਟੇਟ ਦੀ ਜਾਣ-ਪਛਾਣ ਬਾਰੇ ਹੈ। ਇਸ ਅਧਿਆਇ ਲਈ ਤੱਥਪੂਰਨ ਸਹਾਇਤਾ ਸ. ਨਰੈਣ ਸਿੰਘ ਐਮ.ਏ. ਮੈਨੇਜਰ (1932 ਤੋਂ 1947 ਈਸਵੀ ਤੱਕ) ਸ੍ਰੀ ਨਨਕਾਣਾ ਸਾਹਿਬ ਦੀ ਲਿਖਤ ਵਿਚੋਂ ਵੀ ਲਈ ਗਈ ਹੈ। ਦੂਸਰੇ ਅਧਿਆਇ ਵਿਚ ਸਾਕੇ ਸਬੰਧੀ ਸਮੁੱਚਾ ਅਧਿਐਨ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਅਦਾਲਤੀ ਬਿਆਨਾਂ/ਗਵਾਹੀਆਂ ਦੇ ਆਧਾਰ 'ਤੇ ਕੀਤਾ ਗਿਆ ਹੈ। ਦੂਸਰੇ ਭਾਗ ਵਿਚ ਫਸਟ ਅਦਾਲਤ, ਸੈਸ਼ਨ ਅਦਾਲਤ ਵਿਚਲੇ ਬਿਆਨਾਂ/ਗਵਾਹੀਆਂ ਅਤੇ ਅਦਾਲਤੀ ਫ਼ੈਸਲਿਆਂ (ਜਿਸ ਰੂਪ ਵਿਚ ਅਖ਼ਬਾਰਾਂ ਵਿਚੋਂ ਪ੍ਰਾਪਤ ਹੋਏ ਹਨ) ਨੂੰ ਹੂ-ਬ-ਹੂ ਦਰਜ ਕੀਤਾ ਗਿਆ ਹੈ।" ਇਸ ਦੂਸਰੇ ਭਾਗ ਵਿਚ 'ਸਾਕੇ ਉਪਰੰਤ ਮਹੰਤ ਨਰੈਣ ਦਾਸ ਅਤੇ ਸਾਥੀਆਂ ਦੀ ਪੁਲਿਸ ਹਿਰਾਸਤ ਤੋਂ ਲੈ ਕੇ ਫਾਂਸੀ ਦੀ ਸਜ਼ਾ ਹੋਣ ਅਤੇ ਅਖੀਰ ਮੁਆਫ਼ ਹੋਣ' ਤੱਕ ਦੀ ਘਟਨਾਵਲੀ ਬਾਰੇ ਵਿਸਤ੍ਰਿਤ ਜਾਣਕਾਰੀ ਮਿਲਦੀ ਹੈ। ਤਤਕਾਲੀਨ ਲਗਭਗ ਇਕ ਦਰਜਨ ਅਖ਼ਬਾਰਾਂ ਜਿਨ੍ਹਾਂ ਵਿਚ ਪੰਜਾਬੀ ਅਖ਼ਬਾਰ ਖਾਲਸਾ ਸਮਾਚਾਰ, ਅਕਾਲ ਸੇਵਕ, ਅਕਾਲੀ, ਪੰਥ ਸੇਵਕ, ਪੰਚ, ਪੰਜਾਬ ਦਰਪਨ, ਗੜਗੱਜ ਅਕਾਲੀ, ਪ੍ਰਦੇਸੀ ਖਾਲਸਾ ਤੇ ਰਣਜੀਤ ਅਤੇ ਅੰਗਰੇਜ਼ੀ ਅਖ਼ਬਾਰ ਟ੍ਰਿਬਿਊਨ ਅਤੇ ਖਾਲਸਾ ਐਡਵੋਕੇਟ ਸ਼ਾਮਲ ਹਨ, ਵਿਚੋਂ ਦੋਵਾਂ ਅਦਾਲਤਾਂ ਵਿਚ ਭੁਗਤੇ ਲਗਭਗ ਸਾਢੇ ਪੰਜ ਸੌ ਗਵਾਹਾਂ ਵਿਚੋਂ ਦੋ ਕੁ ਸੌ ਦੀਆਂ ਗਵਾਹੀਆਂ ਹੀ ਮਿਲ ਸਕੀਆਂ ਹਨ ਪਰ ਪ੍ਰਾਪਤ ਗਵਾਹੀਆਂ ਵਿਚ ਇਸਤਗਾਸਾ ਅਤੇ ਬਚਾਉ ਪੱਖ ਦੇ ਖ਼ਾਸ ਖ਼ਾਸ ਗਵਾਹਾਂ ਦੀਆਂ ਗਵਾਹੀਆਂ ਪ੍ਰਾਪਤ ਹੋਣ ਕਾਰਨ ਅਪ੍ਰਾਪਤ ਗਵਾਹੀਆਂ ਦਾ ਮਹੱਤਵ ਨਹੀਂ ਰਹਿੰਦਾ।




*ਡਾ. ਗੁਰਤੇਜ ਸਿੰਘ ਠੀਕਰੀਵਾਲਾ ਦੀ ਪੁਸਤਕ 'ਸਾਕਾ ਸ੍ਰੀ ਨਨਕਾਣਾ ਸਾਹਿਬ: ਸਮਕਾਲੀ ਅਖ਼ਬਾਰਾਂ ਦੀ ਜ਼ੁਬਾਨੀ' ਦਾ ਮੁਖੜਾ।*




*ਸਾਕੇ ਦੌਰਾਨ ਜ਼ਖਮੀ ਹੋਈ ਬੀੜ।*

ਨਨਕਾਣਾ ਸਾਹਿਬ ਦਾ ਸਾਕਾ ਵਰਤਣ ਸਮੇਂ ਦੇ ਅਖ਼ਬਾਰਾਂ ਦੇ ਹਵਾਲੇ ਨਾਲ ਲੇਖਕ ਨੇ ਇਸ ਦੁਖਦਾਈ ਕਾਂਡ ਦੇ ਕਈ ਨਵੇਂ ਪੱਖ ਉਜਾਗਰ ਕੀਤੇ ਹਨ। ਡਾ. ਗੁਰਤੇਜ ਸਿੰਘ ਦੇ ਦੱਸਣ ਅਨੁਸਾਰ ਮਹੰਤ ਨਰੈਣ ਦਾਸ ਨੇ "ਨੇੜੇ ਤੇੜੇ ਦੇ ਜਥਿਆਂ ਵਿਚ ਆਪਣੇ ਜਾਸੂਸ ਅਕਾਲੀ ਭੇਸ ਵਿਚ ਭੇਜ ਦਿੱਤੇ। ਇਨ੍ਹਾਂ ਜਾਸੂਸਾਂ ਨੇ ਜਥਿਆਂ ਨੂੰ ਉਕਸਾਇਆ ਕਿ ਜਦ 20 ਫਰਵਰੀ ਨੂੰ ਮਹੰਤ ਨੇ ਲਾਹੌਰ ਕਾਨਫਰੰਸ 'ਤੇ ਜਾਣਾ ਹੈ ਤਾਂ ਉਸ ਦਿਨ ਨਨਕਾਣਾ ਸਾਹਿਬ ਖਾਲੀ ਹੋਵੇਗਾ ਤਾਂ ਉਸ ਦਿਨ ਧਾਵਾ ਬੋਲ ਕੇ ਪਾਪੀ ਤੋਂ ਗੁਰ ਅਸਥਾਨ ਬਚਾ ਲੈਣਾ ਚਾਹੀਦਾ ਹੈ।" ਸੈਂਕੜੇ ਨਿਰਦੋਸ਼ ਗੁਰੂ ਪਿਆਰੇ ਸਿੰਘਾਂ ਨੂੰ ਸ਼ਹੀਦ ਕਰਨ ਦੇ ਸਾਜ਼ਿਸ਼ਕਾਰ ਅਤੇ ਦੋਸ਼ੀ ਮਹੰਤ ਨਰੈਣ ਦਾਸ ਨੂੰ ਮਿਲੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲੇ ਜਾਣ ਨੂੰ ਅਕਸਰ ਅੰਗਰੇਜ਼ੀ ਨਿਆਂ ਪ੍ਰਣਾਲੀ ਦੀ ਕਮਜ਼ੋਰੀ ਵਜੋਂ ਲਿਆ ਜਾਂਦਾ ਹੈ ਪਰ ਲੇਖਕ ਨੇ ਸਪਸ਼ਟ ਕੀਤਾ ਹੈ ਕਿ ਅਜਿਹਾ ਹੋਣ ਲਈ 'ਸਿੱਖ ਲੀਗ ਦੇ ਨਾ-ਮਿਲਵਰਤਣ ਦੇ ਪ੍ਰਭਾਵ ਹੇਠ ਸਿੱਖ ਆਗੂਆਂ ਅਤੇ ਸੰਸਥਾਵਾਂ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ) ਦੀ ਅਦਾਲਤੀ ਕਾਰਵਾਈ ਤੋਂ ਬੇਰੁਖ਼ੀ' ਵੀ ਜ਼ਿੰਮੇਵਾਰ ਸੀ। ਸਿੱਖ ਸੰਸਥਾਵਾਂ ਵੱਲੋਂ ਨਾ-ਮਿਲਵਰਤਣ ਦਾ ਪੈਂਤੜਾ ਅਪਨਾਉਣ ਨਾਲ 'ਸਰਕਾਰ ਜੋ ਪਹਿਲਾਂ ਇਸ ਲਹਿਰ ਨੂੰ ਕੇਵਲ ਧਾਰਮਿਕ ਸਮਝਦੀ ਸੀ, ਹੁਣ ਆਪਣਾ ਰਾਜਸੀ ਵਿਰੋਧੀ ਸਮਝਣ ਲੱਗੀ' ਅਤੇ ਅਕਾਲੀ ਲਹਿਰ ਨੂੰ ਸਖ਼ਤੀ ਵਰਤ ਕੇ ਦਬਾਉਣ ਦੇ ਰਾਹ ਪੈ ਗਈ।

ਪੁਸਤਕ ਵਿਚ 85 ਸ਼ਹੀਦ ਸਿੰਘਾਂ ਦੀ ਪਿਤਾ ਦੇ ਨਾਂ ਅਤੇ ਥਾਂ-ਟਿਕਾਣੇ ਦਾ ਪਤਾ ਦਰਸਾਉਂਦੀ ਸੂਚੀ ਅਤੇ ਗੁਰਦੁਆਰਾ ਨਨਕਾਣਾ ਸਾਹਿਬ ਦਾ ਤਤਕਾਲੀ ਨਕਸ਼ਾ ਦੇਣ ਨਾਲ ਪੁਸਤਕ ਦਾ ਮਹੱਤਵ ਵਧਿਆ ਹੈ।

ਪੁਸਤਕ ਦੇ ਪਹਿਲੇ ਅਧਿਆਇ ਵਿਚ ਸ੍ਰੀ ਨਨਕਾਣਾ ਸਾਹਿਬ ਸਥਿਤ ਵਿਭਿੰਨ ਗੁਰਦੁਆਰਾ ਸਾਹਿਬਾਨ ਦੇ ਇਤਿਹਾਸ, ਇਨ੍ਹਾਂ ਦੇ ਪ੍ਰਬੰਧਕਾਂ ਦੇ ਨਾਂ, ਸਰੋਵਰਾਂ ਅਤੇ ਜਾਇਦਾਦ ਬਾਰੇ ਟੁੱਟਵੇਂ ਰੂਪ ਵਿਚ ਦਿੱਤੀ ਗਈ ਜਾਣਕਾਰੀ ਪਾਠਕ ਨੂੰ ਭੰਬਲਭੂਸੇ ਵਿਚ ਪਾਉਂਦੀ ਹੈ। ਉਦਾਹਰਨ ਵਜੋਂ ਗੁਰਦੁਆਰਾ ਬਾਲ ਲੀਲ੍ਹਾ ਬਾਰੇ ਇਹ ਜਾਣਕਾਰੀ ਕ੍ਰਮਵਾਰ ਪੰਨਾ 22, 26, 29 ਅਤੇ 41 ਉੱਤੇ ਦਰਜ ਹੈ। ਦੂਜੇ ਗੁਰਦੁਆਰਾ ਸਾਹਿਬਾਨ ਬਾਰੇ ਜਾਣਕਾਰੀ ਵੀ ਇਉਂ ਹੀ ਦਿੱਤੀ ਗਈ ਹੈ। ਪਾਠਕਾਂ ਦੀ ਸੁਖੈਨਤਾ ਲਈ ਸਾਰੀ ਜਾਣਕਾਰੀ ਇਕੋ ਥਾਂ ਦਰਜ ਕਰਨੀ ਢੁਕਵੀਂ ਹੋਣੀ ਸੀ। ਸਮੁੱਚੇ ਰੂਪ ਵਿਚ ਪੁਸਤਕ ਇਤਿਹਾਸ ਦੇ ਖੋਜੀਆਂ ਵਾਸਤੇ ਲਾਭਕਾਰੀ ਹੈ।





*1947 ਵਿਚ ਭਾਰਤ ਦੀ ਤਕਸੀਮ ਵੇਲੇ ਗੁਰਦੁਆਰਾ ਨਾਨਕਾਣਾ ਸਾਹਿਬ ਦੀ ਰਾਖੀ ਕਰ ਰਹੇ ਦੋ ਸਿੱਖ ਵਾਲੰਟੀਅਰ ਅਤੇ (ਸੱਜੇ) ਗੁਰਦੁਆਰਾ ਨਾਨਕਾਣਾ ਸਾਹਿਬ ਦੀ ਹਾਲੀਆ ਇਮਾਰਤ ਦੀ ਝਲਕ।*

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਜਨਵਰੀ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-620



*ਟੌਪ ਕਰਨ ਉਹ ਵਿਚ ਪੜ੍ਹਾਈ, ਅਕਾਸ਼ੀਂ ਮਾਰਨ ਉਡਾਰੀ ਧੀਆਂ,*
*ਮੈਦਾਨ-ਏ-ਜੰਗ ਵਿਚ ਜੂਝਣ, ਜਾਪਦਾ ਹੈ ਕਰਨ ਤਿਆਰੀ ਧੀਆਂ।*
*ਹਰ ਮੈਦਾਨ 'ਚ ਫਤਹਿ ਲੋਚਣ, ਛੱਡ ਜਾਣ ਚਾਰ ਦੀਵਾਰੀ ਧੀਆਂ,*
*ਮੋਢੇ ਨਾਲ ਮੋਢਾ ਜੋੜ ਪਤੀ ਦੇ, ਮੁਲਕ ਦੀ ਕਰਨ ਉਸਾਰੀ ਧੀਆਂ।*

### ਕੈਪਸ਼ਨ ਮੁਕਾਬਲਾ-618



ਅਮੀਰਾਂ ਦੇ ਨਿੱਤ ਹੁੰਦੇ ਚੋਚਲੇ,
ਗਰੀਬਾਂ ਦੇ ਘਰ ਪਏ ਖਿਲਾਰੇ,
ਬੱਚੇ ਖੇਡਦੇ ਨਾਲ ਕੰਪਿਊਟਰਾਂ,
ਮਿੱਟੀ ਨਾਲ ਖੇਡਦੇ ਦੂਜੇ ਸਾਰੇ।
ਮਿੱਟੀ ਲੱਗਣੋਂ ਇੱਕ ਹੀ ਡਰਦੇ,
ਦੂਜੇ ਬੁੱਕ ਭਰ ਸਿਰ 'ਤੇ ਪਾਂਦੇ,
ਬਚਪਨ ਦੇ ਦਿਨ ਸੋਹਣੇ ਯਾਰੋ,
ਮੁੜ ਮੁੜ ਨ ਪਲ ਥਿਆਉਂਦੇ।
***-ਸੇਵਾ ਸਿੰਘ 'ਨੂਰਪੁਰੀ'***

---

ਕੱਚੀ ਕੰਧ ਨੂੰ ਲਾ ਢਾਸਣਾ,
ਚੁੱਲ੍ਹਾ ਚੌਂਕਾ ਖੇਡ ਬਣਾਈ।
ਮਿੱਟੀ ਖਾਣ ਦਾ ਸਵਾਦ ਹੀ ਵੱਖਰਾ,
ਨਾਲੇ ਸਾਹਮਣੇ ਟਿਕ ਟਿਕੀ ਲਾਈ।
ਸੂਤੀ ਲੀੜੇ ਲੱਤੇ ਨਾਲੇ,
ਗਲ 'ਚ ਤਵੀਤੀ ਪਾਈ।

ਮੂੰਹੋਂ ਬੋਲ ਤਸਵੀਰ ਅੱਜ ਮੈਨੂੰ
ਮੇਰੇ ਬਚਪਨ ਵਿਚ ਲੈ ਆਈ।
***-ਹਰਜੋਤ ਕੌਰ ਮਹੇਸ਼ਪੁਰਾ***

---

ਲਿੱਪ ਪੋਚ ਕੇ ਚੁੱਲ੍ਹਾ ਚੌਂਕਾ
ਬੇਬੇ ਨੇ ਚਮਕਾ ਦਿੱਤਾ।
ਆਪਾਂ ਨੇ ਵੀ ਦੇਖ ਕੇ ਮੌਕਾ
ਉੱਪਰ ਧਰਨਾ ਲਾ ਦਿੱਤਾ।
ਆਹ ਮੂੰਹ ਕੁੱਝ ਖਾਣ ਨੂੰ ਮੰਗੇ
ਬੇਬੇ ਨੂੰ ਸਮਝਾ ਦਿੱਤਾ।
***-ਜਗਮੀਤ ਸਿੰਘ ਪੰਧੇਰ***
***ਕਲਾਹੜ (ਲੁਧਿਆਣਾ)***
***ਫੋਨ: 98783-37222***

---

ਛੰਨਾਂ ਢਾਰਿਆਂ 'ਚੋਂ ਆਉਂਦੀ ਆਵਾਜ਼
ਮੋਹਲੇਧਾਰ ਵਰਖਾ ਨਹੀਂ ਕਰਦੀ ਲਿਹਾਜ਼
ਤਿਪਕ ਤਿਪਕ, ਤਿੜ ਤਿੜ
ਢਹਿ ਜਾਂਦਾ ਢਾਰਾ
ਪਕਾਉਣ ਲਈ ਦੋ ਟਾਪਾਂ
ਚੌਂਕਾ, ਚੁੱਲ੍ਹਾ, ਭੱਠੀਆਂ
ਢਹਿ-ਢੇਰੀ ਹੁੰਦੀਆਂ
ਢਹਿ ਹੀ ਜਾਂਦੀਆਂ
ਗਰੀਬ ਬੱਚਾ ਉਡੀਕ
ਖਾਣੇ ਦੀ ਕਰਦਾ ਕਰਦਾ
ਢੱਠੇ ਚੁੱਲ੍ਹੇ 'ਤੇ ਬੈਠ
ਸੱਚੀਂ ਗਲਤਾਨ ਹੋ ਜਾਂਦਾ
ਤਵਾ, ਭੱਠੀ, ਪਾਥੀਆਂ, ਲੱਕੜੀਆਂ
ਕਾੜ੍ਹਨੀ 'ਚ ਦੁੱਧ ਰਿੱਝਦਾ
ਕਾਇਮ ਹੈ ਜਿਵੇਂ ਸੀ ਪਹਿਲਾਂ
ਕਿਸਾਨ ਪਰਿਵਾਰਾਂ 'ਚ।
***-ਦਰਸ਼ਨ ਪਾਲ ਦੋਸਾਂਝ***

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**ਫੋਨ: 847-359-0746**

# ਹੱਥੀਂ ਤੋਰੇ ਸੱਜਣਾਂ ਨੂੰ...

**ਇਹ ਲੇਖ ਜੰਗ ਦੇ ਮੈਦਾਨ ਵਿਚ ਤੁਰ ਗਏ ਸਾਥੀਆਂ ਦੀ ਯਾਦ ਵਿਚ ਲਿਖਿਆ ਬੜਾ ਮਾਰਮਿਕ ਚਿਤਰਨ ਹੈ। ਇਸ ਅੰਦਰ ਦਿਲ ਵਰਗੀ ਕੋਈ ਸ਼ੈਅ ਧੜਕਦੀ ਪ੍ਰਤੀਤ ਹੁੰਦੀ ਹੈ ਜੋ ਤੁਹਾਨੂੰ ਔਖੇਰੇ ਤੋਂ ਔਖੇਰੇ ਪਲਾਂ ਦੌਰਾਨ ਜ਼ਿੰਦਗੀ ਦੇ ਵੱਖ-ਵੱਖ ਪੱਖਾਂ ਦੇ ਰੂ-ਬ-ਰੂ ਕਰਦੀ ਹੈ।**



ਕਰਨਲ ਬਲਬੀਰ ਸਿੰਘ ਸਰਾਂ

ਕਿਸੇ ਨੇ ਜੰਗਾਂ ਲੜ ਚੁੱਕੇ ਫ਼ੌਜੀ ਨੂੰ ਪੁੱਛਿਆ, "ਤੁਸੀਂ ਯੁੱਧਾਂ ਦੇ ਸਾਥੀ ਅਕਸਰ ਮੁੜ ਇਕੱਠੇ ਹੋਣਾ ਕਿਉਂ ਲੋਚਦੇ ਹੋ?" ਉੱਤਰ ਸੀ, "ਹਾਂ, ਮੈਂ ਜਾਣਦਾ ਹਾਂ ਕਿ ਅਸੀਂ, ਯੁੱਧਾਂ ਵਿਚ ਰਹੇ ਸਾਥੀ, ਮੁੜ ਇਕੱਠੇ ਹੋਣ ਲਈ ਕਿਉਂ ਤਾਂਘਦੇ ਹਾਂ। ਅਸੀਂ ਕਹਾਣੀਆਂ ਸੁਣਾਉਣ, ਪੁਰਾਣੀਆਂ ਫੋਟੋਆਂ ਦੇਖਣ, ਹੱਸਣ ਜਾਂ ਰੋਣ ਲਈ ਇਕੱਠੇ ਨਹੀਂ ਹੁੰਦੇ। ਅਸੀਂ ਉਨ੍ਹਾਂ ਸਾਥੀਆਂ ਨੂੰ ਮਿਲਣਾ ਚਾਹੁੰਦੇ ਹਾਂ ਜਿਨ੍ਹਾਂ ਸਭ ਤੋਂ ਵੱਧ ਤਾਣ ਲਾਇਆ, ਦੁਸ਼ਵਾਰੀਆਂ ਝੱਲੀਆਂ, ਕੁਰਬਾਨੀਆਂ ਦਿੱਤੀਆਂ ਅਤੇ ਜਿਨ੍ਹਾਂ ਤੋਂ ਮਨੁੱਖਤਾ ਖੋਹ ਲਈ ਗਈ।...

ਮੈਂ ਇਹ ਸਾਥੀ ਆਪ ਨਹੀਂ ਸਨ ਚੁਣੇ। ਇਹ ਮੈਨੂੰ ਫ਼ੌਜ ਅਤੇ ਕਿਸਮਤ ਨੇ ਦਿੱਤੇ ਸਨ। ਹੁਣ ਮੈਂ ਇਨ੍ਹਾਂ ਨੂੰ ਹੋਰ ਕਿਸੇ ਵੀ ਮਨੁੱਖ ਨਾਲੋਂ ਜ਼ਿਆਦਾ ਜਾਣਦਾ ਹਾਂ। ਐਨਾ ਭਰੋਸਾ ਮੈਂ ਕਿਸੇ ਹੋਰ 'ਤੇ ਨਹੀਂ ਕੀਤਾ।... ਇਹ ਸਾਰੇ ਮੇਰੀ ਜ਼ਿੰਦਗੀ ਨਾਲੋਂ ਕਿਤੇ ਕੀਮਤੀ ਚੀਜ਼ ਦੀ ਰਾਖੀ ਲਈ ਤਿਆਰ ਸਨ। ਇਨ੍ਹਾਂ ਨੇ ਮੇਰੀ ਨੇਕ ਨਾਮੀ ਅਤੇ ਯਾਦ ਨੂੰ ਨਾਲ ਲੈ ਕੇ ਅੱਗੇ ਤੁਰਨਾ ਸੀ।...

ਇਹ ਸਾਰੇ ਸਾਥੀ ਵੱਡੇ ਸੌਦੇ ਦੇ ਭਾਈਵਾਲ ਸਨ ਜੋ ਅਸੀਂ ਸਾਰਿਆਂ ਕੀਤਾ ਸੀ ਕਿ ਅਸੀਂ ਇੱਕ ਦੂਜੇ ਲਈ ਮਰ ਮਿਟਣ ਲਈ ਤਿਆਰ ਸਾਂ। ਜਦੋਂ ਤੱਕ ਮੇਰੀ ਯਾਦਦਾਸ਼ਤ (ਹੋਸ਼-ਹਵਾਸ) ਕਾਇਮ ਰਹੇਗੀ, ਮੈਂ ਇਨ੍ਹਾਂ ਨੂੰ ਹਰ ਰੋਜ਼ ਯਾਦ ਕਰਾਂਗਾ। ਮੈਨੂੰ ਯਕੀਨ ਹੈ ਕਿ ਇਸ ਦੁਨੀਆ ਤੋਂ ਵਿਦਾ ਹੋਣ ਲੱਗਿਆਂ ਮੇਰੇ ਆਖ਼ਰੀ ਵੇਲੇ ਦੇ ਖ਼ਿਆਲਾਂ ਵਿਚ ਮੇਰਾ ਪਰਿਵਾਰ ਤੇ ਮੇਰੇ ਯੁੱਧ 'ਚ ਰਹੇ ਸੰਗੀ ਸਾਥੀ ਹੋਣਗੇ ਕਿਉਂਕਿ ਇਹ ਸਾਰੇ ਬਹੁਤ ਹੀ ਵਧੀਆ ਇਨਸਾਨ ਨੇ।"

ਚਾਰ ਅਕਤੂਬਰ 2015 ਨੂੰ ਕਾਨਪੁਰ ਛਾਉਣੀ ਵਿਖੇ ਤਾਇਨਾਤ ਮੇਰੀ ਪਲਟਨ 6 ਸਿੱਖ ਲਾਈਟ ਇਨਫੈਂਟਰੀ 'ਕਾਲੀਧਾਰ' ਦਾ ਜੰਗੀ ਸਨਮਾਨ ਦਿਵਸ ਮਨਾ ਰਹੀ ਸੀ ਜੋ ਇਸ ਨੂੰ ਰਾਸ਼ਟਰਪਤੀ ਵੱਲੋਂ 1965 ਦੀ ਜੰਗ ਵਿਚ ਪਾਏ ਤਕੜੇ ਯੋਗਦਾਨ ਲਈ ਐਲਾਨਿਆ ਗਿਆ ਸੀ- ਬੈਟਲ ਆਨਰ। ਜੰਗ ਬਾਰੇ ਗੱਲ ਕਰਦੇ ਚਲੀਏ। ਪੂਰਬੀ ਕਾਲੀਧਾਰ ਦਾ ਪਹਾੜੀ ਸਿਲਸਿਲਾ, ਜੰਮੂ ਕਸ਼ਮੀਰ ਵਿਚ ਜੰਮੂ ਤੋਂ ਅਖਨੂਰ, ਚੌਕੀ ਚੌਰਾ-ਸੁੰਦਰਬਨੀ-ਨੌਸ਼ਹਿਰਾ-ਰਾਜੌਰੀ ਮਾਰਗ 'ਤੇ ਸੁੰਦਰਬਨੀ ਕਸਬੇ ਦੇ ਦੱਖਣ-ਪੱਛਮ ਵਿਚ ਹੈ। ਇਸ ਦਾ ਸਭ ਤੋਂ ਉੱਚਾ ਪੁਆਇੰਟ 3776 ਹੈ। ਰਾਜੌਰੀ ਵਾਲੇ ਪਾਸਿਓਂ ਹੇਠਾਂ ਵੱਲ ਵਗਦੀ ਨਦੀ ਮੁਨੱਵਰ ਤਵੀ, ਕਾਲੀਧਾਰ ਰੇਂਜ ਨੂੰ ਦੋ ਹਿੱਸਿਆਂ ਵਿਚ ਵੰਡਦੀ ਹੋਈ ਕੌਮਾਂਤਰੀ ਸਰਹੱਦ ਕੋਲ ਚਨਾਬ (ਝਨਾਂ) ਦਰਿਆ 'ਚ ਜਾ ਸਮੋ ਜਾਂਦੀ ਹੈ। ਪੱਛਮੀ ਪਾਸਾ ਪਾਕਿਸਤਾਨ ਵੱਲ ਦੇਖਦਾ ਹੈ।

ਉਨ੍ਹਾਂ ਵੇਲਿਆਂ ਵਿਚ ਜੰਮੂ ਤੋਂ ਰਾਜੌਰੀ ਵੱਲ ਪਾਰ ਜਾਣ ਲਈ ਝਨਾਂ 'ਤੇ ਇੱਕੋ-ਇੱਕ ਪੁਲ ਸੀ ਅਖਨੂਰ ਕਸਬੇ ਵਿਚ। 1965 ਵੇਲੇ 1949 ਦਾ ਭਾਰਤ-ਪਾਕਿਸਤਾਨ ਕਰਾਚੀ ਸਮਝੌਤਾ ਲਾਗੂ ਸੀ। 1949 ਦੀ ਨਿਰਧਾਰਤ ਜੰਗਬੰਦੀ ਰੇਖਾ ਮੁਨੱਵਰ ਤਵੀ ਦੇ ਪਾਰ ਛੰਬ ਪਿੰਡ ਟੱਪ ਕੇ ਪੱਛਮ ਵੱਲ ਸੀ।

ਤਵੀ ਪਾਰ ਦੁਸ਼ਮਣ ਦੀ ਕਿਸੇ ਹਰਕਤ ਜਾਂ ਹਮਲੇ ਨੂੰ ਰੋਕਣ ਲਈ ਛੇ ਸਿੱਖ ਲਾਈਟ ਇਨਫੈਂਟਰੀ (ਐਲ.ਆਈ) ਹੀ ਸੀ। ਉੱਤਰ ਵੱਲ ਕੁਝ ਵਿੱਥ 'ਤੇ ਮਹਾਰ ਬਟਾਲੀਅਨ ਨੀਮ ਪਹਾੜੀ ਇਲਾਕੇ ਵਿਚ ਤਾਇਨਾਤ ਸੀ ਤੇ ਅੱਗੇ ਪੱਛਮੀ ਕਾਲੀਧਾਰ 'ਤੇ ਤਾਇਨਾਤ 9 ਪੰਜਾਬ ਬਟਾਲੀਅਨ ਨਾਲ ਸੰਪਰਕ ਵਿਚ ਸੀ। ਪਿੱਛੇ 15 ਕਿਲੋਮੀਟਰ ਦੀ ਦੂਰੀ 'ਤੇ ਪੂਰੇ ਇਲਾਕੇ ਲਈ ਕੁੱਲ ਦੋ ਹੋਰ ਪਲਟਨਾਂ ਸਨ ਤੇ ਮਾੜਾ ਮੋਟਾ ਅਸਲ੍ਹਾ। ਤਵੀ ਪਾਰ ਸਾਡੇ 14 ਟੈਂਕ ਸਨ ਪਰ ਕੰਮ ਦੇ ਸਿਰਫ਼ ਗਿਆਰਾਂ।

1965 ਵਿਚ ਪਾਕਿਸਤਾਨ ਦਾ ਹਮਲਾ ਇੱਥੋਂ ਹੀ ਸ਼ੁਰੂ ਹੋਇਆ ਸੀ। 1947 ਵਿਚ ਪਾਕਿਸਤਾਨ ਨੇ ਛੰਬ ਲੈ ਲਿਆ ਸੀ ਅਤੇ 10 ਦਸੰਬਰ 1947 ਨੂੰ ਸਾਡੀ ਰਾਜਿੰਦਰਾ ਸਿੱਖ ਜਿਸ ਨੂੰ ਫਸਟ ਪਟਿਆਲਾ ਵੀ ਕਹਿੰਦੇ ਸਨ (ਅੱਜ ਦੀ 15 ਪੰਜਾਬ) ਨੇ ਲੱਕ-ਲੱਕ ਬਰਫ਼ੀਲੇ ਪਾਣੀ ਵਿਚ ਤਵੀ ਪਾਰ ਕਰ ਕੇ ਛੰਬ ਵਾਪਸ ਲਿਆ ਸੀ। ਦੋਵੇਂ ਵਾਰੀ ਪਾਕਿਸਤਾਨ ਦੀ ਮਨਸ਼ਾ ਅਖਨੂਰ ਪੁਲ ਸਹੀ ਸਲਾਮਤ ਫੜਨ ਦੀ ਸੀ ਜੋ ਪੂਰੀ ਨਹੀਂ ਹੋਈ। ਇਹੀ ਗੱਲ ਅੱਗੇ ਚੱਲ ਕੇ 1971 'ਚ ਹੋਈ, ਪਾਕਿਸਤਾਨ ਅਖਨੂਰ ਪੁਲ ਨਾ ਲੈ ਸਕਿਆ।

ਤੁਸੀਂ ਪੁੱਛੋਗੇ, ਪਾਕਿਸਤਾਨ ਨੂੰ ਇਸ ਪੁਲ ਨਾਲ ਐਨਾ ਪਿਆਰ ਕਿਉਂ? ਉਨ੍ਹਾਂ ਸਮਿਆਂ ਵਿਚ ਦਰਿਆ ਚਨਾਬ ਤੇ ਰਾਜੌਰੀ ਵੱਲ ਜਾਣ ਲਈ ਇਹ ਇੱਕੋ-ਇੱਕ ਪੁਲ ਸੀ ਅਤੇ ਪਾਰ ਲੱਗੀ ਸਾਡੀ ਫ਼ੌਜ ਇਸੇ ਰਸਤੇ 'ਤੇ ਨਿਰਭਰ ਸੀ ਅਤੇ ਗੁਆਂਢੀ ਮੁਲਕ ਇਸ ਸੰਪਰਕ ਨੂੰ ਤੋੜਨਾ ਚਾਹੁੰਦਾ ਸੀ।

1965 ਵਿਚ ਅਸੀਂ ਮਾੜੇ ਮੋਟੇ ਹਥਿਆਰਾਂ ਨਾਲ ਲੈਸ ਸਾਂ। ਬਾਰੂਦੀ ਸੁਰੰਗਾਂ ਨਹੀਂ ਵਿਛੀਆਂ ਸਨ ਅਤੇ ਉਸ ਵਕਤ ਦੀ ਪੰਜਾਬ ਆਰਮਡ ਪੁਲਿਸ ਤੋਂ ਪੋਸਟਾਂ ਲਈਆਂ ਸਨ। ਅਸੀਂ ਕਵਰਿੰਗ ਰੋਲ ਵਿਚ ਸਾਂ; ਭਾਵ, ਤਵੀ ਪਾਰ ਪਾਕਿਸਤਾਨੀ ਫ਼ੌਜ ਨੂੰ ਲੇਟ ਕਰਨਾ ਸੀ ਅਤੇ ਮੁੜ ਪਿੱਛੇ ਹਟ ਕੇ ਮੇਨ ਪੁਜ਼ੀਸ਼ਨ 'ਤੇ ਆਖ਼ਰੀ ਲੜਾਈ ਲੜਨੀ ਸੀ। ਪਹਿਲੀ ਸਤੰਬਰ 1965 ਨੂੰ ਧੂੰਆਂਧਾਰ ਗੋਲਾਬਾਰੀ ਅਤੇ ਟੈਂਕਾਂ ਨਾਲ ਪਾਕਿਸਤਾਨ ਦੇ ਡਿਵੀਜ਼ਨ ਦਾ ਹਮਲਾ ਹੋਇਆ। ਉਹ ਸਾਡੇ ਨਾਲ ਹੀ ਉਲਝ ਗਏ। ਅਸੀਂ ਇੱਕ ਦੋ ਦੀ ਰਾਤ ਦੇ 11.30 ਵਜੇ ਹੁਕਮ ਮਿਲਣ ਤੱਕ ਡਟੇ ਰਹੇ। ਫਿਰ ਪਿੱਛੇ ਹਟੇ। ਸਾਡੀ ਪੀਰ ਜਮਾਲ ਵਾਲੀ ਪੋਸਟ ਗੁਆਂਢੀ ਮੁਲਕ ਦੀ ਫ਼ੌਜ ਲੰਘ ਆਈ ਸੀ। ਘਾਤ ਆਉਣ 'ਤੇ ਸਵੇਰੇ ਦੋ ਨੂੰ ਹਿੱਲੀ ਅਤੇ ਕੈਦੀ ਹੋ ਗਈ। ਜੰਗ ਜਾਰੀ ਰਹੀ। ਮੇਰੀ ਪਲਟਨ ਦਾ ਬਹੁਤ ਨੁਕਸਾਨ ਹੋਇਆ। ਪਿੱਛੇ ਹਟ ਕੇ ਦੁਬਾਰਾ ਲਾਮਬੰਦ ਹੋਏ। ਅਖਨੂਰ ਦੀ ਰੱਖਿਆ ਦੀ ਜ਼ਿੰਮੇਵਾਰੀ ਛੇ ਸਿੱਖ ਐਲ.ਆਈ. ਦੀ ਅਤੇ ਮੈਂ ਆਪਣੀ ਟੋਲੀ ਨਾਲ ਪੁਲ 'ਤੇ।

21 ਤਰੀਕ ਨੂੰ ਜੰਗਬੰਦੀ ਐਲਾਨੀ ਗਈ। ਸਾਨੂੰ ਹੁਕਮ ਸੀ, ਜਿੱਥੇ ਹੋ ਉੱਥੇ ਰਹੋ ਪਰ ਪਾਕਿਸਤਾਨ ਲਾਹਾ ਲੈ ਕੇ ਖਾਲੀ ਜਗ੍ਹਾਵਾਂ 'ਤੇ ਆ ਬੈਠਾ। ਸੁੰਦਰਬਨੀ ਕੋਲ ਪੂਰਬੀ ਕਾਲੀਧਾਰ ਅਤੇ ਪਿੰਡ ਮੱਲ੍ਹਾ ਲਾਗੇ ਉੱਚੀਆਂ ਚੋਟੀਆਂ 'ਤੇ। ਹੁਣ ਉਹ ਸੁੰਦਰਬਨੀ ਮੇਨ ਰੋਡ 'ਤੇ ਆਰਟੀ ਫਾਇਰ ਨਾਲ ਅੜਿੱਕਾ ਬਣ ਗਿਆ। ਅਖਨੂਰ ਪੁਲ ਵਾਲੀ ਕਸਰ ਇੱਥੇ ਕੱਢ ਲਈ। ਇਹ ਕੰਡਾ ਕੱਢਣਾ ਹੀ ਪੈਣਾ ਸੀ। ਅਸੀਂ 4 ਅਕਤੂਬਰ 1965 ਨੂੰ ਜੰਗਬੰਦੀ ਦੀ ਪਰਵਾਹ ਕੀਤੇ ਬਗੈਰ ਹਮਲਾ ਕਰ ਕੇ ਪੁਆਇੰਟ 3776 ਅਤੇ ਪੂਰੀ ਕਾਲੀਧਾਰ ਰੇਂਜ ਵਾਪਸ ਖੋਹ ਲਈ। ਟਾਸਕ ਤਾਂ ਬ੍ਰਿਗੇਡ ਦਾ ਸੀ ਪਰ ਦੂਸਰੀ ਪਲਟਨ ਕਿਸੇ ਗੱਲੋਂ ਪਹੁੰਚ ਨਾ ਸਕੀ ਤੇ ਉਸ ਦੇ ਟਾਰਗੇਟ ਨੂੰ ਵੀ ਅਸੀਂ 5 ਅਕਤੂਬਰ ਨੂੰ ਕਬਜ਼ੇ ਹੇਠ ਕੀਤਾ। ਬਹੁਤ ਨੁਕਸਾਨ ਹੋਇਆ। ਦੋ ਅਫਸਰ ਸ਼ਹੀਦ ਹੋ ਗਏ, ਛੇ ਜ਼ਖ਼ਮੀ ਹੋਏ ਜਿਨ੍ਹਾਂ 'ਚ ਮੈਂ ਵੀ ਸਾਂ; ਕਈ ਮਹੀਨੇ ਹਸਪਤਾਲਾਂ 'ਚ ਰਹੇ, ਜੇ.ਸੀ.ਓ. ਤੇ ਜਵਾਨਾਂ ਦਾ ਬਹੁਤ ਨੁਕਸਾਨ ਹੋਇਆ। ਹਮਲਾ ਪਹਾੜੀ ਦੇ ਥੱਲੇ ਤੋਂ ਉੱਪਰ ਵੱਲ ਸੀ।

ਪਲਟਨ ਦੀ ਬਹਾਦਰੀ ਲਈ ਇੱਕ ਮਹਾਂਵੀਰ ਚੱਕਰ, ਦੋ ਵੀਰ ਚੱਕਰ, 4 ਸੈਨਾ ਮੈਡਲ, 7 ਮੈਨਸ਼ਨਇਨ ਡਿਸਪੈਚਜ਼ ਅਤੇ ਪਲਟਨ ਨੂੰ ਬੈਟਲ ਆਨਰ 'ਕਾਲੀਧਾਰ' ਅਤੇ ਥੀਏਟਰ ਆਨਰ 'ਜੰਮੂ ਕਸ਼ਮੀਰ' ਐਲਾਨਿਆ ਗਿਆ।

ਇਸ ਫ਼ਤਹਿ ਦੇ ਜਸ਼ਨਾਂ ਲਈ ਹੀ ਅਸੀਂ ਇਕੱਠੇ ਹੋਏ ਸਾਂ। ਜਿਉਂਦੇ ਨੌਂ ਅਫਸਰਾਂ ਵਿਚੋਂ ਸੱਤ ਹਾਜ਼ਰ ਸਾਂ। ਸਾਡਾ 1965 ਵਾਲਾ ਸੀ.ਓ. ਬ੍ਰਿਗੇਡੀਅਰ (ਉਸ ਵਕਤ ਲੈਫਟੀਨੈਂਟ ਕਰਨਲ) ਪੀ.ਕੇ. ਨੰਦਗੋਪਾਲ ਮਹਾਂਵੀਰ ਚੱਕਰ ਅਤੇ ਲੈਫਟੀਨੈਂਟ ਕਰਨਲ (ਲੜਾਈ ਵੇਲੇ ਮੇਜਰ) ਏ.ਟੀ. ਗੰਨਾਪਥੀ ਵੀਰ ਚੱਕਰ, ਇਸ ਦੁਨੀਆ ਤੋਂ ਜਾ ਚੁੱਕੇ ਸਨ।

ਗੱਲਾਂਬਾਤਾਂ ਚਲਦੀਆਂ ਰਹੀਆਂ। ਜੋ ਨਾਲ ਤੁਰੇ ਪਰ ਮੁੜ ਕੇ ਨਹੀਂ ਆਏ, ਉਨ੍ਹਾਂ ਨੂੰ ਯਾਦ ਕਰ ਕੇ ਅੱਖਾਂ ਨਮ ਸਨ। ਉਨ੍ਹਾਂ ਦੇ ਕਾਰਨਾਮੇ, ਗੱਲਾਂ ਹੋਰ ਵੀ ਭਾਵੁਕ ਕਰ ਰਹੀਆਂ ਸਨ। ਇੱਥੇ ਹੀ ਗੱਲ ਚੱਲੀ ਕੈਪਟਨ ਬੀ.ਬੀ. ਕੁਲਕਰਨੀ (ਬਲਵੰਤ ਰਾਉ ਬਾਪੂ ਰਾਉ ਕੁਲਕਰਨੀ) ਦੀ ਜੋ 2 ਸਤੰਬਰ 1965 ਨੂੰ ਜੰਗੀ ਕੈਦੀ ਹੋ ਗਿਆ ਸੀ ਅਤੇ ਛੇ ਮਹੀਨੇ ਗੁਆਂਢੀ ਮੁਲਕ ਦੀ ਜੇਲ੍ਹ ਦੀਆਂ ਸੁੱਕੀਆਂ ਰੋਟੀਆਂ ਖਾ ਕੇ ਤਾਸ਼ਕੰਦ ਸਮਝੌਤੇ ਮਗਰੋਂ ਕੈਦੀਆਂ ਦੀ ਅਦਲਾ-ਬਦਲੀ ਵੇਲੇ ਵਤਨ ਮੁੜਿਆ ਸੀ। ਉਹ ਕਹਿੰਦਾ, "ਚਲੋ ਸਰ ਕਭੀ ਉਸ ਇਲਾਕੇ ਮੇਂ ਚੱਕਰ ਲਗਾ ਕਰ ਆਤੇ ਹੈਂ"- ਸਾਰੇ ਇੱਕੋ ਸਾਹ ਕਹਿੰਦੇ, "ਚਲੋ ਚਲਦੇ ਆਂ, ਬਣਾਓ ਪ੍ਰੋਗਰਾਮ" ਤੇ ਮੇਲਾ ਵਿੱਛੜ ਗਿਆ। ਰਾਤ ਗਈ ਬਾਤ ਗਈ।

ਸਮੇਂ-ਸਮੇਂ ਟੈਲੀਫੋਨ 'ਤੇ ਜੰਗ ਦੇ ਸਾਥੀਆਂ ਦਾ ਰਾਬਤਾ ਕਾਇਮ ਰਿਹਾ। ਤਿਆਰ ਸਾਰੇ ਸਨ ਪਰ ਹਿੰਮਤ ਕੌਣ ਕਰੇ!

ਕੁਲਕਰਨੀ ਜ਼ਿਆਦਾ ਹੀ ਕਾਹਲਾ ਸੀ। ਉਹ ਫ਼ੌਜ ਛੱਡ ਗਿਆ ਸੀ, ਮਗਰੋਂ ਮਹਾਰਾਸ਼ਟਰ ਵਿਚ ਜੰਗਲਾਤ ਮਹਿਕਮੇ ਦਾ ਵੱਡਾ ਅਫਸਰ ਰਿਟਾਇਰ ਹੋਇਆ। ਉਹ ਆਪਣੇ ਪੋਤੇ ਪੋਤੀਆਂ ਨੂੰ ਜੰਗ ਵਾਲਾ ਇਲਾਕਾ ਦਿਖਾਉਣਾ ਅਤੇ ਹੰਢਾਏ ਪਲਾਂ ਬਾਰੇ ਦੱਸਣਾ ਚਾਹੁੰਦਾ ਸੀ। ਇੱਕ ਵਾਰੀ ਰਾਤ ਨੂੰ ਫੋਨ ਆਇਆ। ਦੁਆ ਸਲਾਮ ਮਗਰੋਂ ਕਹਿੰਦਾ, "ਕੁਛ ਕਰੋ ਸਰ- ਮੈਨੇ ਛੰਬ ਔਰ ਪੀਰ ਜਮਾਲ ਦਿਖਾਨੇ ਹੈਂ ਬੱਚੋਂ ਕੋ।" ਮੇਰਾ ਹਾਸਾ ਨਿਕਲ ਗਿਆ। ਮੈਂ ਕਿਹਾ, "ਬਲਵੰਤ, ਪਾਕਿਸਤਾਨ ਕਾ ਵੀਜ਼ਾ ਅਪਲਾਈ ਕਰ। ਯੇ ਕਹਿ ਕੇ ਕਿ ਮੈਂ ਛੰਬ/ਪੀਰ ਜਮਾਲ ਦੇਖਨਾ ਹੈ। ਫਿਰ ਦੇਖ ਰੰਗ। ਯਾਰ, ਉਹ ਤਾਂ ਹੁਣ ਪਾਕਿਸਤਾਨ ਦੇ ਕੋਲ ਨੇ।"



ਮੈਂ ਵੀ ਘੇਸਲ ਜਿਹੀ ਵੱਟੀ ਰੱਖੀ। ਅੱਜ ਕਰਦਾ ਹਾਂ, ਕੱਲ੍ਹ ਕਰਦਾ ਹਾਂ। ਇੱਕ ਦਿਨ ਲੇਟਿਆ ਹੋਇਆ ਸਾਂ। ਜੰਗੀ ਸਾਥੀਆਂ ਦਾ ਖ਼ਿਆਲ ਆਇਆ। ਮਨ ਨੇ ਕਿਹਾ, 'ਉੱਠ ਬਲਬੀਰ ਸਿਆਂ, ਇਉਂ ਨਹੀਂ ਸਰਨਾ। ਮਾਰ ਹੰਭਲਾ, ਬਣ ਜਾਂ ਆਪਣੇ ਆਪ, ਸਵੈ-ਘੋਸ਼ਤ ਕੋਆਰਡੀਨੇਟਰ।' ਕਲਮ ਦਵਾਤ ਚੁੱਕੀ, ਪੈਡ ਕੱਢਿਆ- ਦੇਖਣ ਚਾਹ ਰਹੇ ਇਲਾਕੇ ਦੇ ਕੋਰ ਕਮਾਂਡਰ (ਲੈਫਟੀਨੈਂਟ ਜਨਰਲ) ਨੂੰ ਚਿੱਠੀ ਲਿਖ ਦਿੱਤੀ ਕਿ ਅਸੀਂ ਛੇ ਸਿੱਖ ਐਲ.ਆਈ. ਦੇ 1965 ਦੀ ਜੰਗ ਲੜ ਚੁੱਕੇ ਜਿਉਂਦੇ ਫ਼ੌਜੀ ਪਰਿਵਾਰਾਂ ਸਮੇਤ 15-19 ਅਪਰੈਲ 2023 ਨੂੰ ਰਣ ਖੇਤਰ ਦੇਖਣਾ ਚਾਹੁੰਦੇ ਹਾਂ ਜਿਸ ਵਿਚ ਅਸੀਂ ਲੜੇ ਸਾਂ। ਅਗਾਊਂ ਕਾਪੀ ਤੁਅੱਲਕ ਰੱਖਦੇ ਡਿਵੀਜ਼ਨ ਦੇ ਜੀ.ਓ.ਸੀ. () ਮੇਜਰ ਜਨਰਲ ਨੂੰ ਪੋਸਟ ਕਰ ਦਿੱਤੀ। ਗੱਲ ਜਨਵਰੀ ਦੇ ਅਖ਼ੀਰ ਦੀ ਹੈ।

ਮਹੀਨਾ ਕੁ ਲੰਘ ਗਿਆ। ਕੋਈ ਜੁਆਬ ਨਾ ਆਇਆ। ਸੋਚਿਆ ਕੌਣ ਪੁੱਛਦਾ ਹੈ। ਸਰਹੱਦ 'ਤੇ ਰੋਜ਼ ਕੁਝ ਨਾ ਕੁਝ ਚਲਦਾ ਰਹਿੰਦਾ ਹੈ। ਸਾਡੇ ਵਰਗੇ ਵਿਹਲੜਾਂ ਲਈ ਕਿੱਥੇ ਵਕਤ ਹੈ ਪਰ ਹੋਇਆ ਉਲਟ। ਟੈਲੀਫੋਨ ਆਇਆ। ਦੂਜੇ ਪਾਸੇ ਡਿਵੀਜ਼ਨ ਹੈੱਡਕੁਆਰਟਰ ਤੋਂ ਕਰਨਲ ਜੀ.ਐੱਸ. ਬੋਲ ਰਿਹਾ ਸੀ: "ਸਰ ਗੁਡ ਮੌਰਨਿੰਗ। ਜੈ ਹਿੰਦ। ਮੈਂ ਕਰਨਲ ਜੀ.ਐੱਸ…। ਤੁਸੀਂ ਸਾਡੇ ਸਤਿਕਾਰਤ ਵਾਰ ਵੈਟਰਨਜ਼ ਹੋ। ਯੂ ਆਰ ਵੈਲਕਮ। ਡੀਟੇਲ ਭੇਜ ਦਿਉ।" ਅਤੇ ਕਈ ਕੁਝ ਹੋਰ। ਮੈਨੂੰ ਉਸ ਦੀ ਬੋਲਚਾਲ, ਨਿਮਰਤਾ ਅਤੇ ਪਿਆਰ ਭਰੇ ਸੱਦੇ ਨੇ ਭਾਵੁਕ ਕਰ ਦਿੱਤਾ। ਮੈਂ ਧੰਨਵਾਦ ਕਹਿ ਕੇ ਉੱਤਰ ਦਿੱਤਾ, "ਲਿਖਤੀ ਇਜਾਜ਼ਤ ਭੇਜ ਦਿਉ।" ਉੱਤਰ ਸੀ, "ਸਰ, ਤੁਸੀਂ ਚਿੱਠੀ ਤਾਂ ਕੋਰ ਕਮਾਂਡਰ ਨੂੰ ਪਾਈ ਐ। ਸਾਨੂੰ ਕੋਈ ਹਦਾਇਤ ਨਹੀਂ ਆਈ ਪਰ ਸਾਡੇ ਜੀ.ਓ.ਸੀ. (ਮੇਜਰ ਜਨਰਲ) ਨੇ ਕਿਹਾ ਕਿ ਇਹ ਮੇਰੀ ਜ਼ਿੰਮੇਵਾਰੀ ਵਾਲਾ ਇਲਾਕਾ ਹੈ। ਤੁਸੀਂ ਸਾਡੇ ਖ਼ਾਤਰ ਲੜੇ ਸੀ। ਸਾਨੂੰ ਤੁਹਾਡੇ 'ਤੇ ਮਾਣ ਹੈ। ਤੁਸੀਂ ਆਉ। ਬਾਕੀ ਸਾਡੇ 'ਤੇ ਛੱਡੋ।"

ਲਉ ਜੀ ਤਾਰਾਂ ਖੜਕ ਪਈਆਂ। ਮੇਰਾ ਸ਼ੁਰੂ ਕੀਤਾ ਜੰਗੀ ਸਾਥੀਆਂ ਦਾ ਵਟਸਐਪ ਗਰੁੱਪ ਐਕਟਿਵ ਹੋ ਗਿਆ। ਮੇਰਾ ਮੇਜ਼-ਕੁਰਸੀ, ਮੇਰਾ ਦਫ਼ਤਰ। ਮੈਂ ਲਿਖਿਆ ਸੀ, ਅਸੀਂ ਕੁੱਲ 15 ਜਣੇ ਆਉਣਾ ਚਾਹੁੰਦੇ ਹਾਂ। ਖਰਚਾ ਅਸੀਂ ਦੇਵਾਂਗੇ। ਅਸਾਂ ਨੂੰ ਮੁਫ਼ਤ ਕੁਝ ਨਹੀਂ ਚਾਹੀਦਾ।

ਰੇਲ/ਏਅਰ ਰਿਜ਼ਰਵੇਸ਼ਨ, ਤਫ਼ਸੀਲ, ਕੌਣ ਕੌਣ, ਕਿੱਥੋਂ, ਖਾਣ ਪੀਣ ਦੀਆਂ ਆਦਤਾਂ, ਸ਼ਾਕਾਹਾਰੀ ਜਾਂ ਮਾਸਾਹਾਰੀ, ਕੋਈ ਮੈਡੀਕਲ ਸਮੱਸਿਆ ਵਾਲਾ, ਬੱਚੇ ਕਿੰਨੇ, ਉਮਰ ਆਦਿ ਮੈਂ ਡਾਟਾ ਇਕੱਠਾ ਕਰ ਕੇ ਅੱਗੇ ਭੇਜਦਾ ਰਹਿੰਦਾ- ਹੋਰ ਸੁਆਲਾਂ ਦੇ ਜੁਆਬ ਦਿੰਦਾ ਰਹਿੰਦਾ। ਪਤਾ ਲੱਗਿਆ, ਸਾਡੇ ਦੋ ਜਣੇ ਹੁਣ ਵਿਦੇਸ਼ੀ ਨਾਗਰਿਕ ਸ਼੍ਰੇਣੀ ਵਿਚ ਆਉਂਦੇ ਨੇ। ਉਨ੍ਹਾਂ ਲਈ ਆਰਮੀ ਹੈੱਡਕੁਆਰਟਰਜ਼ ਤੋਂ ਕਲੀਅਰੈਂਸ ਹਾਸਲ ਕੀਤੀ।

ਮਿਥੀ ਥਾਂ 'ਤੇ ਇਕੱਠੇ ਹੋਣ ਦਾ ਦਿਨ ਆ ਗਿਆ 15 ਅਪਰੈਲ। ਮੈਂ ਇਕੱਠੇ ਹੋਣ ਦੀ ਜਗ੍ਹਾ ਜੰਮੂ ਸੋਚੀ ਸੀ ਪਰ ਸਾਡੇ ਮੇਜ਼ਬਾਨ ਕਹਿੰਦੇ, "ਨਹੀਂ, ਤੁਸੀਂ ਸਾਡੇ ਕੋਲ ਅਖਨੂਰ ਹੀ ਰੁਕੋਗੇ ਅਤੇ ਇੱਥੋਂ ਹੀ ਹਰ ਰੋਜ਼ ਤੁਹਾਨੂੰ ਰਣਖੇਤਰ 1965 ਦੇ ਵੱਖੋ-ਵੱਖਰੇ ਹਿੱਸੇ ਦਿਖਾਵਾਂਗੇ।"

ਮੇਜਰ ਜਨਰਲ ਏ.ਆਰ. ਰਾਏਕਰ (ਵੀ.ਐੱਸ.ਐੱਮ.) ਅਤੇ ਉਨ੍ਹਾਂ ਦੀ ਪਤਨੀ ਪੂਣੇ ਤੋਂ ਚੰਡੀਗੜ੍ਹ 'ਚ ਬ੍ਰਿਗੇਡੀਅਰ ਐੱਸ.ਐੱਸ. ਸੋਹਲ ਸੈਨਾ ਮੈਡਲ, ਵੀ.ਐੱਸ.ਐੱਮ. ਕੋਲ ਆ ਪਹੁੰਚੇ। ਅਗਲੇ ਦਿਨ ਗੱਡੀ ਚੁੱਕੀ ਅਤੇ ਪਠਾਨਕੋਟ ਕਿਸੇ ਯੂਨਿਟ ਵਿਚ ਰਾਤ ਕੱਟੀ ਅਤੇ ਤੀਜੇ ਦਿਨ ਅਖਨੂਰ ਪਹੁੰਚ ਗਏ। ਕੁਲਕਰਨੀ ਪਰਿਵਾਰ ਕੋਲਹਾਪੁਰ ਤੋਂ ਮੁੰਬਈ ਤੇ ਫਿਰ ਦਿੱਲੀ ਰਾਹੀਂ ਜੰਮੂ ਹਵਾਈ ਅੱਡੇ ਪੁੱਜਿਆ ਜੋ ਅੱਗਿਓਂ ਰਿਸੈਪਸ਼ਨ ਟੀਮ ਨੇ ਸਾਂਭ ਲਿਆ। ਮਰਹੂਮ ਕਰਨਲ ਏ.ਟੀ. ਗੰਨਾਪਥੀ ਵੀਰਚੱਕਰ ਦਾ ਪਰਿਵਾਰ ਬੰਗਲੂਰੂ ਤੋਂ ਦਿੱਲੀ ਤੇ ਅੱਗੇ ਜੰਮੂ ਤੋਂ ਅਖਨੂਰ ਪਹੁੰਚਿਆ। ਰਹਿ ਗਏ ਮੈਂ ਅਤੇ ਮੇਰੀ ਸਰਦਾਰਨੀ, ਪਿੰਡੋਂ ਕਾਰ 'ਤੇ ਲੁਧਿਆਣੇ ਅਤੇ ਅੱਗਿਓਂ ਰੇਲ, ਫਿਰ ਲੈਣ ਆਈ ਟੀਮ ਨੇ ਅਖਨੂਰ ਪਹੁੰਚਾ ਦਿੱਤੇ। ਮੈਂ ਸਭ ਤੋਂ ਨੇੜੇ ਵਾਲਾ ਸਭ ਤੋਂ ਮਗਰੋਂ ਪੁੱਜਾ ਕਿਉਂਕਿ ਰੇਲ ਚਾਰ ਘੰਟੇ ਲੇਟ ਚੱਲ ਰਹੀ ਸੀ ਪਰ ਅਸੀਂ ਦਿਨ ਖੜ੍ਹੇ ਪਹੁੰਚ ਗਏ।

ਤਿੰਨ ਪਰਿਵਾਰ, ਅਖਨੂਰ ਪੁਲ ਦੇ ਏਧਰ ਅਤੇ ਦੋ ਪਰਲੇ ਪਾਸੇ ਅੱਡ-ਅੱਡ ਗੈਸਟਰੂਮਜ਼ ਵਿਚ। ਸ਼ਾਮ ਨੂੰ ਸਾਰਿਆਂ ਦਾ ਖਾਣਾ ਡਿਵ ਅਲਫ਼ਾ ਮੈੱਸ ਵਿਚ। ਅੱਠ ਸਾਲਾਂ ਮਗਰੋਂ ਮਿਲੇ ਸਾਂ, 'ਬਹਿ ਜਾ ਬਹਿ ਜਾ' ਹੋ ਗਈ। ਕਈ, ਖ਼ਾਸਕਰ ਬੱਚੇ ਪਹਿਲੀ ਵਾਰ ਮਿਲ ਰਹੇ ਸਨ। ਚੰਗਾ ਲੱਗਿਆ।

ਕਰਨਲ ਜੀ.ਐੱਸ. ਅਤੇ ਕਰਨਲ ਐਡਮ ਪਤਾ ਲੈਣ ਆਏ। ਅਗਲੇ ਪ੍ਰੋਗਰਾਮ ਦਾ ਵੇਰਵਾ ਦਿੱਤਾ ਅਤੇ ਜਨਰਲ ਸਾਹਿਬ ਵੱਲੋਂ 'ਜੀ ਆਇਆਂ' ਆਖਿਆ। ਹਰ ਰੋਜ਼ ਨਾਸ਼ਤਾ ਕਮਰੇ ਵਿਚ, ਰਵਾਨਗੀ ਅੱਠ ਵਜੇ, ਪੰਜੇ ਗੱਡੀਆਂ ਇਕੱਠੀਆਂ ਦਾ ਫ਼ੌਜੀ ਕਾਫ਼ਲਾ। ਐਸਕਾਰਟ ਹਰ ਗੱਡੀ ਵਿਚ।

1965 ਦੀ ਲੜਾਈ ਵੇਲੇ ਅਸੀਂ ਸਾਰੇ ਸਿਵਾਇ ਮੇਜਰ ਗੰਨਾਪਥੀ ਦੇ ਸੈਕਿੰਡ ਲੈਫਟੀਨੈਂਟ ਸਾਂ ਅਤੇ ਸਾਰੇ ਛੜੇ। ਅੱਗੜ ਪਿੱਛੜ ਦੀ ਸੀਨੀਆਰਤਾ, ਬੇਖ਼ੌਫ਼, ਭਰ ਜੁਆਨ। ਗੱਲਾਂ ਸਾਰੀਆਂ ਬੀਤੇ ਦੀਆਂ, 1965 ਤੇ ਮਗਰੋਂ ਦੇ ਸਾਲ। ਹੋਰ ਕੋਈ ਗੱਲ ਤਾਂ ਹੈ ਹੀ ਨਹੀਂ ਸੀ। ਮੈਂ ਔਰਤਾਂ ਅਤੇ ਬੱਚਿਆਂ ਲਈ ਮੱਲੋਜ਼ੋਰੀ ਦਾ ਗਾਈਡ ਵੀ ਸਾਂ।

ਪਹਿਲਾ ਦਿਨ 16 ਅਪਰੈਲ 2023: ਅੱਠ ਵਜੇ ਚੱਲ ਕੇ ਪੌਣੇ ਦੋ ਘੰਟੇ ਦੇ ਸਫ਼ਰ ਮਗਰੋਂ ਸੁੰਦਰਬਨੀ ਤੋਤਾ-ਮੈਨਾ (ਥਾਂ ਦਾ ਨਾਂ) ਪਹੁੰਚੇ। ਇੱਥੇ ਲੋਕਲ ਬ੍ਰਿਗੇਡ ਦੇ ਕਰਨਲ ਨੇ 'ਜੀ ਆਇਆਂ' ਕਿਹਾ। ਚਾਹ ਕੌਫ਼ੀ ਮਗਰੋਂ ਉਸ ਦੀ ਗੱਡੀ ਮਗਰ ਸਾਡੀਆਂ ਗੱਡੀਆਂ ਤੁਰੀਆਂ। ਨੀਮ ਪਹਾੜੀ ਇਲਾਕੇ (ਅੰਦਰੂਨੀ ਇਲਾਕਾ) ਦੀਆਂ ਤੰਗ ਸੜਕਾਂ ਜੋ ਸਾਡੇ ਵੇਲੇ ਪਗਡੰਡੀਆਂ ਵੀ ਨਹੀਂ ਸਨ, ਕਿਨਾਰੇ ਗ਼ਰੀਬ ਕਿਸਾਨ ਕਣਕ ਦੀ ਵਾਢੀ ਕਰ ਰਹੇ ਸਨ। ਪਹਾੜਨਾਂ ਵੀ ਨਾਲ। ਮਾੜੇ ਮੋਟੇ ਡੰਗਰ ਅਤੇ ਛੋਟੇ ਘਰ ਜਾਂ ਢਾਰੇ। ਅਸੀਂ ਪਿੰਡ ਮੱਲ੍ਹਾ ਦੀ ਟੇਕਰੀ ਜਾ ਪਹੁੰਚੇ ਜਿਸ ਨੂੰ ਹੁਣ ਮਲ੍ਹਾ ਟੌਪ ਕਹਿੰਦੇ ਹਨ।

ਸੋਹਣਾ ਬੰਦੋਬਸਤ। ਅਸੀਂ ਖ਼ਿਆਲ ਸਾਂਝੇ ਕੀਤੇ। ਕਾਲੀਧਾਰ ਟੌਪ ਦੇਖਿਆ। ਘਰਦਿਆਂ ਨੂੰ ਦਿਖਾਇਆ। ਅੱਖਾਂ ਭਰ ਆਈਆਂ। ਮੱਲ੍ਹਾ 'ਤੇ ਦੁਬਾਰਾ ਕਬਜ਼ਾ ਮਦਰਾਸ ਬਟਾਲੀਅਨ ਨੇ ਕੀਤਾ ਸੀ। ਇੱਥੇ ਨੇੜਲੇ ਪਿੰਡਾਂ ਦੇ ਸਾਬਕਾ ਫ਼ੌਜੀ ਇਕੱਠੇ ਕੀਤੇ ਹੋਏ ਸਨ। ਉਨ੍ਹਾਂ ਨੂੰ ਮਿਲੇ। ਇੱਥੇ ਹੀ 96 ਸਾਲਾ ਸਾਬਕਾ ਫ਼ੌਜੀ ਹਵਾਲਦਾਰ ਮੁਨਸ਼ਾ ਸਿੰਘ, 30ਵੀਂ ਲੁਕੇਟਿੰਗ ਰੈਜੀਮੈਂਟ (ਤੋਪਖਾਨਾ) ਦਾ ਮਿਲਿਆ। ਚਿੱਟੀ ਦਾੜ੍ਹੀ, ਸੋਹਣੀ ਪੱਗ ਅਤੇ ਮੈਡਲਾਂ ਨਾਲ। ਉਹ ਵਾਕਰ ਨਾਲ ਚਲਦਾ ਐ। ਉਹ ਦੂਜੀ ਆਲਮੀ ਜੰਗ ਵਿਚ ਬਰਮਾ ਮੁਹਾਜ਼ 'ਤੇ ਲੜਿਆ ਸੀ ਤੇ ਮਗਰੋਂ 1947-48, 1962 ਅਤੇ 1965 ਦੀਆਂ ਜੰਗਾਂ ਵਿਚ ਹਿੱਸੇਦਾਰ ਸੀ।

ਫਿਰ ਪਰਤ ਆਏ ਸੁੰਦਰਬਨੀ। ਇੱਥੇ ਵੀ ਸਾਬਕਾ ਸੈਨਿਕਾਂ ਦੀ ਸੰਸਥਾ ਨੇ ਪ੍ਰੋਗਰਾਮ ਰੱਖਿਆ ਸੀ। ਕਈ ਪੁਰਾਣੇ ਸਿਵਲੀਅਨ ਵੀ ਮਿਲੇ ਜਿਨ੍ਹਾਂ ਨੇ 1965 'ਚ ਕਾਲੀਧਾਰ 'ਤੇ ਹਮਲੇ ਵੇਲੇ ਅਸਲ੍ਹਾ ਉੱਪਰ ਢੋਣ ਅਤੇ ਜ਼ਖ਼ਮੀਆਂ ਨੂੰ ਹੇਠਾਂ ਸੜਕ ਤੱਕ ਲਿਆਉਣ ਵਿਚ ਮਦਦ ਕੀਤੀ ਸੀ।

ਫਿਰ ਸ਼ਹੀਦੀ ਸਮਾਰਕ 'ਤੇ ਪੂਰੀ ਨਿਮਰਤਾ ਨਾਲ, ਪਰੇਡ ਅਤੇ ਬਿਗਲ ਦੀਆਂ ਧੁਨਾਂ ਵਿਚ ਫੁੱਲ ਮਾਲਾਵਾਂ ਚੜ੍ਹਾਈਆਂ। ਔਰਤਾਂ ਨੇ ਫੁੱਲ ਭੇਟ ਕੀਤੇ। ਦਿਲ ਰੋ ਰਹੇ ਸਨ, ਨਾਲ ਦਿਆਂ ਦੇ ਨਾਮ ਪੜ੍ਹ ਕੇ ਜੋ ਮੁੜੇ ਨਹੀਂ ਸਨ। ਇੱਥੇ ਮੇਰੀ ਦੂਸਰੀ ਰੈਜੀਮੈਂਟ ਜੈਕ ਐਲ.ਆਈ. ਦੇ ਕਈ ਸਾਬਕਾ ਫ਼ੌਜੀ ਮਿਲੇ। ਆਨਰੇਰੀ ਕੈਪਟਨ ਸੋਮਦੱਤ ਸ਼ਰਮਾ ਵੀ ਸੀ ਜੋ ਮੇਰੇ ਵੇਲਿਆਂ ਵਿਚ ਲਾਂਸ ਨਾਇਕ ਸੀ। ਬ੍ਰਿਗੇਡ ਨੇ ਯਾਦਗਾਰੀ ਚਿੰਨ੍ਹ ਦਿੱਤਾ ਅਤੇ ਅਸੀਂ ਦਿਨ ਛਿਪੇ ਅਖਨੂਰ ਪਰਤ ਆਏ।

ਦੂਜਾ ਦਿਨ 17 ਅਪਰੈਲ: ਇਸ ਦਿਨ ਇੱਕ ਹੋਰ ਇਲਾਕਾ ਦੇਖਣਾ ਸੀ ਜਿੱਥੇ ਅਸੀਂ ਪਿੱਛੇ ਹਟ ਕੇ ਡਟੇ ਸਾਂ, ਲਾਮਬੰਦ ਹੋਏ ਸਾਂ। ਇੱਥੋਂ ਇੱਕ ਜਗ੍ਹਾ ਤੋਂ ਸਾਡਾ ਪੁਰਾਣਾ ਇਲਾਕਾ (1965 ਵੇਲੇ ਦਾ) ਸਾਫ਼ ਦਿਖਾਈ ਦਿੰਦਾ ਹੈ। ਸਾਨੂੰ ਤਵੀ ਪਾਰ ਦੇ ਪਿੰਡ, ਸਾਡੀਆਂ ਪੋਸਟਾਂ ਆਦਿ ਯਾਦ ਆਏ ਪਰ ਅੱਜ ਮੀਂਹ ਨੇ ਥੋੜ੍ਹਾ ਔਖਾ ਕੀਤਾ। ਇੱਥੇ ਵੀ ਕਈ ਯਾਦਗਾਰਾਂ ਹਨ। ਫੁੱਲ ਭੇਟ ਕੀਤੇ। ਉਪਰਲੇ ਹੈੱਡਕੁਆਰਟਰ ਵੱਲੋਂ ਆਸ-ਪਾਸ ਦੇ ਸਾਬਕਾ ਸੈਨਿਕ ਇਕੱਠੇ ਕੀਤੇ ਗਏ ਸਨ। ਇੱਥੇ ਇੱਕ ਕੈਪਟਨ ਡਾਕਟਰ ਕੁੜੀ ਜੁਆਨਾਂ ਨਾਲ ਤਾਇਨਾਤ ਹੈ। ਫਿਰ ਅਸੀਂ ਵਾਪਸ ਅਖਨੂਰ ਚਲੇ ਗਏ।

ਅੱਜ ਡਿਵੀਜ਼ਨ ਦੇ ਮੁਖੀ ਮੇਜਰ ਜਨਰਲ ਵੀ.ਐੱਸ. ਸੇਖੋਂ, ਯੁੱਧ ਸੇਵਾ ਮੈਡਲ, ਸੈਨਾ ਮੈਡਲ ਵੱਲੋਂ ਕਾਰਡ ਭੇਜ ਕੇ ਰਵਾਇਤੀ ਪਾਰਟੀ ਸੀ। ਉਨ੍ਹਾਂ ਦੇ ਸੀਨੀਅਰ ਅਫਸਰ ਅਤੇ ਪਰਿਵਾਰ ਵੀ ਆਏ ਸਨ। ਅਸੀਂ ਵੀ ਕਾਲੀਧਾਰ ਦੇ ਜਿਉਂਦੇ ਜੰਗੀ ਫ਼ੌਜੀਆਂ ਵੱਲੋਂ ਚਾਂਦੀ ਦਾ ਤੋਹਫ਼ਾ ਡਿਵੀਜ਼ਨ ਹੈੱਡਕੁਆਰਟਰ ਨੂੰ ਭੇਟ ਕੀਤਾ।

ਤੀਜਾ ਦਿਨ 18 ਅਪਰੈਲ: ਛੰਬ ਦੇ ਐਨ ਸਾਹਮਣੇ ਦਾ ਇਲਾਕਾ- ਡੀ.ਸੀ.ਬੀ. ਮੋਰਚੇ, ਬੰਕਰ ਅਤੇ ਕਈ ਕੁਝ ਹੋਰ। ਜੁਆਨਾਂ ਨਾਲ ਜੁਆਨਾਂ ਦੀ ਚਾਹ ਤੇ ਉਨ੍ਹਾਂ ਵੱਲੋਂ ਬਣਾਈਆਂ ਚੀਜ਼ਾਂ-ਜਲੇਬੀਆਂ ਆਦਿ ਸ਼ਾਇਦ ਇਸ ਦੁਨੀਆ 'ਚ ਕਿਤੇ ਹੋਰ ਇੰਨੀਆਂ ਚੰਗੀਆਂ ਅਤੇ ਸੁਆਦਲੀਆਂ ਨਾ ਹੀ ਮਿਲਣ। ਇੱਕ ਬੰਕਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਬਾਹਰ ਨਿਸ਼ਾਨ ਸਾਹਿਬ। ਦੁਸ਼ਮਣ ਦੀਆਂ ਪੋਸਟਾਂ 100-150 ਗਜ਼ 'ਤੇ। ਉਨ੍ਹਾਂ ਲੋਕਾਂ ਦੇ ਆਪਣੇ ਵਰਗੇ ਘਰ ਅਸੀਂ ਦੂਰਬੀਨ ਨਾਲ ਦੇਖੇ। ਦਰਿਆ ਚਨਾਬ ਢਾਹ ਲਾ ਕੇ ਲੰਘਦਾ ਹੈ। ਕੰਧ ਬਣਾ ਕੇ ਫ਼ੌਜੀ ਚੌਕੀਆਂ ਬਚਾਈਆਂ ਹਨ। ਕੁਝ ਚੌਕੀਆਂ ਦਰਿਆ ਵਿਚ ਟਾਪੂਆਂ 'ਤੇ ਹਨ ਜਿਨ੍ਹਾਂ ਦਾ ਕਿਸ਼ਤੀ ਰਾਹੀਂ ਬੰਦੋਬਸਤ ਹੁੰਦਾ ਹੈ। ਬ੍ਰਿਗੇਡ ਹੈੱਡਕੁਆਰਟਰ 'ਚ ਇੱਕ ਲੈਫਟੀਨੈਂਟ ਕਰਨਲ ਕੁੜੀ ਮਿਲੀ ਜੋ ਸੰਚਾਰ ਕੰਪਨੀ ਦੀ ਕਮਾਂਡਰ ਹੈ। ਸ਼ਾਮੀ ਵਾਪਸ ਅੱਡੇ 'ਤੇ। ਵਕਤ ਤੋਤ ਵਿਛੋੜੇ ਦਾ। ਮੁੜ ਮਿਲਣ ਦਾ ਵਾਅਦਾ ਕਰ ਕੇ ਰਾਤ ਲੰਘਾਈ ਤੇ ਅਗਲੇ ਦਿਨ ਰਵਾਨਗੀ...।

ਇਸ ਸਫ਼ਰ ਦੀ ਤਿਆਰੀ ਨੂੰ ਮਹੀਨੇ ਲੱਗੇ ਤੇ ਦਿਨ ਜਿਵੇਂ ਪਲਾਂ ਜਿੱਡੇ ਛੋਟੇ ਹੋ ਗਏ ਜਾਪੇ। ਆਪਣੇ ਸਾਥੀਆਂ ਦੀ ਯਾਦ ਦਿਲ 'ਚੋਂ ਕਦੇ ਮਿਟਾਇਆਂ ਵੀ ਨਹੀਂ ਮਿਟਣੀ। ਉੱਥੇ ਸ਼ਹੀਦੀ ਪਾ ਗਏ ਯੋਧਿਆਂ ਦੀ ਬਹਾਦਰੀ ਨੂੰ ਸਲਾਮ ਹੈ। ਫਿਰ ਵੀ ਭਾਵੁਕ ਪਲਾਂ ਵਿਚ ਇਹ ਸ਼ਬਦ ਮੇਰੇ ਜ਼ਿਹਨ 'ਚ ਘੁੰਮਦੇ ਹਨ: ਹੱਥੀਂ ਤੋਰੇ ਸੱਜਣਾਂ ਨੂੰ, ਨਾਲੇ ਯਾਦ ਕਰਾਂ ਨਾਲੇ ਰੋਵਾਂ... ਅਲਵਿਦਾ।

# 'ਹਮ ਹਿੰਦੂ ਨਹੀਂ ਹੈਂ' ਦਾ ਸਿੱਖ ਬਿਰਤਾਂਤ ਬਦਲਣ ਦੀ ਲੋੜ

***'ਪੰਜਾਬ ਟਾਈਮਜ਼' ਨਾਲ ਪਿਛਲੇ 14 ਸਾਲਾਂ ਤੋਂ ਜੁੜੇ ਹੋਏ ਉਘੇ ਵਿਦਵਾਨ ਸ. ਗੁਰਬਚਨ ਸਿੰਘ ਦੀ ਬੇਵਕਤ ਮੌਤ ਅਤੇ ਵਿਛੋੜੇ ਦਾ ਸਾਨੂੰ ਬੇਹੱਦ ਦੁਖ ਹੈ। ਸ਼ਰਧਾਂਜਲੀ ਵਜੋਂ 2019 ਵਿਚ 'ਪੰਜਾਬ ਟਾਈਮਜ਼' ਵਿਚ ਛਪਿਆ ਉਨ੍ਹਾਂ ਦਾ ਇਹ ਲੇਖ ਅਸੀਂ ਪਾਠਕਾਂ ਦੇ ਰੂ-ਬ-ਰੂ ਕਰ ਰਹੇ ਹਾਂ। ਇਹ ਲੇਖ ਪੰਜਾਬ ਦੇ ਦੋ ਮੁੱਖ ਭਾਈਚਾਰਿਆਂ ਦੀ ਆਪਸੀ ਸਾਂਝ ਲਈ ਉਨ੍ਹਾਂ ਦੀ ਗਹਿਰੀ ਭਾਵਨਾ ਦਾ ਨਮੂਨਾ ਹੈ।***

ਸਿੱਖਾਂ ਦੀ ਮੌਜੂਦਾ ਸਮਾਜੀ-ਰਾਜਸੀ ਮੰਦੀ ਹਾਲਤ ਦਾ ਇਕ ਕਾਰਨ ਸਿੰਘ ਸਭਾ ਲਹਿਰ ਵੇਲੇ ਸਿੱਖੀ ਦੀ ਵਿਆਖਿਆ ਕਰਦਿਆਂ 'ਹਮ ਹਿੰਦੂ ਨਹੀਂ' ਦਾ ਬਣਿਆ ਬਿਰਤਾਂਤ (ਨੈਰੇਟਿਵ) ਹੈ। ਭਾਈ ਕਾਨ੍ਹ ਸਿੰਘ ਨਾਭਾ ਦੀ ਇਸੇ ਨਾਂ ਦੀ ਲਿਖਤ ਅਜੇ ਤਕ ਸੂਝਵਾਨ ਸਿੱਖ ਮਨਾਂ ਵਿਚ ਆਪਣੀ ਅਹਿਮ ਥਾਂ ਬਣਾਈ ਬੈਠੀ ਹੈ। ਕਿਹਾ ਜਾ ਸਕਦਾ ਹੈ ਤੇ ਇਹ ਕਿਹਾ ਜਾਣਾ ਠੀਕ ਵੀ ਹੈ ਕਿ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਲਿਖਤ ਦਾ ਨਾਂ ਕਿਸੇ ਹੋਰ ਪ੍ਰਸੰਗ ਵਿਚ ਰਖਿਆ ਸੀ, ਪਰ ਅਜੋਕੇ ਪ੍ਰਸੰਗ ਵਿਚ ਇਸ ਧਾਰਨਾ ਨੇ ਪੰਜਾਬ ਵਿਚ ਇਕ ਅਜਿਹਾ ਸਮਾਜੀ ਤੇ ਰਾਜਸੀ ਮਾਹੌਲ ਸਿਰਜਿਆ ਹੈ, ਜਿਸ

ਗੁਰਬਚਨ ਸਿੰਘ

ਨੇ ਦੋ ਪੰਜਾਬੀ ਫਿਰਕਿਆਂ ਨੂੰ ਇਕ-ਦੂਜੇ ਦੇ ਵਿਰੋਧ ਵਿਚ ਖੜ੍ਹਾ ਕਰ ਦਿਤਾ ਹੈ ਅਤੇ ਤੀਜੇ ਭਾਈਚਾਰੇ ਦੀ ਹੋਂਦ ਨੂੰ ਗ੍ਰਹਿਣ ਲਾ ਦਿੱਤਾ ਹੈ। ਜੂਨ 1984 'ਚ ਦਰਬਾਰ ਸਾਹਿਬ 'ਤੇ ਹੋਏ ਫੌਜੀ ਹਮਲੇ ਪਿਛੋਂ ਇਹ ਬਿਰਤਾਂਤ ਹੋਰ ਵੀ ਚਰਚਾ ਦਾ ਵਿਸ਼ਾ ਬਣਿਆ ਹੈ। ਇੰਦਰਾ ਗਾਂਧੀ ਦੀ ਸਿੱਖ ਵਿਰੋਧੀ ਹਿੰਦੂ 'ਰਾਸ਼ਟਰਵਾਦੀ' ਰਾਜਨੀਤੀ ਨੇ ਇਸ ਧਾਰਨਾ ਨੂੰ ਸਿੱਖ ਮਨਾਂ ਵਿਚ ਹੋਰ ਵੀ ਦ੍ਰਿੜ ਕੀਤਾ ਹੈ। ਨਰਿੰਦਰ ਮੋਦੀ ਦੇ ਹਿੰਦੂ 'ਰਾਸ਼ਟਰਵਾਦ' ਨੇ ਸਿੱਖ ਮਨਾਂ ਵਿਚ ਬਣੇ ਇਸ ਬਿਰਤਾਂਤ ਦੀ ਪੁਸ਼ਟੀ ਕਰ ਦਿੱਤੀ ਹੈ।

ਦਰਅਸਲ ਇਹ ਸਿੱਖੀ ਦੀ ਵਿਆਖਿਆ ਦਾ ਨਕਾਰੀ ਬਿਰਤਾਂਤ ਹੈ। ਅਜੋਕੀਆਂ ਸਮਾਜੀ ਤੇ ਰਾਜਸੀ ਹਾਲਤਾਂ ਵਿਚ ਇਸ ਬਿਰਤਾਂਤ ਨੂੰ ਬਦਲਣ ਦੀ ਲੋੜ ਹੈ। ਸਿੱਖੀ ਕਿਸੇ ਵੀ ਭਾਈਚਾਰੇ ਜਾਂ ਧਰਮ ਦਾ ਵਿਰੋਧ ਜਾਂ ਨਿਖੇਧ ਕਰਨ ਲਈ ਹੋਂਦ ਵਿਚ ਨਹੀਂ ਆਈ। ਸਿੱਖੀ ਇਕ ਪੂਰਨ ਜੀਵਨ ਜੁਗਤ ਹੈ, ਜਿਸ ਦਾ ਤਤ ਹੈ-ਕਿਰਤ ਕਰੋ, ਨਾਮ ਜਪੋ, ਵੰਡ ਛਕੋ। ਇਸ ਜੀਵਨ ਜੁਗਤ ਦੀ ਆਧਾਰਸ਼ਿਲਾ ਗੁਰਮਤਿ ਵਿਚ ਦਰਜ ਫਿਲਾਸਫੀ ਦੇ ਗਿਆਨ ਨੇ ਰੱਖੀ ਹੈ। ਗੁਰਮਤਿ ਫਿਲਾਸਫੀ ਦਾ ਇਹ ਆਤਮਕ ਗਿਆਨ ਆਪਣੇ ਤੋਂ ਪਹਿਲੀ ਸਾਰੀ ਮਨੁਖੀ ਸਿਆਣਪ ਨੂੰ ਆਪਣੇ ਵਿਚ ਆਤਮਸਾਤ ਕਰਕੇ ਹੋਂਦ ਵਿਚ ਆਇਆ ਹੈ। ਇਸ ਆਤਮਕ ਗਿਆਨ ਵਿਚ ਆਪਣੇ ਤੋਂ ਪਹਿਲੇ ਵਿਕਸਿਤ ਹੋਏ ਸਾਰੇ ਧਰਮਾਂ ਦਾ ਗਿਆਨ ਸ਼ਾਮਿਲ ਹੈ। ਇਸ ਆਤਮਕ ਗਿਆਨ ਨੂੰ ਨਕਾਰ ਕੇ ਇਸ ਤੋਂ ਪਹਿਲੀ ਕਿਸੇ ਵੀ ਫਿਲਾਸਫੀ ਦੀ ਅਜੋਕੀ ਵਿਆਖਿਆ ਨਹੀਂ ਕੀਤੀ ਜਾ ਸਕਦੀ। ਇਸ ਲਈ ਜਦੋਂ ਅਸੀਂ ਕਹਿੰਦੇ ਹਾਂ ਕਿ ਸਿੱਖ ਹਿੰਦੂ ਨਹੀਂ ਜਾਂ ਸਿੱਖ ਮੁਸਲਮਾਨ ਨਹੀਂ ਤਾਂ ਅਸੀਂ ਨਾ ਸਿਰਫ ਗੁਰਮਤਿ ਨੂੰ ਛੁਟਿਆ ਰਹੇ ਹੁੰਦੇ ਹਾਂ, ਸਗੋਂ ਅਸੀਂ ਮਨੁੱਖ ਜਾਤੀ ਨੂੰ ਗੁਰਮਤਿ ਨੇ ਜੋ ਨਵਾਂ ਆਤਮਕ ਗਿਆਨ ਦਿੱਤਾ ਹੈ, ਉਸ ਨੂੰ ਵੀ ਅਣਗੌਲਿਆ ਕਰ ਰਹੇ ਹੁੰਦੇ ਹਾਂ। ਇਸ ਆਤਮਕ ਗਿਆਨ ਨੂੰ ਅਣਗੌਲਿਆ ਕਰਕੇ ਕੋਈ ਵੀ ਨਵਾਂ ਮਨੁੱਖੀ ਸਮਾਜ ਨਹੀਂ ਸਿਰਜਿਆ ਜਾ ਸਕਦਾ।

'ਹਮ ਹਿੰਦੂ ਨਹੀਂ ਹੈਂ' ਲਿਖਤ ਦਾ ਪਿਛੋਕੜ ਫਰੋਲੀਏ ਤਾਂ ਪਤਾ ਲਗਦਾ ਹੈ ਕਿ ਆਰੀਆ ਸਮਾਜ ਦੇ ਇਕ ਸਿੱਖ ਮੈਂਬਰ ਜਗਤ ਸਿੰਘ ਨੇ ਆਪਣੇ ਰਿਸਾਲੇ 'ਰਿਸਾਲਾ ਸਤ ਪ੍ਰਕਾਸ਼' ਵਿਚ ਇਕ ਲਿਖਤ ਛਾਪ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਸਿੱਖ ਧਰਮ ਆਰੀਆ ਸਮਾਜ ਲਹਿਰ ਦਾ ਇਕ ਪੁਰਾਤਨ ਰੂਪ ਹੈ। ਆਰੀਆ ਸਮਾਜੀ ਬਾਵਾ ਨਾਰਾਇਣ ਸਿੰਘ ਤੇ ਲਾਲਾ ਠਾਕਰ ਦਾਸ ਨੇ 'ਸਿੱਖ ਹਿੰਦੂ ਹੈਂ' ਲਿਖ ਕੇ ਜਗਤ ਸਿੰਘ ਦੇ ਇਸ ਕਥਨ ਦੀ ਹਾਮੀ ਭਰੀ। ਇਸ ਲਿਖਤ ਦੇ ਜੁਆਬ ਵਿਚ ਹੀ ਭਾਈ ਕਾਨ੍ਹ ਸਿੰਘ ਨਾਭਾ ਨੇ ਆਪਣੀ ਲਿਖਤ 'ਹਮ ਹਿੰਦੂ ਨਹੀਂ ਹੈਂ' ਲਿਖੀ ਸੀ। ਇਹ ਲਿਖਤ ਉਸ ਖਾਸ ਮੌਕੇ ਦੀ ਦੇਣ ਸੀ, ਜਦੋਂ ਹਿੰਦੂਆਂ ਤੇ ਮੁਸਲਮਾਨਾਂ ਵਿਚਾਲੇ ਆਪੋ ਆਪਣੀ ਗਿਣਤੀ ਵਧਾਉਣ ਦੀ ਦੌੜ ਲੱਗੀ ਹੋਈ ਸੀ।

ਪੰਜਾਬ ਵਿਚ ਅੰਗਰੇਜ਼ ਸਾਮਰਾਜੀਆਂ ਦੇ ਆਉਣ ਨਾਲ ਪੱਛਮੀ ਜਮਹੂਰੀਅਤ ਦਾ ਸੰਕਲਪ ਲੋਕ ਮਨਾਂ ਵਿਚ ਆਪਣੀਆਂ ਜੜ੍ਹਾਂ ਜਮਾਉਣ ਲੱਗਾ ਸੀ ਤੇ ਜਿਸ ਦੇ ਲਾਜ਼ਮੀ ਸਿੱਟੇ ਵਜੋਂ ਗੁਣਾਂ ਦੀ ਥਾਂ ਸਿਰਾਂ ਦੀ ਗਿਣਤੀ ਦੀ ਅਹਿਮੀਅਤ ਜੋਰ ਫੜ ਰਹੀ ਸੀ। ਇਸ ਬਹੁਗਿਣਤੀ-ਘਟਗਿਣਤੀ ਦੀ 'ਜਮਹੂਰੀ' ਸੋਚ ਨੇ ਆਪੋ ਆਪਣੀ ਗਿਣਤੀ ਵਧਾਉਣ ਦੇ ਮੁਕਾਬਲੇ ਨੂੰ ਹੋਰ ਤੇਜ ਕੀਤਾ। ਇਸ ਮੁਕਾਬਲੇ ਨੇ ਪੰਜਾਬ ਅੰਦਰਲੇ ਤਿੰਨਾਂ ਭਾਈਚਾਰਿਆਂ ਦੇ ਮਨਾਂ ਵਿਚ ਵੱਡੀ ਉਥਲ-ਪੁਥਲ ਮਚਾਈ।

ਇਸ ਉਥਲ-ਪੁਥਲ ਦੀ ਜਾਣਕਾਰੀ ਸਾਨੂੰ ਕੇਥ ਡਬਲਿਊ ਜੋਨਸ ਨੇ ਦਿੱਤੀ ਹੈ। ਲਿਖਤ 'ਹਮ ਹਿੰਦੂ ਨਹੀਂ-ਆਰੀਆ ਸਿੱਖ ਰਿਸ਼ਤੇ' ਵਿਚ ਉਸ ਨੇ ਲਿਖਿਆ ਹੈ, "ਉਸ ਦੌਰ ਦੇ ਪੰਜਾਬ ਦਾ ਇਤਿਹਾਸ ਦੋ ਘੱਟਗਿਣਤੀ ਭਾਈਚਾਰਿਆਂ (ਹਿੰਦੂਆਂ ਤੇ ਮੁਸਲਮਾਨਾਂ) ਵਿਚਾਲੇ ਧਾਰਮਿਕ ਮੁਕਾਬਲੇ ਦੀ ਬੜੀ ਨਾਟਕੀ ਪੇਸ਼ਕਾਰੀ ਕਰਦਾ ਸੀ, ਜਿਸ ਦਾ ਬਹੁਤਾ ਸਬੰਧ ਤਾਕਤ ਤੇ ਦਾਬੇ ਨਾਲੋਂ ਵੱਧ ਆਪੋ ਆਪਣੀ ਧਾਰਮਿਕ ਪਛਾਣ ਦੀ ਭਾਵਨਾ ਨਾਲ ਜੁੜਿਆ ਹੋਇਆ ਸੀ। ਪੰਜਾਬੀ ਹਿੰਦੂਆਂ ਦੀ ਇਕ ਨਵੀਂ, ਆਧੁਨਿਕ ਤੇ ਸਤਿਕਾਰਤ ਧਾਰਮਿਕ ਪਰੰਪਰਾ ਸਿਰਜਣ ਦੇ ਯਤਨਾਂ ਨੇ, ਉਨ੍ਹਾਂ ਦੇ ਆਪਣੇ ਭਾਈਚਾਰੇ ਤਕ ਸੀਮਤ ਨਾ ਰਹਿ ਕੇ ਪੰਜਾਬ ਅੰਦਰਲੇ ਬਾਕੀ ਭਾਈਚਾਰਿਆਂ-ਮੁਸਲਮਾਨਾਂ ਤੇ ਸਿੱਖਾਂ ਨਾਲ ਉਨ੍ਹਾਂ ਦੇ ਰਿਸ਼ਤਿਆਂ ਨੂੰ ਵੀ ਬਦਲ ਦਿਤਾ। ਇਕ ਅੰਗਰੇਜ਼ੀ ਪੜ੍ਹਿਆ ਲਿਖਿਆ ਸ੍ਰੇਸ਼ਠ ਹਿੰਦੂ ਵਰਗ ਹੋਂਦ ਵਿਚ ਆਇਆ। ਇਹ ਵਰਗ ਮੁੱਖ ਹਿੰਦੂ ਭਾਈਚਾਰੇ ਦੀਆਂ ਕਦਰਾਂ-ਕੀਮਤਾਂ ਤੋਂ ਟੁੱਟਿਆ ਹੋਇਆ ਤੇ ਹਿੰਦੂ ਸਮਾਜ ਦੇ ਹਾਸ਼ੀਏ ਉਤੇ ਧੱਕਿਆ ਹੋਇਆ ਸੀ। ਇਸ ਵਰਗ ਨੇ ਪੁਰਾਣੇ ਸੰਸਾਰ ਦੀ ਨਵੀਂ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ ਅਤੇ ਇਸ ਤਰ੍ਹਾਂ ਕਰਦਿਆਂ ਨਵਾਂ ਵਿਚਾਰਧਾਰਕ ਸੋਚ ਪ੍ਰਬੰਧ ਸਿਰਜਿਆ, ਜਿਸ ਦਾ ਮੰਤਵ ਬੀਤੇ ਤੇ ਵਰਤਮਾਨ ਦੀ ਨਵੀਂ ਵਿਆਖਿਆ ਕਰਨਾ ਤੇ ਭਵਿਖ ਲਈ ਨਵਾਂ ਦ੍ਰਿਸ਼ਟੀਕੋਣ ਸਿਰਜਣਾ ਸੀ।

ਪੁਰਾਣੇ ਵਿਚਾਰਾਂ ਦੀ ਨਵੀਂ ਵਿਆਖਿਆ, ਵਿਸਥਾਰ ਤੇ ਪ੍ਰਚਾਰ ਨੇ ਜਿਥੇ ਸਮੂਹਿਕ ਚੇਤਨਾ ਪੈਦਾ ਕੀਤੀ, ਉਥੇ ਇਸ ਵਰਗ ਵਿਚ ਆਪਣੇ ਨਿਵੇਕਲੇਪਣ ਦਾ ਅਹਿਸਾਸ ਵੀ ਪੈਦਾ ਕੀਤਾ ਅਤੇ ਇਨ੍ਹਾਂ ਨਵੇਂ ਵਿਸ਼ਵਾਸਾਂ ਨੂੰ ਮੰਨਣ ਤੇ ਨਾ ਮੰਨਣ ਵਾਲੇ ਵਰਗਾਂ ਵਿਚਾਲੇ ਇਕ ਦੂਰੀ ਪੈਦਾ ਕੀਤੀ। ਆਪਣੀ ਪਛਾਣ ਦੀ ਮੁੜ ਵਿਆਖਿਆ ਦੇ ਇਸ ਵਰਤਾਰੇ ਨੇ ਉਨੀਵੀਂ ਸਦੀ ਦੇ ਪਿਛਲੇ ਦਹਾਕਿਆਂ 'ਚ ਪੰਜਾਬ ਵਿਚ ਇਕ ਐਸੀ ਹਲਚਲ ਮਚਾਈ ਕਿ ਇਸ ਨਾਲ ਵਧੇ ਵਿਚਾਰਧਾਰਕ ਤੇ ਧਾਰਮਿਕ ਤਣਾਓ ਨੇ ਸਭ ਧਾਰਮਿਕ ਭਾਈਚਾਰਿਆਂ ਵਿਚ ਬਹਿਸਾਂ ਦਾ ਮਾਹੌਲ ਭਖਾ ਦਿੱਤਾ। ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਨੇ ਆਪੋ ਆਪਣੇ ਸੰਕਲਪਾਂ ਨੂੰ ਸਾਹਮਣੇ ਲਿਆਉਣਾ ਅਰੰਭ ਦਿੱਤਾ, ਜਿਸ ਨੇ ਦੂਜੇ ਭਾਈਚਾਰਿਆਂ ਨਾਲ ਤੇ ਆਪਣੇ ਭਾਈਚਾਰੇ ਅੰਦਰਲੇ ਵਿਚਾਰਧਾਰਕ ਸੰਘਰਸ਼ ਨੂੰ ਹੋਰ ਤੇਜ ਕੀਤਾ। ਇਕ-ਦੂਜੇ ਨੂੰ ਸੁਆਲ-ਜੁਆਬ ਕਰਨ ਦੇ ਇਸ ਵਰਤਾਰੇ ਨੇ ਪੰਜਾਬੀ ਧਾਰਮਿਕ ਭਾਈਚਾਰਿਆਂ ਵਿਚਲੇ ਰਿਸ਼ਤੇ ਸਥਾਈ ਰੂਪ ਵਿਚ ਬਦਲ ਦਿਤੇ। ਇਸ ਤੋਂ ਵੀ ਵੱਧ ਬੁਨਿਆਦੀ ਤਬਦੀਲੀ ਇਹ ਵਾਪਰੀ ਕਿ ਇਸ ਨੇ ਬਹੁਤ ਸਾਰੇ ਸਮੂਹਾਂ ਅੰਦਰਲੇ ਆਪਣੇ ਧਾਰਮਿਕ ਸੰਕਲਪਾਂ



***ਸੁਆਮੀ ਦਇਆ ਨੰਦ***

ਨੂੰ ਵੀ ਬਦਲ ਦਿਤਾ।"

(ਹਵਾਲਾ: ਹਮ ਹਿੰਦੂ ਨਹੀਂ-ਆਰੀਆ ਸਿੱਖ ਰਿਸ਼ਤੇ, 1877-1905, ਕੇਥ ਡਬਲਿਊ ਜੋਨਸ, ਜਰਨਲ ਆਫ ਏਸ਼ੀਅਨ ਸਟਡੀਜ਼, ਜਿਲਦ 32, ਅੰਕ 3, ਮਈ 1973, ਸਫਾ 457)

ਅੰਗਰੇਜ਼ੀ ਪੜ੍ਹੇ-ਲਿਖੇ ਤੇ ਪੂੰਜੀਵਾਦੀ ਸਾਮਰਾਜੀ ਆਰਥਕ ਰਿਸ਼ਤਿਆਂ ਦੀ ਬਦੌਲਤ ਨਵੇਂ-ਨਵੇਂ ਅਮੀਰ ਬਣੇ ਇਸ ਸ੍ਰੇਸ਼ਠ ਹਿੰਦੂ ਵਰਗ ਰਾਹੀਂ ਪੰਜਾਬ 'ਚ ਪਹਿਲਾਂ ਬ੍ਰਹਮੋ ਸਮਾਜ ਤੇ ਫਿਰ ਆਰੀਆ ਸਮਾਜ ਦੀ ਆਮਦ ਹੋਈ। ਆਰੀਆ ਸਮਾਜ ਦੀ ਆਮਦ ਨੇ ਪੰਜਾਬ 'ਚ ਹਿੰਦੂ-ਸਿੱਖ ਤੁਫਰਕਾ ਪੈਦਾ ਕੀਤਾ, ਜਿਸ ਦਾ ਜ਼ਿਕਰ ਭਾਈ ਕਾਨ੍ਹ ਸਿੰਘ ਨਾਭਾ ਨੇ ਕੀਤਾ ਹੈ। ਇਸ ਲਿਖਤ ਵਿਚ ਹੀ ਦਰਜ ਹੈ, "ਪਯਾਰੇ ਭਾਈ! ਏਹ ਕਹਾਵਤ ਪ੍ਰਸਿਧ ਹੈ ਕਿ 'ਤਾੜੀ ਦੋਹਾਂ ਹਥਾਂ ਨਾਲ ਵਜਦੀ ਹੈ', ਸੋ ਜੋ ਕੋਈ ਅਕਾਰਣ ਸਿੱਖਾਂ ਨਾਲ ਵਿਰੋਧ




ਕਰੇ ਤਾਂ ਇਸ ਪਾਸਿਓਂ ਸ਼ਾਂਤੀ ਹੋਣ ਕਰਕੇ ਆਪੇ ਹੀ ਵਿਰੋਧ ਸ਼ਾਂਤ ਹੈ।...ਔਰ ਅਸੀਂ ਏਹ ਭੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਹਿੰਦੂਆਂ ਦਾ ਸਾਡੇ ਨਾਲ ਕੋਈ ਵੈਰ ਨਹੀਂ ਸਗੋਂ ਪ੍ਰੇਮ ਹੈ, ਔਰ ਓਹ ਸਾਡੇ ਸਤਗੁਰਾਂ ਦੇ ਉਪਕਾਰਾਂ ਨੂੰ ਅਛੀ ਤਰ੍ਹਾਂ ਜਾਣਦੇ ਹਨ, ਔਰ ਅਸੀਂ ਭੀ ਸਦੈਵ ਉਨ੍ਹਾਂ ਦਾ ਭਲਾ ਚਾਹੁੰਨੇ ਹਾਂ। ਵਿਰੋਧ ਦਾ ਕਾਰਨ ਸਿਰਫ ਓਹ ਆਦਮੀ ਹਨ, ਜਿਨ੍ਹਾਂ ਨੂੰ ਖੁਦਗਰਜ਼ੀ ਰੂਪੀ ਰੋਗ ਲਗਿਆ ਹੋਯਾ ਹੈ। ਔਰ ਜੋ ਸਿੱਖ ਕੌਮ ਨੂੰ ਆਪਣਾ ਦਾਸ ਬਣਾ ਕੇ ਖੀਸੇ ਭਰਨਾ ਚਾਹੁੰਦੇ ਹਨ।...ਉਨ੍ਹਾਂ ਨੂੰ ਭਰੋਸਾ ਹੋ ਗਯਾ ਹੈ ਕਿ ਜੇ ਸਿੱਖ ਕੌਮ ਸਾਡੇ ਹਥੋਂ ਜਾਂਦੀ ਰਹੀ ਤਾਂ ਆਮਦਨ ਦਾ ਭਾਰੀ ਹਿੱਸਾ ਮਾਰਿਆ ਜਾਊ। ਏਹੀ ਲੋਕ ਜਗ੍ਹਾ ਜਗ੍ਹਾ ਸ਼ੋਰ ਮਚਾ ਕੇ ਉਪਾਧੀ ਛੇੜ ਰਹੇ ਹਨ ਔਰ ਵਿਰੋਧ ਫੈਲਾ ਰਹੇ ਹਨ। ਜੇ ਵਾਹਿਗੁਰੂ ਇਨ੍ਹਾਂ ਨੂੰ ਸੁਮਤਿ ਦੇਵੇ ਤਾਂ ਕਮਾਈ ਕਰਕੇ ਖਾਣ ਨੂੰ ਚੰਗਾ ਸਮਝਣ ਔਰ ਬੇਗਾਨੇ ਹਕ ਨੂੰ ਹਰਾਮ ਜਾਨਣ, ਫੇਰ ਆਪ ਹੀ ਸਾਰੇ ਝਗੜੇ ਮਿਟੇ ਪਏ ਹਨ।"

"ਇਨ੍ਹਾਂ ਸਵਾਰਥੀ ਲੋਕਾਂ ਨੇ ਹੀ ਪੋਥੀਆਂ ਛਾਪ ਕੇ ਔਰ ਅਖ਼ਬਾਰਾਂ ਵਿਚ ਮਜ਼ਮੂਨ ਦੇ ਕੇ ਏਹ ਸਿੱਧ ਕਰਨ ਦਾ ਯਤਨ ਕੀਤਾ ਹੈ ਕਿ 'ਸਿੱਖ ਹਿੰਦੂ ਹਨ'। ਭਲਾ ਕੋਈ ਵਿਚਾਰਵਾਨ ਸੋਚੇ ਕਿ ਜੇ ਸਿੱਖ ਆਪਣੇ ਆਪ ਨੂੰ 'ਅਹਿੰਦੂ' ਕਹਿੰਦੇ ਹਨ ਤਾਂ ਕਿਸੇ ਦਾ ਵੀ ਕੀ ਵਿਗੜਦਾ ਹੈ? ਹਾਂ, ਜੇ ਸਿੱਖ ਹਿੰਦੂਆਂ ਨੂੰ ਆਖਣ ਕਿ ਤੁਸੀਂ ਹਿੰਦੂ ਨਹੀਂ ਤਾਂ ਬੇਸ਼ਕ ਝਗੜੇ ਦੀ ਗੱਲ ਹੈ। ਜੇ ਕੋਈ ਏਹ ਆਖੇ ਕਿ ਹਿੰਦੂ ਸਿੱਖਾਂ ਨਾਲ ਹਮਦਰਦੀ ਕਰਦੇ ਹਨ ਔਰ ਉਨ੍ਹਾਂ ਨੂੰ ਆਪਣੇ ਤੋਂ ਵਖਰਾ ਹੁੰਦਾ ਦੇਖ ਕੇ ਦੁਖ ਮੰਨਦੇ ਹਨ ਤਾਂ ਏਹ ਗੱਲ ਭੀ ਨਿਰੀ ਝੂਠ ਹੈ। ਕਯੋਂ ਕਿ ਚਾਰੇ ਪਾਸਿਆਂ ਤੋਂ ਸਿੱਖਾਂ ਨੂੰ ਮਲੀਆਮੇਟ ਕਰਨ ਲਈ ਜੋ ਹਿੰਦੂਆਂ ਦੀ ਤਰਫੋਂ ਯਤਨ ਹੋ ਰਹਿਆ ਹੈ, ਸੋ ਕਿਸੇ ਤੋਂ ਗੁਝਾ ਨਹੀਂ। ਕੋਈ ਹਿੰਦੂ ਇਕ ਦ੍ਰਿਸ਼ਟਾਂਤ ਲਈ ਤਾਂ ਦਸੋ ਕਿ ਫਲਾਣੇ ਸਿੱਖ ਨੂੰ ਧਰਮ ਤੋਂ ਪਤਿਤ ਹੁੰਦੇ ਕਿਸੇ ਹਿੰਦੂ ਨੇ ਬਚਾਯਾ ਹੈ।"

"ਇਸ ਦੇ ਵਿਰੁਧ ਅਸੀਂ ਹਜ਼ਾਰਾਂ ਦ੍ਰਿਸ਼ਟਾਂਤ ਵਿਖਾ ਸਕਦੇ ਹਾਂ ਕਿ ਕਿਤਨਿਆਂ ਸਿੱਖਾਂ ਦੇ ਹਿੰਦੂਆਂ ਨੇ ਕੇਸ ਦੂਰ ਕੀਤੇ, ਕਈਆਂ ਨੂੰ ਹੁਕੇ ਦੀ ਧੂਪ ਦਿੱਤੀ, ਕਈਆਂ ਦੀ ਕ੍ਰਿਪਾਨ, ਕੱਛ ਉਤਰਵਾ ਕੇ ਸੰਕਲਪ ਕਰਵਾਏ, ਕਿਤਨਿਆਂ ਹੀ ਗੁਰਮੰਦਰਾਂ ਵਿਚ ਪੁਰਾਣੀਆਂ ਸਿੱਖ ਧਰਮ ਦੀਆਂ ਰੀਤਾਂ ਹਟਾ ਕੇ ਆਪਣੇ ਘੰਟਿਆਂ ਦੀ ਘਨਘੋਰ ਮਚਾ ਕੇ ਭੋਲੇ ਸਿੱਖਾਂ ਨੂੰ ਇੰਦ੍ਰ-ਜਾਲ ਨਾਲ ਮੋਹਿਤ ਕੀਤਾ, ਕਈ ਗੁਰਦੁਆਰਿਆਂ ਦੀਆਂ ਜਾਯਦਾਤਾਂ ਆਪਣੇ ਨਾਓਂ ਕਰਵਾ ਕੇ ਅੱਜ ਸਿੱਖੀ ਤੋਂ ਇਨਕਾਰੀ ਔਰ ਆਕੀ ਹੋਏ ਬੈਠੇ ਹਨ। ਐਹੋ ਜਿਹੇ ਆਪ ਨੂੰ ਕੀ ਕੀ ਪ੍ਰਸੰਗ ਸੁਣਾਈਏ, ਜੋ ਸਿੱਖ ਧਰਮ-ਦ੍ਰਿਸ਼ਟੀ ਵਿਚ ਇਨ੍ਹਾਂ ਮਹਾਂ-ਕੌਤਕੀਆਂ ਨੇ ਉਲਟ-ਪੁਲਟ ਕੀਤੀ ਹੈ। ਐਸੀ ਹਾਲਤ ਵਿਚ ਕੌਣ ਬੁਧੀਮਾਨ ਆਖ ਸਕਦਾ ਹੈ ਕਿ ਹਿੰਦੂਆਂ ਦੀ ਤਰਫੋਂ ਹਮਦਰਦੀ ਦੇ ਖਿਆਲ ਕਰਕੇ ਸਿੱਖਾਂ ਨੂੰ ਹਿੰਦੂ ਸਾਬਤ ਕਰਨ ਦੀ ਕੋਸ਼ਿਸ਼ ਹੋ ਰਹੀ ਹੈ?"

ਇਨ੍ਹਾਂ ਸਾਰੀਆਂ ਭੜਕਾਊ ਕਾਰਵਾਈਆਂ ਦੇ ਬਾਵਜੂਦ ਆਪਣੀ ਲਿਖਤ ਨਾਲ ਸਿੱਖ ਮਨਾਂ ਵਿਚ ਹਿੰਦੂਆਂ ਪ੍ਰਤੀ ਕੋਈ ਨਫਰਤ ਪੈਦਾ ਨਾ ਹੋਵੇ, ਇਸ ਬਾਰੇ ਸੁਚੇਤ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਨੇ ਇਸ ਲਿਖਤ ਦੇ ਦੂਜੇ ਐਡੀਸ਼ਨ ਵਿਚ ਸਿੱਖਾਂ ਨੂੰ ਅਪੀਲ ਕੀਤੀ, "ਪਯਾਰੇ ਪਾਠਕ ਜੀ! 'ਹਮ ਹਿੰਦੂ ਨਹੀਂ' ਪੁਸਤਕ ਪੜ੍ਹ ਕੇ ਆਪ ਨੂੰ ਕੇਵਲ ਇਹ ਜਾਣਨਾ ਯੋਗਯ ਹੈ ਕਿ ਸਿੱਖ ਧਰਮ, ਹਿੰਦੂ ਆਦਿਕ ਧਰਮਾਂ ਤੋਂ ਭਿੰਨ ਹੈ, ਔਰ ਸਿੱਖ ਕੌਮ ਹੋਰ ਕੌਮਾਂ ਦੀ ਤਰ੍ਹਾਂ ਇਕ ਜੁਦੀ ਕੌਮ ਹੈ, ਪਰ ਇਹ ਕਦੇ ਨਹੀਂ ਹੋਣਾ ਚਾਹੀਯੇ ਕਿ ਆਪ 'ਹਿੰਦੂ ਜਾਂ ਹੋਰ ਧਰਮੀਆਂ' ਨਾਲੋਂ ਵਿਰੋਧ ਕਰੋ ਔਰ ਉਨ੍ਹਾਂ ਦੇ ਧਰਮਾਂ ਉਪਰ ਕੁਤਰਕ ਕਰੋ ਅਥਵਾ ਦੇਸ-ਭਾਈਆਂ ਨੂੰ ਆਪਣਾ ਅੰਗ ਨਾ ਮੰਨ ਕੇ ਜਨਮ-ਭੂਮੀ ਤੋਂ ਸਰਾਪ ਲਓ...।"

ਇਸ ਸੁਹਿਰਦਤਾ ਦੇ ਬਾਵਜੂਦ ਆਰੀਆ ਸਮਾਜੀਆਂ ਨੇ ਸਿੱਖ ਗੁਰੂਆਂ ਪ੍ਰਤੀ ਮੰਦੀ ਸ਼ਬਦਾਵਲੀ ਵਰਤਣੀ ਤੇ ਕੇਸਾਧਾਰੀ ਸਿੱਖਾਂ ਨੂੰ ਹਿੰਦੂ ਬਣਾਉਣ ਦੇ ਯਤਨ ਜਾਰੀ ਰੱਖੇ। ਪ੍ਰਸਿਧ ਇਤਿਹਾਸਕਾਰ ਡਾ. ਗੰਡਾ ਸਿੰਘ ਦੇ ਕਥਨ ਅਨੁਸਾਰ ਪੰਜਾਬ 'ਚ ਹਿੰਦੂ-ਸਿੱਖ ਤਣਾਓ ਦਾ ਅਰੰਭ ਆਰੀਆ ਸਮਾਜ ਦੇ ਆਉਣ ਨਾਲ ਹੋਇਆ। ਉਨ੍ਹਾਂ ਨੇ ਇਸ ਦੀ ਜਾਣਕਾਰੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਛਿਮਾਹੀ ਰਸਾਲੇ 'ਪੰਜਾਬ ਬੀਤਿਆ ਤੇ ਵਰਤਮਾਨ' (The Punjab Past and Present) ਦੇ ਅਕਤੂਬਰ 1977 ਦੇ ਅੰਕ ਵਿਚ ਦਿੱਤੀ ਹੈ। ਡਾ. ਗੰਡਾ ਸਿੰਘ ਦੀ ਇਸ ਲਿਖਤ ਅਨੁਸਾਰ ਪੰਜਾਬ 'ਚ "ਸਿੱਖ ਰਾਜ ਤੋਂ ਲੈ ਕੇ ਪਿਛਲੀ (19ਵੀਂ) ਸਦੀ ਦੇ ਅੱਧ ਤਕ ਹਿੰਦੂ ਸਿੱਖ ਤਣਾਓ ਨਾਂ ਦੀ ਕੋਈ ਚੀਜ਼ ਨਹੀਂ ਸੀ।"

ਡਾ. ਗੰਡਾ ਸਿੰਘ ਦੇ ਇਸ ਕਥਨ ਦੀ ਪੁਸ਼ਟੀ 'ਜੰਗਨਾਮਾ ਸਿੱਖਾਂ ਤੇ ਫਿਰੰਗੀਆਂ' ਵਿਚ ਪੰਜਾਬੀ ਮੁਸਲਮਾਨ ਕਵੀ ਸ਼ਾਹ ਮੁਹੰਮਦ ਨੇ ਵੀ ਇਸ ਕਾਵਿਬੰਦ ਵਿਚ ਕੀਤੀ ਹੈ,

ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ,
ਸਿਰ ਦੋਹਾਂ ਦੇ ਉਤੇ ਅਫਾਤ ਆਈ।
ਸ਼ਾਹ ਮੁਹੰਮਦਾ ਵਿਚ ਪੰਜਾਬ ਦੇ ਜੀ,
ਕਦੇ ਨਹੀਂ ਸੀ ਤੀਸਰੀ ਜਾਤ ਆਈ।

ਡਾ. ਗੰਡਾ ਸਿੰਘ ਹੁਰੀਂ ਲਿਖਦੇ ਹਨ, "ਇਤਿਹਾਸਕ ਤੌਰ 'ਤੇ ਵੇਖਿਆਂ ਇਸ ਤਣਾਓ ਦਾ ਮੁੱਢ ਆਰੀਆ ਸਮਾਜ ਦੇ ਬਾਨੀ ਸੁਆਮੀ ਦਇਆ ਨੰਦ ਵਲੋਂ ਆਪਣੀ ਪੁਸਤਕ 'ਸਤਿਆਰਥ ਪ੍ਰਕਾਸ਼' (ਜੋ 1875 ਵਿਚ ਛਪੀ, ਜਿਸ ਸਾਲ 10 ਅਪਰੈਲ ਨੂੰ ਬੰਬੇ ਵਿਚ ਪਹਿਲੇ ਆਰੀਆ ਸਮਾਜ ਦੀ ਸਥਾਪਨਾ ਹੋਈ) ਵਿਚ ਗੁਰੂ ਨਾਨਕ ਅਤੇ ਉਸ ਦੇ ਸ਼ਰਧਾਲੂਆਂ ਪ੍ਰਤੀ ਮਾੜੀ ਭਾਸ਼ਾ ਵਰਤਣ ਕਰਕੇ ਬੱਝਾ।" ਡਾ. ਗੰਡਾ ਸਿੰਘ ਨੇ ਇਸੇ ਇਕ ਟਿੱਪਣੀ ਵੀ ਕੀਤੀ ਹੈ, "ਮੈਂ ਕੁੜਿਤਣ ਤੋਂ ਬਚਣ ਲਈ ਸਤਿਆਰਥ ਪ੍ਰਕਾਸ਼ ਦੀ ਉਸ ਛਾਪ ਜਾਂ ਬਾਅਦ ਵਿਚ ਮੁੜ ਸੋਧੀਆਂ ਛਾਪਾਂ ਵਿਚੋਂ ਜ਼ਿਆਦਾ ਟੂਕਾਂ ਨਹੀਂ ਦੇਵਾਂਗਾ।"

ਡਾ. ਗੰਡਾ ਸਿੰਘ ਲਿਖਦੇ ਹਨ, "ਉਸ ਵਿਚ ਸਿੱਖ ਗੁਰੂ ਸਾਹਿਬ ਲਈ ਧੂਰਤ ਸ਼ਬਦ ਵਰਤਿਆ ਗਿਆ ਹੈ, ਜਿਸ ਦਾ ਬੇਟ ਦੇ ਹਿੰਦੀ ਭਾਸ਼ਾ ਕੋਸ਼ ਅਨੁਸਾਰ ਅਰਥ ਹੈ, 'ਠਗ', 'ਧੋਖੇਬਾਜ਼', 'ਦਗੇਬਾਜ਼', 'ਫਰੇਬੀ', 'ਬੇਈਮਾਨ', 'ਮਕਰ', 'ਸ਼ਰਾਰਤੀ', 'ਦੁਸ਼ਟ'। ਸਿੱਖਾਂ ਦੇ ਪਵਿਤਰ ਧਾਰਮਿਕ ਗ੍ਰੰਥ 'ਗੁਰੂ ਗ੍ਰੰਥ ਸਾਹਿਬ' ਦੀ ਬਾਣੀ ਨੂੰ ਮਿਥਿਆ ਤੇ ਸਧਾਰਨ ਲੋਕਾਂ ਤੋਂ ਉਨ੍ਹਾਂ ਦੇ (ਧਨ ਆਦਿਕ ਹਰਨ ਵਾਸਤੇ) ਧਨ ਤੇ ਜਾਇਦਾਦ ਲੁਟਣ ਤੇ ਠਗਣ ਵਾਲਾ ਇਕ ਜਾਲ (ਮੋਹ ਜਾਲ) ਦਸਿਆ ਗਿਆ ਹੈ। ਦੋ ਸਾਲ ਬਾਅਦ (1877) ਸੁਆਮੀ ਦਇਆ ਨੰਦ ਪੰਜਾਬ ਆਇਆ ਅਤੇ ਉਸ ਨੇ ਲਾਹੌਰ ਵਿਚ ਆਰੀਆ ਸਮਾਜ ਸਥਾਪਤ ਕੀਤਾ। ਪੰਜਾਬ ਵਿਚਲੀ ਆਪਣੀ ਫੇਰੀ ਦੌਰਾਨ ਉਸ ਨੇ ਸਿੱਖ ਗੁਰੂਆਂ ਦੀ ਸ਼ਲਾਘਾ ਕੀਤੀ। ਇਸ ਨਾਲ ਕਈ ਸਿੱਖ ਆਰੀਆ ਸਮਾਜ ਵਲ ਖਿਚੇ ਗਏ। ਉਨ੍ਹਾਂ ਵਿਚ ਇਕ ਭਾਈ ਜਵਾਹਰ ਸਿੰਘ ਸੀ, ਜੋ ਬਾਅਦ ਵਿਚ ਲਾਹੌਰ ਆਰੀਆ ਸਮਾਜ ਅਤੇ ਡੀ. ਏ. ਵੀ. ਕਾਲਜ ਦੀ ਪ੍ਰਬੰਧਕ ਕਮੇਟੀ ਦਾ ਸਕੱਤਰ ਬਣਿਆ।"

"ਪੰਜਾਬ ਤੋਂ ਆਪਣੀ ਵਾਪਸੀ ਪਿਛੋਂ ਜਦੋਂ ਸੁਆਮੀ ਦਇਆ ਨੰਦ ਕਾਨਪੁਰ ਠਹਿਰਿਆ ਤਾਂ ਅਜਮੇਰ ਤਹਿਸੀਲ ਦੇ ਸਬ ਇੰਜੀਨੀਅਰ ਭਗਤ ਸਿੰਘ ਨੇ 'ਸਤਿਆਰਥ ਪ੍ਰਕਾਸ਼' ਵਿਚਲੇ ਉਸ ਦੇ ਸਿੱਖਾਂ ਅਤੇ ਸਿੱਖੀ ਬਾਰੇ ਇਤਰਾਜ਼ਯੋਗ ਕਥਨਾਂ ਵਿਰੁਧ ਰੋਸ ਵਜੋਂ ਉਸ ਨੂੰ ਲਿਖਿਆ। ਸਵਾਮੀ ਦਇਆ ਨੰਦ ਨੇ ਉਸ ਨੂੰ ਵਾਪਸੀ ਖੱਤ ਵਿਚ ਇਹ ਕਹਿੰਦਿਆਂ ਲਿਖਿਆ ਕਿ ਪੰਜਾਬ ਵਿਚਲੀ ਆਪਣੀ ਯਾਤਰਾ ਦੌਰਾਨ ਉਸ ਦੇ ਵਿਚਾਰਾਂ ਵਿਚ ਤਬਦੀਲੀ ਆ ਗਈ ਹੈ ਅਤੇ ਕਿਤਾਬ ਦੀ ਅਗਲੀ ਛਾਪ ਵਿਚ ਇਤਰਾਜ਼ਯੋਗ ਕਥਨ ਕੱਢ ਦਿਤੇ ਜਾਣਗੇ; ਪਰ ਕੀਤਾ ਕੁਝ ਵੀ ਨਾ ਗਿਆ।"

"ਸਮੇਂ ਦੇ ਬੀਤਣ 'ਤੇ 'ਸਤਿਆਰਥ ਪ੍ਰਕਾਸ਼' ਦੀ ਦੂਜੀ ਛਾਪ ਦੇ ਛਪਣ ਅਤੇ ਆਰੀਆ ਸਮਾਜ ਵਿਚ ਕੁਝ ਲੋਕਾਂ ਵਧ ਜੋਸ਼ੀਲੇ ਨੌਜਵਾਨਾਂ ਦੇ ਦਾਖਲੇ ਨਾਲ ਆਰੀਆ ਸਮਾਜ ਦੇ ਕੁਝ ਆਗੂਆਂ ਦਾ ਵਤੀਰਾ ਹੋਰ ਵਧ ਦੁਸ਼ਮਣਾਨਾ ਬਣਦਾ ਗਿਆ। ਉਨ੍ਹਾਂ ਦਿਨਾਂ ਦੇ ਆਰੀਆ ਸਮਾਚਾਰ ਮੇਰਠ ਅਤੇ ਆਰੀਆ ਪੱਤ੍ਰਿਕਾ ਲਾਹੌਰ ਦੇ ਕਾਲਮ ਇਸ ਹਕੀਕਤ ਦੀ ਗਵਾਹੀ ਦਿੰਦੇ ਹਨ।...ਸਤਿਆਰਥ ਪ੍ਰਕਾਸ਼ ਦੀ ਦੂਜੀ ਛਾਪ ਹੋਰ ਵੀ ਨਿਰਾਸ਼ਾਜਨਕ ਅਤੇ ਦੁਸ਼ਮਣਾਨਾ ਨਿਕਲੀ। ਇਸ ਵਿਚ ਸਿੱਖ ਗੁਰੂਆਂ, ਸਿੱਖਾਂ ਦੇ ਧਾਰਮਿਕ ਗ੍ਰੰਥਾਂ ਅਤੇ ਆਮ ਸਿੱਖ ਜਨਤਾ ਉਤੇ ਹਮਲਾ ਹੋਰ ਵੱਧ ਸਿੱਧਾ, ਵੱਧ ਜ਼ਹਿਰੀਲਾ ਤੇ ਵੱਧ ਦੁਖਦਾਈ ਸੀ। ਗੁਰੂ ਨਾਨਕ ਨੂੰ ਅਨਪੜ੍ਹ, ਆਤਮ ਘੁਮੰਡੀ ਅਤੇ ਪਾਖੰਡੀ ਦਸਿਆ ਗਿਆ ਸੀ। ਸਿੱਖਾਂ ਦੇ ਪਵਿਤਰ ਗ੍ਰੰਥਾਂ ਦੀ ਨਿਰਾਦਰੀ ਕੀਤੀ ਗਈ ਸੀ। ਸਿੱਖੀ ਦੇ ਚਿੰਨ੍ਹਾਂ ਤੇ ਪਰੰਪਰਾਵਾਂ ਦਾ ਮਖੌਲ ਉਡਾਇਆ ਗਿਆ ਸੀ। ਸਿੱਖਾਂ ਨੂੰ ਆਮ ਤੌਰ 'ਤੇ ਹੰਕਾਰੀ ਅਤੇ ਲਾਲਸਾ ਦੇ ਗੁਲਾਮ ਵਜੋਂ ਪੇਸ਼ ਕੀਤਾ ਗਿਆ ਸੀ।"

ਡਾ. ਗੰਡਾ ਸਿੰਘ ਆਪਣੀ ਲਿਖਤ ਇਸ ਟਿਪਣੀ ਨਾਲ ਖਤਮ ਕਰਦੇ ਹਨ, "ਇਹ ਹਕੀਕੀ ਰੂਪ ਵਿਚ ਪਿਛਲੀ ਸਦੀ ਦੇ ਸੱਤਰਵਿਆਂ ਤੇ ਅਸੀਵਿਆਂ ਵਿਚ ਆਰੀਆ ਸਮਾਜ ਦੇ ਜਨਮ ਤੋਂ ਫੌਰੀ ਬਾਅਦ ਹਿੰਦੂ-ਸਿੱਖ ਤਣਾਓ ਕਿਵੇਂ ਸ਼ੁਰੂ ਹੋਇਆ, ਦਾ ਸੰਖੇਪ ਹੈ।"

ਉਕਤ ਸਾਰਾ ਵੇਰਵਾ ਇਸ ਲਈ ਦਿੱਤਾ ਗਿਆ ਹੈ ਤਾਂ ਕਿ ਮੇਰੀ ਇਸ ਲਿਖਤ ਉਤੇ ਇਹ ਦੋਸ਼ ਨਾ ਲਾਇਆ ਜਾਵੇ ਕਿ ਇਹ ਸਾਰਾ ਕੁਝ ਤਤਕਾਲੀ ਪ੍ਰਸੰਗ ਨਾਲੋਂ ਤੋੜ ਕੇ ਪੇਸ਼ ਕੀਤਾ ਜਾ ਰਿਹਾ ਹੈ। ਭਾਈ ਕਾਨ੍ਹ ਸਿੰਘ ਨਾਭਾ ਦੀ ਲਿਖਤ 'ਹਮ ਹਿੰਦੂ ਨਹੀਂ ਹੈਂ' ਦੀ ਪੇਸ਼ਕਾਰੀ ਆਪਣੇ ਤਤਕਾਲੀ ਪ੍ਰਸੰਗ ਵਿਚ ਠੀਕ ਹੋਣ ਦੇ ਬਾਵਜੂਦ ਅਜੋਕੇ ਪ੍ਰਸੰਗ ਵਿਚ ਇਹ ਬਿਰਤਾਂਤ ਗੁਰਮਤਿ ਫਿਲਾਸਫੀ ਨੂੰ ਛੁਟਿਆਉਣ ਦਾ ਕਾਰਨ ਬਣ ਰਿਹਾ ਹੈ। ਜੂਨ 1984 ਪਿਛੋਂ ਸਿੱਖਾਂ ਦੀ ਵੱਡੀ ਧਿਰ ਆਪਣੀ ਹੋਂਦ 'ਹਮ ਹਿੰਦੂ ਨਹੀਂ ਹੈਂ' ਦੇ ਬਿਰਤਾਂਤ ਵਿਚੋਂ ਲਭ ਰਹੀ ਹੈ। ਉਸ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਕਿ ਗੁਰੂ ਸਾਹਿਬ ਨੇ ਸਿੱਖ ਪੰਥ ਦੀ ਸਿਰਜਣਾ ਇਸ ਤੋਂ ਕਿਤੇ ਵੱਡੇ ਨਿਸ਼ਾਨੇ ਨੂੰ ਮੁੱਖ ਰੱਖ ਕੇ ਕੀਤੀ ਹੈ। 'ਆਪ ਮੁਕਤੁ ਮੁਕਤੁ ਕਰੈ ਸੰਸਾਰੁ' ਦੇ ਨਿਸ਼ਾਨੇ ਨੂੰ ਮੁੱਖ ਰਖ ਕੇ ਸਿਰਜੇ ਗਏ ਪੰਥ ਨੂੰ ਜਦੋਂ ਆਪਣੇ ਆਪ ਨੂੰ 'ਹਮ ਹਿੰਦੂ ਨਹੀਂ ਹੈਂ' ਦੇ ਪ੍ਰਸੰਗ ਵਿਚੋਂ ਆਪਣੀ ਹੋਂਦ ਦਾ ਨਿਰਣਾ ਕਰਦਿਆਂ ਵੇਖੀਦਾ ਹੈ ਤਾਂ ਇਹ ਬੜਾ ਮੰਦਭਾਗਾ ਜਾਪਦਾ ਹੈ। ਬੇਸ਼ਕ ਭਾਈ ਕਾਨ੍ਹ ਸਿੰਘ ਨਾਭਾ ਦੀ ਲਿਖਤ ਖੁਦ ਆਪਣੀ ਇਸ ਸੀਮਤਾਈ ਬਾਰੇ ਸੁਚੇਤ ਹੈ।

1898 ਵਿਚ ਛਪੇ ਇਸ ਲਿਖਤ ਦੇ ਪਹਿਲ ਐਡੀਸ਼ਨ ਦੇ ਮੁਖ ਸਫੇ ਉਤੇ ਗੁਰੂ ਗ੍ਰੰਥ ਸਾਹਿਬ ਦੀ ਇਹ ਤੁਕ ਛਪੀ ਹੈ, "ਹਮਰਾ ਝਗਰਾ ਰਹਾ ਨ ਕੋਊ॥ ਪੰਡਿਤ ਮੁਲਾ ਛਾਡੇ ਦੋਊ॥" ਇਸ ਦੇ ਨਾਲ ਹੀ ਭਾਈ ਗੁਰਦਾਸ ਦੀ ਇਹ ਟੂਕ ਛਪੀ ਹੈ, "ਕੀਤੋਸੁ ਅਪਣਾ ਪੰਥ ਨਿਰਾਲਾ।" ਸਾਰੀ ਲਿਖਤ ਅੰਦਰ ਅਨੇਕ ਹਵਾਲੇ ਸਿੱਖੀ ਦੇ ਨਿਆਰੇਪਣ ਨੂੰ ਸਪਸ਼ਟ ਕਰਦੇ ਹਨ: 1. ਨਾ ਹਮ ਹਿੰਦੂ ਨ ਮੁਸਲਮਾਨ॥ (ਭੈਰਉ ਕਬੀਰ ਜੀ) 2. ਪੰਡਿਤ ਮੁਲਾਂ ਜੋ ਲਿਖਿ ਦੀਆ॥ ਛਾਡਿ ਚਲੇ ਹਮ ਕਛੂ ਨ ਲੀਆ॥ (ਭੈਰਉ ਕਬੀਰ ਜੀ) 3. ਭਾਈ ਮਨੀ ਸਿੰਘ ਜੀ ਗਯਾਨ ਰਤਨਾਵਲੀ ਵਿਚ ਲਿਖਦੇ ਹਨ-ਬਾਬੇ ਨੂੰ ਹਾਜੀਆਂ ਨੇ ਪੁਛਿਆ, "ਹੇ ਫਕੀਰ! ਤੂੰ ਹਿੰਦੂ ਹੈਂ ਕਿ ਮੁਸਲਮਾਨ?" ਤਾਂ ਬਾਬਾ ਬੋਲਿਆ, "ਮੈਂ ਹਿੰਦੂ ਮੁਸਲਮਾਨ-ਦੋਹਾਂ ਦਾ ਗਵਾਹ ਹਾਂ।" 4. ਖਾਲਸਾ ਹਿੰਦੂ ਮੁਸਲਮਾਨ ਕੀ ਕਾਣ ਕੋ ਮੇਟੇ। (ਰਹਿਤਨਾਮਾ ਭਾਈ ਦਯਾ ਸਿੰਘ) 5. ਸਿਧਾਂਤ

***(ਬਾਕੀ ਅਗਲੇ ਸਫੇ 'ਤੇ)***

# ਤੁਰ ਗਿਆ ਨਿਰਛਲ ਨਾਨਕ-ਲੇਵਾ ਮਾਰਕਸੀ ਚਿੰਤਕ ਗੁਰਬਚਨ ਸਿੰਘ

***ਉਘੇ ਵਿਦਵਾਨ ਗੁਰਬਚਨ ਸਿੰਘ ਦੇ ਅਚਾਨਕ ਵਿਛੋੜੇ ਨਾਲ ਕਦੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਆਪਣੇ ਵੇਲਿਆਂ ਨੂੰ ਸਮਝਣ-ਸਮਝਾਉਣ ਲਈ ਲਗਾਤਾਰ ਪੜ੍ਹਿਆ, ਲਿਖਿਆ ਅਤੇ ਵਿਚਾਰਿਆ। 'ਪੰਜਾਬ ਟਾਈਮਜ਼' ਲਈ ਉਹ ਲਗਾਤਾਰ ਆਪਣੀਆਂ ਰਚਨਾਵਾਂ ਭੇਜਦੇ ਰਹੇ। ਇਸ ਸ਼ਰਧਾਂਜਲੀ ਲੇਖ ਵਿਚ ਹਜ਼ਾਰਾ ਸਿੰਘ ਮਿਸੀਸਾਗਾ ਨੇ ਉਨ੍ਹਾਂ ਦੇ ਜੀਵਨ ਦੇ ਕੁਝ ਪੱਖ ਸਾਂਝੇ ਕੀਤੇ ਹਨ।***

**ਹਜ਼ਾਰਾ ਸਿੰਘ ਮਿਸੀਸਾਗਾ**
**ਫੋਨ: (905) 795-3428**

ਕਈ ਬੋਲ ਗਏ ਸ਼ਾਖ ਉਮਰ ਦੀ ਤੇ
ਇਥੇ ਆਹਲਣਾ ਕਿਸੇ ਨਾ ਪਾਇਆ ਈ

ਵਾਰਿਸ ਦੇ ਇਹ ਅਮਰ ਬੋਲ ਮੇਰੇ ਜ਼ਿਹਨ ਵਿਚ ਦੀ ਘੁੰਮ ਗਏ ਜਦ ਗੁਰਦਿਆਲ ਬੱਲ ਨੇ ਗੁਰਬਚਨ ਸਿੰਘ ਬਾਰੇ ਗੱਲ ਕਰਦਿਆਂ ਦੱਸਿਆ ਕਿ ਉਸਦੀ ਪੰਦਰਾਂ ਕੁ ਦਿਨ ਪਹਿਲਾਂ ਗੁਰਬਚਨ ਸਿੰਘ ਨਾਲ ਲੰਮੀ ਗੱਲਬਾਤ ਹੋਈ ਸੀ। ਬੱਲ ਦੇ ਦੱਸਣ ਅਨੁਸਾਰ ਉਹ ਪੂਰੀ ਤਰ੍ਹਾਂ ਠੀਕ-ਠਾਕ ਸੀ ਅਤੇ ਕਿਤੇ ਵੀ ਕੋਈ ਸੰਕੇਤ ਨਹੀਂ ਮਿਲਿਆ ਕਿ ਉਹ ਐਨੀ ਜਲਦੀ ਦੁਨਿਆਵੀ ਪੰਧ ਮੁਕਾ ਕੇ ਅਗਲੇ ਸਫਰ ਦਾ ਪਾਂਧੀ ਬਣ ਜਾਏਗਾ।

ਗੁਰਬਚਨ ਸਿੰਘ ਮੰਝਿਆ ਹੋਇਆ ਵਿਦਵਾਨ, ਸੁਲਝਿਆ ਲਿਖਾਰੀ ਅਤੇ ਇਨਸਾਨੀਅਤ ਦੇ ਚੰਗੇ ਗੁਣਾਂ ਵਾਲਾ ਦਾਨਿਸ਼ਵਰ ਇਨਸਾਨ ਸੀ। ਉਹ 'ਪੰਜਾਬ ਟਾਈਮਜ਼' ਵਿਚ ਲੰਮੇ ਸਮੇਂ ਤੋਂ ਲਗਾਤਾਰ ਲਿਖ ਰਿਹਾ ਸੀ। ਉਸ ਦੇ ਜਾਣ ਨਾਲ ਪੰਜਾਬੀ ਦੇ ਵਿਦਵਤਾ ਭਰਪੂਰ ਲੇਖਣੀ ਸੰਸਾਰ ਵਿਚ ਖੱਪਾ ਪੈ ਗਿਆ ਹੈ। ਗੁਰਬਚਨ ਸਿੰਘ ਵਰਗੇ ਬਹੁ-ਪੱਖਾਂ ਦੇ ਜਾਣੂ ਲਿਖਾਰੀਆਂ ਦੀ ਪੰਜਾਬੀ ਜਗਤ ਵਿਚ ਉਂਝ ਹੀ ਘਾਟ ਹੈ। ਉਸਦੇ ਜਾਣ ਨਾਲ ਇਹ ਘਾਟ ਹੋਰ ਵੀ ਵੱਧ ਮਹਿਸੂਸ ਹੋਵੇਗੀ।

ਗੁਰਬਚਨ ਸਿੰਘ ਨੇ ਨੀਝ ਲਾ ਕੇ ਦੇਸ਼-ਵਿਦੇਸ਼ ਦਾ ਸਾਹਿਤ ਪੜ੍ਹਿਆ, ਮਾਰਕਸੀ ਅਤੇ ਸਿੱਖ ਫਲਸਫੇ ਦਾ ਡੂੰਘਾ ਅਧਿਐਨ ਕੀਤਾ। ਉਹ ਰਾਜਸੀ ਕਾਰਕੁਨ ਵਜੋਂ ਵਿਚਰਿਆ। ਨਕਸਲੀ, ਮਾਰਕਸੀ ਅਤੇ ਸਿੱਖ ਲਹਿਰਾਂ ਦੇ ਕਰੀਬ ਵਿਚਰ ਕੇ ਰਾਜਸੀ ਅਮਲ ਦੀ ਸੋਝੀ ਹਾਸਿਲ ਕੀਤੀ। ਇਸੇ ਅਧਿਐਨ ਅਤੇ ਸੋਝੀ ਨੂੰ ਉਸਨੇ ਆਪਣੀਆਂ ਲਿਖਤਾਂ ਵਿਚ ਉਤਾਰਿਆ। ਉਸ ਦੀਆਂ ਲਿਖਤਾਂ ਕਈ ਵਿਚਾਰਾਂ ਅਤੇ ਵਿਚਾਰਧਾਰਾਵਾਂ ਦਾ ਸੰਗਮ ਪੈਦਾ ਕਰਨ ਵਾਲੀ ਬਾਰੀਕ ਸੂਝ ਨਾਲ ਗੁੰਦੀਆਂ ਹੋਣ ਕਾਰਨ 'ਵਾਰਿਸ ਸ਼ਾਹ ਮੀਆਂ ਲੋਕਾਂ ਭੋਲਿਆਂ ਨੂੰ, ਕਿੱਸਾ ਜੋੜ ਹੁਸ਼ਿਆਰ ਸੁਣਾਇਆ ਈ' ਵਾਂਗ ਹੁੰਦੀਆਂ ਹਨ।

ਉਸ ਨੇ ਮਾਰਕਸ ਅਤੇ ਸਿੱਖ ਫਲਸਫੇ ਦੀ ਸਾਂਝ ਨੂੰ ਸਮਾਜ ਭਲਾਈ ਦਾ ਆਧਾਰ ਜਾਣ ਕੇ ਲੇਖ ਲਿਖੇ। ਉਸਨੇ ਸਿੱਖ ਫਲਸਫੇ ਦੇ ਆਧਾਰ 'ਜਿਥੇ ਨੀਚ ਸਮਾਲੀਅਨਿ, ਤਿਥੇ ਨਦਰਿ ਤੇਰੀ ਬਖਸੀਸ' ਦੀ ਅਹਿਮੀਅਤ ਨੂੰ ਸਮਝ ਕੇ ਦਲਿਤਾਂ ਅਤੇ ਸਿੱਖਾਂ ਦੀ ਸਾਂਝ ਉਸਾਰਨ ਦਾ ਜ਼ੋਰਦਾਰ ਬਿਰਤਾਂਤ ਉਸਾਰਿਆ। ਇਸ ਪ੍ਰਥਾਇ ਅਮਲੀ ਯਤਨ ਵੀ ਕੀਤੇ। ਉਸਦੇ ਯਤਨਾਂ ਵਜੋਂ ਬਹੁਜਨ ਸਮਾਜ ਪਾਰਟੀ ਅਤੇ ਅਕਾਲੀ ਦਲ ਨੇ ਰਾਜਸੀ ਗੱਠਜੋੜ ਵੀ ਉਸਾਰਿਆ। ਉਸਦੇ ਬਹੁ-ਫਲਸਫਿਆਂ ਦੇ ਬਾਰੀਕਬੀਨੀ ਨਾਲ ਕੀਤੇ ਅਧਿਐਨ ਨੇ ਉਸ ਦੀਆਂ ਲਿਖਤਾਂ ਨੂੰ ਬਹੁ-ਪੱਖੀ ਅਤੇ ਬਹੁ-ਰੰਗੀ ਬਣਾਇਆ। ਜਦ ਉਹ ਆਪਣੀਆਂ ਲਿਖਤਾਂ ਵਿਚ ਮਾਰਕਸੀ ਅਤੇ ਸਿੱਖ ਫਲਸਫੇ ਦੀ ਸਾਂਝ ਦੀਆਂ ਤਰਬਾਂ ਛੇੜਦਾ ਜਾਂ ਸਿੱਖ ਫਲਸਫੇ ਅਤੇ ਦਲਿਤਾਂ ਦੀ ਸਾਂਝ ਦੇ ਬਿਰਤਾਂਤ ਨੂੰ ਸੁਰ ਬੱਧ ਕਰਦਾ ਹੈ ਤਾਂ ਉਹ ਦਰਵੇਸ਼ ਵਿਦਵਾਨ, ਰਾਂਝੇ ਦੀ ਨਿਆਈਂ ਪੰਜਾਂ ਪੀਰਾਂ ਅੱਗੇ



'ਕਦੇ ਊਧੋ ਤੇ ਕਾਹਨ ਦੇ ਬਿਸ਼ਨਪਦੇ,
ਕਦੀ ਮਾਝ ਪਹਾੜ ਦੀ ਲਾਂਵਦਾ ਹੈ।
ਕਦੇ ਧੁਰਪਤਾਂ ਨਾਲ ਕਬਿੱਤ ਛੋਹੇ,
ਕਦੀ ਸੋਹਲੇ ਨਾਲ ਰਲਾਵੰਦਾ ਹੈ'

ਨਰੋਏ ਸਮਾਜ ਦੀ ਸਿਰਜਣਾ ਦਾ ਰਾਗ ਅਲਾਪਦਾ ਜਾਪਦਾ ਹੈ।

ਕਿਤਾਬਾਂ, ਅਖਬਾਰੀ ਲੇਖ ਅਤੇ ਸੰਪਾਦਕੀਆਂ ਲਿਖਣ ਦੇ ਨਾਲ ਨਾਲ ਉਹ ਚੰਗਾ ਬੁਲਾਰਾ ਵੀ ਸੀ। ਕਈ ਫਲਸਫਿਆਂ ਦਾ ਗਿਆਨਵਾਨ ਅਤੇ ਕਈ ਰਾਜਸੀ ਧਾਰਾਵਾਂ ਤੇ ਲਹਿਰਾਂ ਦਾ ਜਾਣੂ ਹੋਣ ਕਾਰਨ ਉਸਦੀ ਗੱਲਬਾਤ ਕਈ ਵੰਨਗੀਆਂ ਦੇ ਗਿਆਨ ਵਾਲੀ ਅਤੇ ਬਹੁ-ਰੰਗੀ ਸੀ। ਸੁਣਨ ਵਾਲਿਆਂ ਲਈ ਉਹ 'ਉਹਦੇ ਬੋਲਿਆਂ ਮੁੱਖ ਤੋਂ ਫੁੱਲ ਕਿਰਦੇ, ਲੱਖ ਲੱਖ ਦੇ ਸੱਦ ਉਹ ਲਾਂਵਦਾ ਈ'' ਵਾਂਗ ਸੀ।

ਗੁਰਬਚਨ ਸਿੰਘ ਲਕੀਰ ਦੇ ਫਕੀਰ ਬਣਨ ਦੀ ਥਾਂ ਮੌਲਿਕ ਵਿਚਾਰ ਨੂੰ ਉਭਾਰਨ ਅਤੇ ਉਸਾਰਨ 'ਤੇ ਜ਼ੋਰ ਜ਼ਰੂਰ ਦਿੰਦਾ ਹੈ। ਜਿਵੇਂ ਉਹ ਆਪਣੇ ਇੱਕ ਲੇਖ ਵਿਚ ਸਿੱਖਾਂ ਨੂੰ 'ਹਮ ਹਿੰਦੂ ਨਹੀ' ਦੇ ਨਾਂਹਵਾਚੀ ਪ੍ਰਵਚਨ ਦੀ ਥਾਂ ਆਪਣੇ ਸਿੱਖ ਹੋਣ ਦੇ ਹਾਂ ਵਾਚੀ ਮੌਲਿਕ ਪ੍ਰਵਚਨ ਉਸਾਰਨ ਲਈ ਆਖਦਾ ਹੈ। ਇਸੇ ਤਰ੍ਹਾਂ ਦੇ ਵਿਚਾਰ ਵਿਚ ਹੀ ਉਹ ਖਾਲਿਸਤਾਨ ਦੇ ਆਰੀਆ ਸਮਾਜੀ ਸੌੜੇ ਬਿਰਤਾਂਤ ਦੀ ਥਾਂ ਰਾਜ ਕਰੇਗਾ ਖਾਲਸਾ ਦਾ ਮੋਕਲਾ ਬਿਰਤਾਂਤ ਉਸਾਰਨ ਦੀ ਗੱਲ ਕਰਦਾ ਹੈ।

ਪੰਜਾਬ ਦੇ ਰਾਜਸੀ ਮਾਹੌਲ ਵਿਚ ਠੋਸ ਬਿਰਤਾਂਤ ਦੀ ਘਾਟ ਰਹੀ ਹੈ। ਭਾਵੁਕਤਾ ਦੀਆਂ ਹਨੇਰੀਆਂ ਵਿਚ ਕਈ ਬਿਰਤਾਂਤ ਬਿਖਰਦੇ ਰਹੇ ਹਨ ਅਤੇ ਵਕਤੀ ਤੌਰ 'ਤੇ ਕਈ ਥੋੜ੍ਹ ਚਿਰੇ ਭਾਵੁਕ ਬਿਰਤਾਂਤ ਉਸਰਦੇ ਵੀ ਰਹੇ ਹਨ। ਇਨ੍ਹਾਂ ਭਾਵੁਕ ਹਨੇਰੀਆਂ ਵਿਚ ਹੋਰਾਂ ਵਾਂਗ ਗੁਰਬਚਨ ਸਿੰਘ ਵੀ ਕਈ ਵਾਰ ਸਥਿਰ ਨਹੀਂ ਰਿਹਾ। ਨਤੀਜੇ ਵਜੋਂ ਦੀਪ ਸਿੱਧੂ ਅਤੇ ਅੰਮ੍ਰਿਤਪਾਲ ਸਿੰਘ ਵਰਗੇ ਵਰਤਾਰੇ ਵਾਪਰਨੇ ਜਾਰੀ ਹਨ। ਇਹੋ ਜਿਹੇ ਵਰਤਾਰਿਆਂ ਨੂੰ ਸੰਜੀਦਾ ਬਿਰਤਾਂਤ ਵਿਚ ਤਬਦੀਲ ਕਰਨ ਲਈ ਗੁਰਬਚਨ ਸਿੰਘ ਵਰਗੇ ਲਿਖਾਰੀਆਂ ਦਾ ਭਾਵੁਕਤਾ ਤੋਂ ਉੱਪਰ ਬਣੇ ਰਹਿਣਾ ਬੜਾ ਜ਼ਰੂਰੀ ਹੁੰਦਾ ਹੈ ਪਰ ਅਫਸੋਸ ਕਿ ਉਹ ਆਪਣੀ ਜਾਦੂਮਈ ਨਿਰਛਲਤਾ ਤੇ ਸੁਘੜਤਾ ਦੇ ਬਾਵਜੂਦ ਇਸ ਤਰਾਜੂ 'ਤੇ ਖਰੇ ਉਤਰ ਨਾ ਸਕੇ। 'ਗੁਰੂ ਨਾਨਕ ਦਾ ਧਰਮ: 21ਵੀਂ ਸਦੀ ਦਾ ਸੰਸਾਰ ਧਰਮ' ਉਨ੍ਹਾਂ ਦੀ ਬੜੀ ਹੀ ਗੂੜ੍ਹ ਪੁਸਤਕ ਹੈ। ਹੈਰਾਨੀ ਹੁੰਦੀ ਹੈ ਜਦੋਂ ਅਜਿਹਾ ਗੁਣੀ ਵਿਦਵਾਨ ਆਪਣੀਆਂ ਫੇਸਬੁਕ ਪੋਸਟਾਂ ਉਪਰ 'ਦਇਆ ਆਧਾਰਿਤ ਖਾਲਸਾ ਰਾਜ' ਦੀ ਵਿਆਖਿਆ ਕਰਦਿਆਂ ਇਹ ਕਹਿਣ ਤਕ ਚਲਿਆ ਜਾਂਦਾ ਹੈ: 'ਭਾਈ ਅੰਮ੍ਰਿਤਪਾਲ ਸਿੰਘ ਨੇ ਜਪੁਜੀ ਸਾਹਿਬ ਦੇ ਮਹਾਂਵਾਕਿ 'ਧੌਲੁ ਧਰਮੁ ਦਇਆ ਕਾ ਪੂਤੁ' ਨੂੰ ਦੁਹਰਾਉਂਦਿਆਂ ਖਾਲਸਾ ਰਾਜ ਦੇ ਨਿਸ਼ਾਨੇ ਨੂੰ ਇਹ ਦੱਸ ਕੇ ਸਪਸ਼ਟ ਕੀਤਾ ਕਿ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਾਂਗ ਸਾਡਾ ਰਾਜ 'ਦਇਆ' 'ਤੇ ਆਧਾਰਿਤ ਹੋਵੇਗਾ ਕਿਉਂਕਿ ਦਇਆ ਤੇ ਸੰਤੋਖ ਦੋ ਮੂਲ ਜਜ਼ਬੇ ਹਨ ਜਿਨ੍ਹਾਂ ਦੇ ਆਧਾਰ 'ਤੇ ਹੀ ਹੁਣ ਤਕ ਦੀ ਇਨਸਾਨੀ ਸਭਿਅਤਾ ਵਿਕਸਤ ਹੋਈ ਹੈ। ਗੁਰੂ ਨਾਨਕ ਪਾਤਿਸ਼ਾਹ ਦਾ ਧਰਮ ਇਨ੍ਹਾਂ ਦੋ ਮਨੁਖੀ ਜਜ਼ਬਿਆਂ 'ਤੇ ਹੀ ਖੜ੍ਹਾ ਹੈ: ਪਾਠਕ ਖੁਦ ਹੀ ਅੰਦਾਜ਼ਾ ਲਗਾ ਲੈਣ ਕਿ ਭਾਈ ਅੰਮ੍ਰਿਤਪਾਲ ਸਿੰਘ ਦੀ ਬੋਲ-ਬਾਣੀ ਮੂਲ ਬਾਣੀ ਨਾਲ ਵਿਦਵਾਨ ਸੱਜਣ ਦਾ ਇਹ ਫਤਵਾ ਕਿੰਨਾ ਕੁ ਮੇਲ ਖਾਂਦਾ ਹੈ?

ਗੁਰਬਚਨ ਸਿੰਘ ਨੇ 'ਪੰਜਾਬ ਟਾਈਮਜ਼' ਵਿਚ ਪਿਛਲੇ ਕਈ ਵਰ੍ਹਿਆਂ ਤੋਂ ਛਪਦੇ ਆ ਰਹੇ ਆਪਣੇ ਅਨੇਕਾਂ ਲੇਖਾਂ ਵਿਚ ਇਹ ਗੱਲ ਕਈ ਵਾਰ ਕਹੀ ਹੈ ਕਿ ਪੰਜਾਬ ਦੇ ਸਭ ਧਿਰਾਂ ਨਾਲ ਸਬੰਧਿਤ ਸਾਰੇ ਹੀ ਕਮਿਊਨਿਸਟ ਸਿਰੇ ਦੇ ਉਜੱਡ ਸਨ; ਇਨ੍ਹਾਂ ਨੇ ਕਾਰਲ ਮਾਰਕਸ ਦੀ ਫਿਲਾਸਫੀ ਨੂੰ ਕੀ ਸਮਝਣਾ ਸੀ, ਇਨ੍ਹਾਂ ਦੇ 'ਪਿਤਾਮਾ' ਕਾਮਰੇਡ ਲੈਨਿਨ ਜਾਂ ਕਾਮਰੇਡ ਮਾਓਜ਼ੇ-ਤੁੰਗ ਨੇ ਵੀ ਆਪਣੇ ਅਮਲਾਂ ਰਾਹੀਂ ਮਾਰਕਸੀ ਫਿਲਾਸਫੀ ਦਾ ਕਬਾੜਾ ਹੀ ਕੀਤਾ ਪਰ ਇਸ ਪ੍ਰਥਾਇ ਜੇ ਉਨ੍ਹਾਂ ਨੂੰ ਇਹ ਸਵਾਲ ਪੁੱਛਿਆ ਜਾਂਦਾ ਕਿ ਉਨ੍ਹਾਂ ਨੂੰ ਗੁਰਬਾਣੀ ਅਤੇ ਮਾਰਕਸਵਾਦ ਦੀ ਰੂਹ ਤਕ ਸਮਝ ਸੀ ਤਾਂ ਉਨ੍ਹਾਂ ਨੇ ਖੁਦ ਆਪਣੇ ਪੁਰਾਣੇ ਕਾਮਰੇਡ ਸਾਥੀਆਂ ਅਤੇ ਜੋਗਿੰਦਰ ਸਿੰਘ ਉਗਰਾਹਾਂ ਵਰਗੇ ਸਿੱਧੇ-ਸਾਦੇ ਕਿਸਾਨ ਨੇਤਾਵਾਂ ਨੂੰ ਫਿਟਕਾਰਾਂ ਪਾਈ ਜਾਣ ਤੋਂ ਬਿਨਾ ਖੁਦ ਇਨ੍ਹਾਂ ਦੋਹਾਂ ਫਲਸਫਿਆਂ ਨੂੰ ਅਮਲ ਵਿਚ ਉਤਾਰਨ ਲਈ ਕਿਹੜੀ ਕਾਮਯਾਬੀ ਹਾਸਲ ਕੀਤੀ, ਤਾਂ ਉਹ ਖਾਮੋਸ਼ ਹੋ ਜਾਂਦੇ ਸਨ। 'ਪੰਜਾਬ ਟਾਈਮਜ਼' ਦੇ ਪੰਨਿਆਂ ਵਿਚ ਹੀ ਹਰਚਰਨ ਸਿੰਘ ਪਰਹਾਰ ਅਤੇ ਕਰਮ ਬਰਸਟ ਨੇ ਆਪਣੇ ਲੇਖਾਂ ਰਾਹੀਂ ਜਦੋਂ ਉਨ੍ਹਾਂ ਨੂੰ ਅਜਿਹੇ ਸਵਾਲ ਪੁੱਛੇ ਤਾਂ ਉਹ ਕਿਸੇ ਦੀ ਤਸੱਲੀ ਨਾ ਕਰਵਾ ਸਕੇ। ਅਫ਼ਸੋਸ! ਇਨ੍ਹਾਂ ਸਵਾਲਾਂ ਦੇ ਜਵਾਬ ਹੁਣ ਉਨ੍ਹਾਂ ਕਦੀ ਵੀ ਨਹੀਂ ਦੇ ਸਕਣਾ।

ਫਿਰ ਵੀ ਮੌਜੂਦਾ ਮਾਹੌਲ ਦੇ ਸਨਮੁੱਖ ਗੁਰਬਚਨ ਸਿੰਘ ਦਾ ਬੇਵਕਤ ਜਾਣਾ ਬਹੁਤ ਵੱਡਾ ਘਾਟਾ ਹੈ।

'ਬਾਗ ਛੱਡ ਗਏ ਗੋਪੀ ਚੰਦ ਜਿਹੇ,
ਸ਼ੱਦਾਦ ਫਿਰਊਨ ਕਿਹਾ ਗਿਆ।
ਉਹ ਵੀ ਇਸ ਜਹਾਨ ਤੇ ਰਿਹਾ ਨਾਹੀ,
ਜਿਹੜਾ ਆਪ ਖੁਦਾ ਕਿਹਾ ਗਿਆ।'

ਗੁਰਬਚਨ ਸਿੰਘ ਆਪਣਾ ਜਨਮ ਸਫਲ ਕਰ ਕੇ ਅਗਲੇ ਸਫਰ 'ਤੇ ਤੁਰ ਗਏ ਹਨ। ਪਰਿਵਾਰ ਦੇ ਨਿੱਜੀ ਘਾਟੇ ਲਈ ਉਨ੍ਹਾਂ ਦੇ ਪਰਿਵਾਰ ਨਾਲ ਹਮਦਰਦੀ ਹੈ। ਉਨ੍ਹਾਂ ਦੇ ਪਾਠਕਾਂ ਨਾਲ ਵੀ ਹਮਦਰਦੀ ਹੈ ਜਿਨ੍ਹਾਂ ਨੂੰ ਹੁਣ ਉਨ੍ਹਾਂ ਦੀਆਂ ਲਿਖਤਾਂ ਪੜ੍ਹਨ ਨੂੰ ਨਹੀਂ ਮਿਲਣਗੀਆਂ। ਅਲਵਿਦਾ ਗੁਰਬਚਨ ਸਿੰਘ ਜੀਓ।

---

*(ਪਿਛਲੇ ਸਫੇ ਦੀ ਬਾਕੀ)*

# 'ਹਮ ਹਿੰਦੂ ਨਹੀਂ ਹੈਂ' ਦਾ ਸਿੱਖ ਬਿਰਤਾਂਤ ਬਦਲਣ ਦੀ ਲੋੜ

ਗੁਰੂ ਸਾਹਿਬ ਦਾ ਇਹ ਹੈ ਕਿ ਜਿਸ ਦੇਸ ਦੇ ਲੋਕ ਅਖਲਾਕ ਤੋਂ ਡਿੱਗ ਕੇ ਖੁਸ਼ਾਮਦ, ਡਰ ਔਰ ਲਾਲਚ ਪਿਛੇ ਆਪਣਾ ਧਰਮ ਹਾਰ ਦਿੰਦੇ ਹਨ, ਉਹ ਮਹਾਂ ਅਧਰਮੀ ਔਰ ਕਮੀਨੇ ਸਮਝੇ ਜਾਂਦੇ ਹਨ।

ਏਨੀ ਸਪਸ਼ਟਤਾ ਦੇ ਬਾਵਜੂਦ 120 ਸਾਲ ਪਿਛੋਂ ਵੀ ਇਹ ਲਿਖਤ ਇਹੀ ਬਿਰਤਾਂਤ ਸਿਰਜ ਰਹੀ ਹੈ; ਸਗੋਂ ਜੂਨ 1984 ਦੇ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ 'ਤੇ ਹੋਏ ਫੌਜੀ ਹਮਲੇ ਨੇ ਇਸ ਬਿਰਤਾਂਤ ਨੂੰ ਸਿੱਖ ਮਨਾਂ ਵਿਚ ਹੋਰ ਵੀ ਗੂੜ੍ਹਾ ਕਰ ਦਿਤਾ ਹੈ; ਕਿਉਂਕਿ ਇਹ ਮੰਨ ਲਿਆ ਗਿਆ ਹੈ ਕਿ ਦਿੱਲੀ ਸਰਕਾਰ ਹਿੰਦੂਆਂ ਦੀ ਸਰਕਾਰ ਹੈ। ਫਿਰ ਜਿਵੇਂ ਧਰਮ ਯੁਧ ਮੋਰਚੇ ਨੂੰ ਹਿੰਦੂ-ਸਿੱਖ ਮਸਲਾ ਬਣਾ ਕੇ ਪੇਸ਼ ਕੀਤਾ ਗਿਆ, ਉਸ ਨੇ ਵੀ ਸਿੱਖ ਮਨਾਂ ਵਿਚ ਇਸ ਧਾਰਨਾ ਨੂੰ ਹੋਰ ਦ੍ਰਿੜ ਕੀਤਾ ਹੈ। ਇਸ ਧਾਰਨਾ ਨੇ ਪੰਜਾਬ ਦੇ ਦੋ ਭਾਈਚਾਰਿਆਂ ਵਿਚ ਦਰਾਰ ਪੈਦਾ ਕੀਤੀ ਹੈ ਅਤੇ ਤੀਜਾ ਭਾਈਚਾਰਾ ਸਾਰੇ ਦ੍ਰਿਸ਼ ਵਿਚੋਂ ਹੀ ਅਲੋਪ ਹੋ ਗਿਆ ਹੈ। ਸਿੱਖੀ ਵਿਰੋਧੀ ਧਿਰਾਂ ਨੂੰ ਇਹ ਦਰਾਰ ਰਾਜਸੀ ਤੌਰ 'ਤੇ ਬਹੁਤ ਰਾਸ ਆਉਂਦੀ ਹੈ, ਪਰ ਸਿੱਖ ਧਿਰਾਂ ਦੀ ਨਾ ਸਿਰਫ ਇਹ ਰਾਜਸੀ ਸਗੋਂ ਸਿਧਾਂਤਕ ਲੋੜ ਹੈ ਕਿ ਉਹ ਮੌਜੂਦਾ ਆਲਮੀ ਪ੍ਰਸੰਗ ਵਿਚ ਗੁਰਮਤਿ ਦੇ ਇਸ ਤੋਂ ਕਿਤੇ ਵੱਡੇ ਅਤੇ ਮੌਲਿਕ ਨਿਸ਼ਾਨੇ ਨੂੰ ਪ੍ਰਗਟ ਕਰਨ ਤਾਂ ਕਿ ਸਰਬਪੱਖੀ ਸੰਕਟ ਵਿਚ ਘਿਰੀ ਮਨੁੱਖ ਜਾਤੀ ਗੁਰਮਤਿ ਗਿਆਨ ਤੋਂ ਕੋਈ ਸੇਧ ਲੈ ਸਕੇ। ਗੁਰਮਤਿ ਦੇ ਵੱਡੇ ਤੇ ਮੌਲਿਕ ਨਿਸ਼ਾਨੇ ਨੂੰ ਪ੍ਰਗਟ ਕਰਕੇ ਹੀ ਸਿੱਖ ਪੰਜਾਬ ਨੂੰ ਕੋਈ ਨਵੀਂ ਰਾਜਨੀਤਕ ਦਿਸ਼ਾ ਦੇਣ ਦੇ ਯੋਗ ਹੋ ਸਕਣਗੇ।

ਗੁਰੂ ਨਾਨਕ ਸਾਹਿਬ ਦੇ ਸੁਲਤਾਨਪੁਰ ਲੋਧੀ ਵਿਖੇ ਵੇਈਂ ਵਿਚ ਟੁੱਭੀ ਲਾਉਣ ਦੇ ਸਮੇਂ ਨਾਲ ਇਕ ਸਾਖੀ ਜੁੜੀ ਹੋਈ ਹੈ। ਜਦੋਂ ਗੁਰੂ ਸਾਹਿਬ ਤਿੰਨ ਦਿਨ ਬਾਅਦ ਵੇਈਂ ਵਿਚੋਂ ਬਾਹਰ ਆਏ ਤਾਂ ਉਨ੍ਹਾਂ ਦੇ ਪਹਿਲੇ ਸ਼ਬਦ ਸਨ, "ਨਾ ਕੋ ਹਿੰਦੂ ਨ ਮੁਸਲਮਾਨ॥" ਸਪਸ਼ਟ ਹੈ ਕਿ ਗੁਰੂ ਸਾਹਿਬ ਸਿੱਖੀ ਦੇ ਨਿਆਰੇਪਣ ਦਾ ਉਸ ਵੇਲੇ ਦੇ ਪ੍ਰਚਲਿਤ ਦੋਹਾਂ ਵੱਡੇ ਧਰਮਾਂ ਤੋਂ ਨਿਖੇੜਾ ਕਰ ਰਹੇ ਸਨ। ਇਥੇ ਧਿਆਨ ਦੇਣ ਵਾਲੀ ਗੱਲ ਇਹ ਵੀ ਹੈ ਕਿ ਉਹ ਦੋਹਾਂ ਧਰਮਾਂ ਦੀ ਹੋਂਦ ਤੋਂ ਇਨਕਾਰੀ ਨਹੀਂ ਸਨ, ਪਰ ਉਹ ਇਨ੍ਹਾਂ ਦੋਹਾਂ ਧਰਮਾਂ ਤੋਂ ਆਪਣੀ ਨਿਵੇਕਲੀ ਹੋਂਦ ਦਾ ਪ੍ਰਗਟਾਵਾ ਕਰ ਰਹੇ ਸਨ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ,

ਨਾ ਹਮ ਹਿੰਦੂ ਨ ਮੁਸਲਮਾਨ॥
ਅਲਹ ਰਾਮ ਕੇ ਪਿੰਡ ਪਰਾਨ॥ (ਪੰਨਾ 1136)

ਜਦੋਂ ਅਸੀਂ ਇਨ੍ਹਾਂ ਸ਼ਬਦਾਂ ਦੇ ਭਾਵਅਰਥਾਂ ਦੀ ਤਹਿ ਵਿਚ ਜਾਂਦੇ ਹਾਂ ਤਾਂ ਪਤਾ ਲਗਦਾ ਹੈ ਕਿ ਕਿਸੇ ਮਨੁੱਖੀ ਹੋਂਦ ਦੀ ਇਹ ਕਿੰਨੀ ਖੂਬਸੂਰਤ ਵਿਆਖਿਆ ਹੈ। ਭਾਵ ਨਾ ਅਸੀਂ ਹਿੰਦੂ ਹਾਂ ਅਤੇ ਨਾ ਹੀ ਅਸੀਂ ਮੁਸਲਮਾਨ ਹਾਂ, ਪਰ ਸਾਡਾ ਇਹ ਸਰੀਰ ਤੇ ਜਿੰਦ ਸਾਨੂੰ 'ਅਲਹ ਰਾਮ' ਨੇ ਦਿੱਤੇ ਹਨ। ਕਿੱਡਾ ਅਜਬ ਹੈ ਕਿ ਨਾ ਅਸੀਂ ਹਿੰਦੂ ਹਾਂ ਤੇ ਨਾ ਮੁਸਲਮਾਨ ਪਰ ਸਾਡੀ ਹੋਂਦ 'ਅਲਹ ਰਾਮ' ਦੀ ਦੇਣ ਹੈ। ਅਲਹ ਮੁਸਲਮਾਨਾਂ ਲਈ ਅਤੇ ਰਾਮ ਹਿੰਦੂਆਂ ਲਈ ਸਰਬ-ਉਚ ਹਸਤੀ ਹੈ।

ਇਹ ਅਲਹ ਰਾਮ ਕੌਣ ਹੈ? ਇਸ ਦੀ ਵਿਆਖਿਆ ਵਾਰ-ਵਾਰ ਗੁਰੂ ਗ੍ਰੰਥ ਸਾਹਿਬ ਵਿਚ ਕੀਤੀ ਗਈ ਹੈ,

ਕਾਰਨ ਕਰਨ ਕਰੀਮ॥
ਸਰਬ ਪ੍ਰਤਿਪਾਲ ਰਹੀਮ॥
ਅਲਹ ਅਲਖ ਅਪਾਰ॥
ਖੁਦਿ ਖੁਦਾਇ ਵਡ ਬੇਸੁਮਾਰ॥
ਖਾਲਕੁ ਰਵਿ ਰਹਿਆ ਸਰਬ ਠਾਈ॥ ਰਹਾਉ॥
ਨਾਰਾਇਣ ਨਰਹਰ ਦਇਆਲ॥
ਰਮਤ ਰਾਮ ਘਟ ਘਟ ਆਧਾਰ॥
ਕਹੁ ਨਾਨਕ ਗੁਰਿ ਖੋਏ ਭਰਮ॥
ਏਕੋ ਅਲਹੁ ਪਾਰਬ੍ਰਹਮ॥ (ਪੰਨਾ 896)

ਭਾਵ ਸਮੁਚੀ ਖਲਕਤ ਨੂੰ ਪੈਦਾ ਕਰਨ ਵਾਲਾ ਖਾਲਕ ਸਰਬਵਿਆਪਕ ਹੈ ਤੇ ਉਹ ਸਭ ਥਾਂ ਰਮ ਰਿਹਾ ਹੈ। ਓਹੀ ਕਾਰਨ ਭਾਵ ਕਰਨ ਵਾਲਾ ਹੈ। ਓਹੀ ਬਖਸ਼ਿੰਦ ਹੈ। ਓਹੀ ਸਭ ਦੀ ਪਾਲਣਾ ਕਰਨ ਵਾਲਾ ਅਤੇ ਸਭ 'ਤੇ ਰਹਿਮਤਾਂ ਕਰਨ ਵਾਲਾ ਹੈ। ਇਹ ਅਲਹ ਦੇ ਰੂਪ ਵਿਚ ਅਪਹੁੰਚ ਅਤੇ ਬੇਅੰਤ ਹੈ। ਇਸ ਦਾ ਪਾਰਾਵਾਰ ਨਹੀਂ ਪਾਇਆ ਜਾ ਸਕਦਾ।

ਗੁਰੂ ਸਾਹਿਬ ਬਚਨ ਕਰਦੇ ਹਨ ਕਿ ਗੁਰੂ ਨੇ ਮੇਰੇ ਮਨ ਦੇ ਸਾਰੇ ਭਰਮ ਦੂਰ ਕਰ ਦਿੱਤੇ ਹਨ ਅਤੇ ਮੈਨੂੰ ਹੁਣ ਪਤਾ ਲੱਗਾ ਹੈ ਕਿ ਇਹ ਸਰਬ ਵਿਆਪਕ ਏਕੋ ਹੀ ਅਲਹ ਅਤੇ ਇਹ ਏਕੋ ਹੀ ਪਾਰਬ੍ਰਹਮ ਹੈ। ਭਾਵ ਹਿੰਦੂ ਫਿਲਾਸਫੀ ਅਤੇ ਇਸਲਾਮੀ ਫਿਲਾਸਫੀ ਵਿਚਲੀ ਰੱਬੀ ਹਸਤੀ ਇਕੋ ਹੀ ਹੈ। ਇਸ ਸ਼ਬਦ ਦੀ ਖੂਬਸੂਰਤੀ ਇਹ ਹੈ ਕਿ ਇਸ ਵਿਚ ਗੁਰੂ ਸਾਹਿਬ ਨੇ ਹਿੰਦੂ ਤੇ ਇਸਲਾਮੀ ਫਲਸਫੇ ਵਿਚਲੀ ਰੱਬੀ ਹਸਤੀ ਬਾਰੇ ਆਮ ਵਰਤੇ ਜਾਂਦੇ ਨਾਂਵਾਂ ਰਾਹੀਂ ਕੁਦਰਤ ਵਿਚੋਂ ਸ਼ਨਾਖਤ ਕੀਤੇ ਜਾਣ ਵਾਲੇ ਦਾਤਾਰ ਭਾਵ ਸਰਬ ਵਿਆਪਕ 'ਏਕੋ' (ਦਾਤਾ-ਕਰਤਾ) ਦੀ ਬੜੀ ਖੂਬਸੂਰਤ ਵਿਆਖਿਆ ਕੀਤੀ ਹੈ। ਇਹੀ ਏਕੋ ਰਮਤ ਰਾਮ ਭਾਵ ਸਭ ਥਾਂ ਰਮਿਆ ਹੋਇਆ ਰਾਮ ਹੈ, ਜੋ ਸਭ ਜੀਆਂ ਦਾ ਆਧਾਰ ਹੈ।

ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ॥
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ॥ (ਪੰਨਾ 1349)
ਕਹੁ ਨਾਨਕ ਜਿਨਿ ਹੁਕਮੁ ਪਛਾਤਾ॥
ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ॥ (ਪੰਨਾ 885)

ਅਲਹ ਸਰਬਉਚ ਹੈ, ਜਿਸ ਨੇ ਨੂਰ ਭਾਵ ਜ਼ਿੰਦਗੀ ਦੀ ਰੌਅ ਪੈਦਾ ਕੀਤੀ ਹੈ। ਸਾਰੇ ਮਨੁੱਖ ਕੁਦਰਤ ਦੀ ਉਪਜ ਹਨ। ਜਦੋਂ ਸਾਰੇ ਮਨੁੱਖ ਇਕ ਹੀ ਨੂਰ ਤੋਂ ਪੈਦਾ ਹੋਏ ਹਨ ਤਾਂ ਫਿਰ ਕਿਸੇ ਦੇ ਚੰਗੇ-ਮੰਦੇ ਹੋਣ ਦਾ ਭਰਮ ਕਿਉਂ ਕੀਤਾ ਜਾਏ? ਗੁਰਮਤਿ ਅਡ-ਅਡ ਧਰਮਾਂ ਦੇ ਪੈਰੋਕਾਰਾਂ ਦੇ ਵਖਰੇਵੇਂ ਨੂੰ ਨਫਰਤ ਨਹੀਂ ਕਰਦੀ, ਸਗੋਂ ਇਨ੍ਹਾਂ ਸਭ ਦੀ ਏਕਤਾ ਦੇ ਇਸ ਤੋਂ ਵੱਡੇ ਆਧਾਰ ਭਾਵ ਹੁਕਮ ਅਨੁਸਾਰ ਜ਼ਿੰਦਗੀ ਜਿਉਣ ਦੇ ਆਤਮਕ ਗਿਆਨ ਦੀ ਜਾਣਕਾਰੀ ਦਿੰਦੀ ਹੈ।

ਇਸ ਲਈ ਸਿੱਖ ਚਿੰਤਕਾਂ ਨੂੰ 'ਹਮ ਹਿੰਦੂ ਨਹੀਂ ਹੈਂ' ਦੇ ਬਿਰਤਾਂਤ ਵਿਚੋਂ ਬਾਹਰ ਨਿਕਲ ਕੇ ਗੁਰਮਤਿ ਦੇ ਇਸ ਤੋਂ ਕਿਤੇ ਵੱਡੇ ਬਿਰਤਾਂਤ ਨੂੰ ਸਪਸ਼ਟ ਕਰਨ ਦੀ ਲੋੜ ਹੈ। ਗੁਰਮਤਿ ਦਾ ਇਹੀ ਬਿਰਤਾਂਤ ਹਿੰਦੂਆਂ, ਮੁਸਲਮਾਨਾਂ ਸਮੇਤ ਪੰਜਾਬ ਦੇ ਸਾਰੇ ਲੋਕਾਂ ਨੂੰ ਆਪਣੇ ਕਲਾਵੇ ਵਿਚ ਲੈ ਸਕੇਗਾ ਅਤੇ ਜੋ ਹਿੰਦੂ ਮੁਸਲਮਾਨ ਦੀ ਕਾਣ ਨੂੰ ਮੇਟਣ ਦਾ ਕੰਮ ਕਰੇਗਾ। ਆਲਮੀ ਰਾਜਨੀਤੀ ਜਿਸ ਪਾਸੇ ਨੂੰ ਮੋੜਾ ਕੱਟ ਰਹੀ ਹੈ, ਉਸ ਨੂੰ ਧਿਆਨ ਵਿਚ ਰੱਖਦਿਆਂ ਸਿੱਖਾਂ ਨੂੰ ਆਪਣੀ ਵੱਡੀ ਜ਼ਿੰਮੇਵਾਰੀ ਸਮਝਣ ਦੀ ਲੋੜ ਹੈ।

---

# 'ਪੰਜਾਬ ਟਾਈਮਜ਼' ਦੇ ਉਘੇ ਕਾਲਮਨਵੀਸ ਗੁਰਬਚਨ ਸਿੰਘ ਸਾਡੇ ਵਿਚ ਨਹੀਂ ਰਹੇ

'ਪੰਜਾਬ ਟਾਈਮਜ਼' ਦੇ ਜਾਣੇ-ਪਛਾਣੇ ਲੇਖਕ, ਵਿਦਵਾਨ ਗੁਰਬਚਨ ਸਿੰਘ ਲੰਘੇ ਦਿਨੀਂ ਦਿਲ ਦੇ ਫੇਲ੍ਹ ਹੋ ਜਾਣ ਨਾਲ 73 ਸਾਲ ਦੀ ਉਮਰ ਵਿਚ ਸਾਨੂੰ ਸਦੀਵੀ ਵਿਛੋੜਾ ਦੇ ਗਏ। ਉਹ ਵਿਭਿੰਨ ਵਿਧਾਵਾਂ ਦੇ ਲੇਖਕ ਅਤੇ ਵਿਦਵਾਨ ਸਨ, ਜਿਨ੍ਹਾਂ ਨੇ ਸਿੱਖ ਫ਼ਲਸਫ਼ੇ ਅਤੇ ਮਾਰਕਸਵਾਦ ਦਾ ਇੱਕੋ ਜਿਹੀ ਡੂੰਘਾਈ ਵਿਚ ਅਧਿਐਨ ਕੀਤਾ ਹੋਇਆ ਸੀ। 'ਪੰਜਾਬ ਟਾਈਮਜ਼' ਦੇ ਪਾਠਕ ਬਾਖ਼ੂਬੀ ਜਾਣਦੇ ਹਨ ਕਿ ਉਹ ਆਪਣੇ ਲੇਖਾਂ ਵਿਚ ਗੁਰਬਾਣੀ ਅਤੇ ਮਾਰਕਸੀ ਫ਼ਲਸਫ਼ੇ ਦੋਵਾਂ ਦੀਆਂ ਹੀ ਉਦਾਹਰਣਾਂ ਇੱਕੋ ਜਿਹੀ ਮੁਹਾਰਤ ਨਾਲ ਦਿੰਦੇ ਸਨ।

ਹੁਣੇ ਜਿਹੇ ਹੀ ਕੌਮਵਾਦ ਉਤੇ ਉਨ੍ਹਾਂ ਦੇ ਲੇਖ 'ਪੰਜਾਬ ਟਾਈਮਜ਼' ਵਿਚ ਛਪੇ ਹਨ। ਉਨ੍ਹਾਂ ਦੀਆਂ ਲਿਖਤਾਂ ਕਰਕੇ ਉਨ੍ਹਾਂ ਦੀ ਸਿੱਖ, ਦਲਿਤ ਅਤੇ ਖੱਬੇਪੱਖੀ ਅਦਾਰਿਆਂ ਵਿਚ ਇੱਕੋ ਜਿਹੀ ਪਛਾਣ ਬਣੀ ਹੋਈ ਸੀ। ਭਾਵੇਂ ਉਨ੍ਹਾਂ ਦਾ ਪਰਿਵਾਰਕ ਪਿਛੋਕੜ 'ਅਕਾਲੀ ਦਲ' ਨਾਲ ਸਬੰਧ ਰੱਖਦਾ ਸੀ ਪ੍ਰੰਤੂ ਆਪਣੇ ਮੁੱਢਲੇ ਵਰ੍ਹਿਆਂ ਵਿਚ ਹੀ ਉਨ੍ਹਾਂ ਦਾ ਝੁਕਾਅ ਮਾਰਕਸਵਾਦ ਵੱਲ ਹੋ ਗਿਆ ਸੀ। 'ਓਪਰੇਸ਼ਨ ਬਲਿਊ ਸਟਾਰ' ਦੇ ਦੁਖਾਂਤ ਨੇ ਉਨ੍ਹਾਂ ਨੂੰ ਮੁੜ ਕੇ ਸਿੱਖ ਫ਼ਲਸਫ਼ੇ ਵੱਲ ਲੈ ਆਂਦਾ ਅਤੇ ਮਨੁੱਖੀ ਅਧਿਕਾਰਾਂ ਲਈ ਕਾਰਜਸ਼ੀਲ ਕਰ ਦਿੱਤਾ। ਪੰਜਾਬ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੇ ਉਨ੍ਹਾਂ ਨੂੰ ਭਾਵ-ਭਿੰਨੀ ਸ਼ਰਧਾਂਜਲੀ ਭੇਟ ਕੀਤੀ ਹੈ। ਉਹ ਬਹੁਤ ਗੰਭੀਰ ਕਿਸਮ ਦਾ ਵਿਦਵਾਨ ਅਤੇ ਲਿਖਾਰੀ ਸੀ, ਜਿਸ ਦੇ ਜਾਣ ਨਾਲ ਕਦੇ ਨਾ ਪੂਰਿਆ ਜਾ ਸਕਣ ਵਾਲਾ ਖਲਾਅ ਪੈਦਾ ਹੋ ਗਿਆ ਹੈ। ਅਦਾਰਾ 'ਪੰਜਾਬ ਟਾਈਮਜ਼' ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਕਰਦਾ ਹੈ।

***-ਗੁਰਨਾਮ ਕੌਰ***

# ਇਨਸਾਨੀਅਤ ਦਾ ਰੰਗ

ਸ਼ਬਦ ਜੋਤ



ਡਾ. ਗੁਰਬਖ਼ਸ਼ ਸਿੰਘ ਭੰਡਾਲ

ਫੋਨ: 216-556-2080

ਕੀ ਬੰਦੇ ਦਾ ਵੀ ਕੋਈ ਰੰਗ ਹੁੰਦਾ। ਬੰਦਾ ਤਾਂ ਬੰਦਾ ਹੁੰਦਾ। ਕੀ ਬੰਦੇ ਬਲੈਕ, ਵਾਈਟ ਜਾਂ ਬਰਾਊਨ ਹੁੰਦੇ? ਕੇਹਾ ਵਰਤਾਰਾ ਕਿ ਅਸੀਂ ਮਨੁੱਖਾਂ ਨੂੰ ਵੀ ਚਮੜੀ ਦੇ ਰੰਗਾਂ ਰਾਹੀਂ ਪਛਾਨਣ ਲੱਗੇ। ਇਹੀ ਪਛਾਣ ਹੀ ਹਜੂਮੀ ਹਿੰਸਾ ਦਾ ਰੂਪ ਧਾਰਦੀ ਤਾਂ ਨਸਲੀ ਨਫ਼ਰਤ ਨੰਗਾ ਨਾਚ ਨੱਚਦੀ। ਮਾਨਸਿਕ ਬਿਰਤੀ ਦੇ ਇਸ ਕੋਝੇ ਰੂਪ ਨੇ ਬਹੁਤ ਨਿਰਾਸ਼ ਤੇ ਹਤਾਸ਼ ਕੀਤਾ ਜਦ ਮੈਂ ਇਕ ਵਿਦਿਆਰਥੀ ਦੀ ਜੈਕਟ 'ਤੇ 'ਬਲੈਕ ਸਟੂਡੈਂਟ ਐਥਲੀਟ ਗਰੁੱਪ' ਉਕਰਿਆ ਦੇਖਿਆ। ਕੀ ਇਹ ਸਟੂਡੈਂਟ ਐਥਲੀਟ ਗਰੁੱਪ ਨਹੀਂ ਸੀ ਹੋ ਸਕਦਾ? ਕੀ ਅਜੇਹਾ ਮਾਨਸਿਕ ਵਰਤਾਰਾ ਨੌਜਵਾਨ ਪੀੜ੍ਹੀ ਨੂੰ ਆਪਣੇ ਵਡੇਰਿਆਂ ਕੋਲੋਂ ਮਿਲਿਆ? ਜਾਂ ਕਾਲੇ ਵਿਦਿਆਰਥੀਆਂ ਨਾਲ ਹੋ ਰਹੇ ਭੇਦ-ਭਾਵ ਜਾਂ ਨਸਲੀ ਵਿਤਕਰੇ ਕਾਰਨ ਪੈਦਾ ਹੋਇਆ? ਬਹੁਤ ਪ੍ਰਸ਼ਨ ਮਨ ਵਿਚ ਪੈਦਾ ਹੋਏ ਕਿਉਂਕਿ ਅਜੇਹੀ ਸੋਚ ਦੀ ਲਾਗ ਬਹੁਤ ਤੇਜ਼ੀ ਨਾਲ ਫੈਲਦੀ ਅਤੇ ਇਸਦੀ ਲਪੇਟ ਵਿਚ ਸਾਰਾ ਸਮਾਜ ਹੀ ਆ ਜਾਂਦਾ।

ਦੁਨੀਆਂ ਭਰ ਦੀਆਂ ਵਿਦਿਅਕ ਸੰਸਥਾਵਾਂ ਵਿਚ ਵਿਦਿਆਰਥੀਆਂ ਦੇ ਕਾਲੇ, ਗੋਰੇ, ਸਿੱਖ, ਹਿੰਦੂ, ਮੁਸਲਮਾਨ ਜਾਂ ਏਸ਼ੀਅਨ ਗਰੁੱਪਾਂ ਦੀ ਸਥਾਪਤੀ ਦਰਅਸਲ ਗਿਆਨ ਦੇ ਮੰਦਰਾਂ ਦਾ ਰਾਜਨੀਤੀਕਰਨ ਹੈ। ਇਸਦਾ ਅਜੋਕਾ ਭਿਆਨਕ ਵਰਤਾਰਾ ਇਹ ਚਿਤਾਵਨੀ ਹੈ ਕਿ ਰੰਗਾਂ ਜਾਂ ਨਸਲਾਂ ਵਿਚ ਵੰਡੇ ਲੋਕ ਸਾਰੀ ਉਮਰ ਹੀ ਚੇਤਨ ਤੌਰ 'ਤੇ ਅਪਾਹਜ ਰਹਿੰਦੇ। ਉਨ੍ਹਾਂ ਦੇ ਸੋਚ ਦੇ ਦਾਇਰੇ ਦਾ ਸੁੰਗੜ ਜਾਣਾ, ਉਨ੍ਹਾਂ ਦੀ ਅਧੋਗਤੀ ਦਾ ਪ੍ਰਮਾਣ। ਵਿਦਿਆਰਥੀ ਸਿਰਫ਼ ਇਕ ਵਿਦਿਆਰਥੀ ਹੁੰਦਾ। ਕੁਝ ਸਿੱਖਣ ਅਤੇ ਜੀਵਨ ਜਾਚ ਨੂੰ ਨਵੀਂ ਦਿਸ਼ਾ ਦੇਣ, ਸਮਾਜ ਨੂੰ ਕੁਝ ਅਰਪਿਤ ਕਰਨ ਅਤੇ ਸਮਾਜਿਕ ਸੁੰਦਰਤਾ ਤੇ ਸਦੀਵਤਾ ਲਈ ਉਸਾਰੂ ਭੂਮਿਕਾ ਨਿਭਾਉਣ ਵਾਲਾ।

ਅੱਖਰਾਂ ਦਾ ਆਪਣਾ ਕੋਈ ਰੰਗ ਨਹੀਂ। ਪਰ ਜਦ ਇਹੀ ਅੱਖਰ ਸ਼ਬਦਾਂ ਦਾ ਰੂਪ ਧਾਰਦੇ ਤਾਂ ਇਹ ਰੰਗਾਂ ਵਿਚ ਵਟੀਂਦੇ। ਇਨ੍ਹਾਂ ਸ਼ਬਦਾਂ ਵਿਚੋਂ ਕਿਹੜੇ ਅਰਥਾਂ ਦੇ ਰੰਗ ਉਘੜਨਗੇ, ਇਸਨੇ ਸਾਡੀ ਨੌਜਵਾਨ ਸੋਚ ਨੂੰ ਸੇਧ ਦੇਣੀ ਹੁੰਦੀ। ਜਦ ਅਰਥ ਕਾਲੇ ਹੋ ਜਾਣ ਤਾਂ ਹਨੇਰ ਪੈਂਦਾ ਪਰ ਜਦ ਅਰਥਾਂ ਵਿਚ ਸੂਰਜ ਉਗ ਆਉਣ ਤਾਂ ਕਾਲੇ ਵਕਤ ਵੀ ਰੁਸ਼ਨਾਅ ਜਾਂਦੇ। ਅਰਥਾਂ ਦੇ ਸੂਹੇ ਅਤੇ ਸੰਦਲੀ ਰੰਗ ਹੀ ਹੁੰਦੇ ਕਿ ਜੀਵਨ ਖ਼ੂਬਸੂਰਤ ਹੋ ਜਾਂਦਾ। ਸੂਹੇ ਰੰਗਾਂ ਦੀ ਲਾਲਸਾ ਰੱਖਣ ਵਾਲੇ ਲੋਕ ਹੀ ਸਮਿਆਂ ਦਾ ਸੁਰਖ਼ ਮੁਹਾਂਦਰਾ ਹੁੰਦੇ। ਕਿਤਾਬਾਂ ਦਾ ਕੋਈ ਰੰਗ ਨਹੀਂ ਹੁੰਦਾ। ਰੰਗ ਤਾਂ ਗਿਆਨ ਦਾ ਹੁੰਦਾ ਜੋ ਸਾਨੂੰ ਦਿੰਦੀਆਂ। ਇਹੀ ਗਿਆਨ ਦੀ ਜੁਸਤਜੂ ਸਾਨੂੰ ਹੋਰ ਕਿਤਾਬਾਂ ਪੜ੍ਹਨ ਅਤੇ ਕਿਤਾਬਾਂ ਨੂੰ ਆਪਣਾ ਸਭ ਤੋਂ ਨੇੜਲਾ ਸਾਥੀ ਬਣਾਉਣ ਵੰਨੀਂ ਪ੍ਰੇਰਿਤ ਕਰਦੀਆਂ। ਜਦ ਕਿਸੇ ਕਿਤਾਬ ਵਿਚੋਂ ਕੋਈ ਨਫ਼ਰਤੀ ਜਾਂ ਕਰੂਰਤਾ ਦਾ ਰੰਗ ਉਘੜਦਾ ਤਾਂ ਕਿਤਾਬ ਆਪਣੀ ਰਹਿਨੁਮਾਈ ਗਵਾ ਬਹਿੰਦੀ। ਇਸ ਤੋਂ ਚੰਗਾ ਹੈ ਕਿ ਕਿਤਾਬਾਂ ਬੇਰੰਗੀਆਂ ਹੀ ਰਹਿਣ। ਕਾਲੇ ਹਾਸ਼ੀਏ ਵਾਲੀਆਂ ਖ਼ਬਰਾਂ ਤੋਂ ਚੰਗਾ ਹੁੰਦਾ ਏ ਅਖ਼ਬਾਰ ਕੋਰਾ ਹੀ ਹੋਵੇ।

ਸਾਹਿਤ ਸਿਰਫ਼ ਲੋਕਾਂ ਦੇ ਸਰੋਕਾਰਾਂ ਨੂੰ ਮਿਲੀ ਆਵਾਜ਼ ਹੁੰਦਾ। ਜਦ ਤੀਕ ਇਹ ਮਨੁੱਖੀ ਸਰੋਕਾਰਾਂ ਸੰਗ ਸੰਵਾਦ ਰਚਾਉਂਦਾ, ਇਹ ਆਪਣੀ ਕਰਮਯੋਗਤਾ ਨੂੰ ਸਮਿਆਂ ਦੇ ਨਾਮ ਲਾਉਂਦਾ। ਸਾਹਿਤ ਨੂੰ ਦਲਿਤ, ਜੱਟਾਂ ਦਾ, ਮੁਸਲਮਾਨਾਂ ਦਾ, ਹਿੰਦੂਆਂ ਦਾ, ਆਦਿ ਟੋਟਿਆਂ ਵਿਚ ਤਕਸੀਮ ਕੀਤਿਆਂ ਸਾਹਿਤ ਦਾ ਕਤਲ ਹੀ ਹੋ ਜਾਂਦਾ। ਸਾਡੇ ਧਾਰਮਿਕ ਗ੍ਰੰਥ ਸਾਡੇ ਰਹਿਬਰਾਂ ਨੇ ਨਹੀਂ ਵੰਡੇ। ਪਰ ਅਸੀਂ ਇਨ੍ਹਾਂ ਨੂੰ ਜਾਤਾਂ ਅਤੇ ਮਜ਼੍ਹਬਾਂ ਵਿਚ ਵੰਡ ਕੇ ਖ਼ੁਦ ਦਾ ਬੌਣਾਪਨ ਸਾਬਤ ਕਰ ਰਹੇ ਹਾਂ।

ਜ਼ਰਾ ਸੋਚਣਾ! ਵਿਚਾਰਾਂ ਨੂੰ ਵੀ ਰੰਗਾਂ ਵਿਚ ਵੰਡਿਆ ਜਾ ਸਕਦਾ? ਵਿਚਾਰ ਤਾਂ ਵਿਚਾਰ ਹੁੰਦੇ। ਸਿਹਤਮੰਦ, ਨਰੋਏ ਅਤੇ ਸ਼ਾਨਦਾਰ ਸਮਾਜ ਦੀ ਸਿਰਜਣਾ ਕਰਨ ਵਾਲੇ, ਮਨੁੱਖ ਨੂੰ ਇਨਸਾਨੀਅਤ ਦੇ ਮਾਰਗ 'ਤੇ ਤੋਰਨ ਵਾਲੇ, 'ਨੇਰੇ ਰਾਹਾਂ ਵਿਚ ਰੌਸ਼ਨੀ ਤਰੌਂਕਣ ਵਾਲੇ, ਮੰਜ਼ਲਾਂ ਦਾ ਸਿਰਨਾਵਾਂ ਮਸਤਕ ਵਿਚ ਧਰਨ ਵਾਲੇ ਅਤੇ ਗਿਆਨ ਦੀਆਂ ਮੋਮਬੱਤੀਆਂ ਰੂਹ ਦੀ ਕਾਲ-ਕੋਠੜੀ ਵਿਚ ਬਾਲ, ਅੰਤਰੀਵ ਰੁਸ਼ਨਾਉਣ ਵਾਲੇ।

ਸੁਪਨੇ ਕਦੇ ਵੀ ਕਾਲੇ, ਚਿੱਟੇ ਜਾਂ ਭੂਰੇ ਨਹੀਂ ਹੁੰਦੇ। ਇਹ ਸਿਰਫ਼ ਸੁਪਨੇ ਹੁੰਦੇ ਜਿਹੜੇ ਜਾਗਦਿਆਂ ਲਏ ਜਾਂਦੇ ਅਤੇ ਇਨ੍ਹਾਂ ਦੀ ਪੂਰਤੀ ਨੂੰ ਜੀਵਨ ਦਾ ਮਕਸਦ ਬਣਾਇਆ ਜਾਂਦਾ। ਅੱਖਾਂ ਵਿਚ ਤੈਰਦੇ ਸੂਹੇ, ਸੁੱਚੇ ਅਤੇ ਸੱਚੇ ਸੁਪਨੇ ਹੀ ਜੀਵਨ ਦੀ ਅਰਥਕਾਰੀ। ਸੁਪਨੇ ਧੁਆਂਖੇ ਜਾਣ ਜਾਂ ਮਰ ਜਾਣ ਤਾਂ ਸਭ ਤੋਂ ਪਹਿਲਾਂ ਬੰਦਾ ਮਰਦਾ। ਸੁਚਾਰੂ ਸੁਪਨ-ਸੁਦਾਗਰ ਰੰਗ ਜਾਂ ਨਸਲ ਦੇਖ ਕੇ ਦੀਦਿਆਂ ਵਿਚ ਸੁਪਨੇ ਨਹੀਂ ਧਰਦੇ। ਉਹ ਤਾਂ ਸੁਪਨਿਆਂ ਦੀ ਕਰਮਯੋਗ ਕਮਾਉਂਦੇ।

ਖ਼ੂਨ ਦਾ ਰੰਗ ਸਦਾ ਲਾਲ। ਇਹ ਕਾਲਾ ਜਾਂ ਚਿੱਟਾ ਉਦੋਂ ਹੀ ਹੁੰਦਾ ਜਦ ਸਾਡੀ ਮਾਨਸਿਕਤਾ ਵਿਚ ਖੋਟ ਪੈਦਾ ਹੁੰਦੀ। ਖ਼ੂਨ ਦਾ ਧਰਮ ਹੈ ਜਿਸਮ ਨੂੰ ਜਿਉਂਦਾ ਰੱਖਣਾ ਅਤੇ ਜ਼ਰੂਰੀ ਤੱਤਾਂ ਨੂੰ ਸਰੀਰ ਦੇ ਵੱਖ ਵੱਖ ਅੰਗਾਂ ਵਿਚ ਪਹੁੰਚਾਣਾ। ਮਨੁੱਖ ਨੂੰ ਉਸਦੀ ਔਕਾਤ ਦੇ ਰੂਬਰੂ ਕਰਦਾ ਕਿ ਇਹ ਲਹੂ ਹੀ ਹੈ ਜਿਹੜਾ ਲਹੂ ਤੋਂ ਲੋਅ ਬਣ ਕੇ ਜੀਵਨ ਨੂੰ ਉਮਰ ਬਖ਼ਸ਼ਦਾ। ਕੀ ਹਵਾ ਚਿੱਟੀ ਜਾਂ ਕਾਲੀ ਹੋ ਸਕਦੀ? ਕੀ ਇਹ ਹਵਾ ਵੱਖ-ਵੱਖ ਜਾਤਾਂ, ਨਸਲਾਂ ਜਾਂ ਧਰਮਾਂ ਲਈ ਵੱਖਰੀ ਹੈ? ਸ਼ਾਇਦ ਤਾਂ ਹੀ ਹਵਾ ਰੰਗਹੀਣ ਹੈ ਕਿਉਂਕਿ ਉਸਦਾ ਧਰਮ ਜੀਵਨਦਾਨ ਹੁੰਦਾ ਅਤੇ ਅਜੇਹਾ ਦਾਨ ਰੰਗਹੀਣ ਰਹਿ ਕੇ ਹੀ ਦਿਤਾ ਜਾ ਸਕਦਾ। ਹਵਾ ਦੀਆਂ ਵੰਡੀਆਂ ਪਾਉਣ ਵਾਲਿਓ! ਕਿਹੜੇ ਪਾਸਿਆਂ ਤੋਂ ਕੰਧ ਕਰੋਗੇ? ਕਿਹੜੀਆਂ ਹੱਦਬੰਦੀਆਂ ਵਿਚ ਕੈਦ ਕਰੋਗੇ? ਯਾਦ ਰੱਖਣਾ! ਹਵਾ, ਖ਼ਿਆਲ, ਖ਼ਾਬ ਅਤੇ ਮਨ ਦੀ ਉਡਾਣ ਨੂੰ ਕਦੇ ਵੀ ਕੈਦ ਨਹੀਂ ਕੀਤਾ ਜਾ ਸਕਦਾ। ਮਨੁੱਖ ਤਾਂ ਹਵਾ ਦਾ ਦੇਣ ਸਾਰੀ ਸੰਪਤੀ ਨਾਲ ਵੀ ਨਹੀਂ ਦੇ ਸਕਦਾ ਜਿਸ ਕਰਕੇ ਹੀ ਸਾਡਾ ਜੀਵਨ ਹੈ।

ਵਗਦੇ ਪਾਣੀ ਸਦਾ ਨਿਰਮਲ ਅਤੇ ਪਾਕੀਜ਼। ਤਾਂ ਹੀ ਇਨ੍ਹਾਂ ਦਾ ਕੋਈ ਰੰਗ ਨਹੀਂ। ਪੰਜਾਬ ਵਿਚ ਵਗਦਾ ਸਤਲੁਜ ਜਦ ਪਾਕਿਸਤਾਨ ਜਾਂਦਾ ਤਾਂ ਪਾਣੀ ਭਾਰਤੀ ਤੋਂ ਪਾਕਿਸਤਾਨੀ ਨਹੀਂ ਹੋ ਜਾਂਦਾ। ਪਾਣੀ ਨੇ ਪਾਣੀ ਹੀ ਰਹਿਣਾ ਅਤੇ ਪਿਆਸ ਨੂੰ ਮਿਟਾਉਂਦੇ ਰਹਿਣਾ। ਅੰਗਰੇਜ਼ਾਂ ਦੇ ਸਮੇਂ ਵਿਚ ਪਲੇਟਫਾਰਮਾਂ 'ਤੇ ਰੱਖੇ ਹਿੰਦੂ ਪਾਣੀ ਅਤੇ ਮੁਸਲਮਾਨ ਪਾਣੀ ਦੇ ਘੜੇ ਰਹਿੰਦੇ ਸਮੇਂ ਤੀਕ ਅੰਗਰੇਜ਼ਾਂ ਦੀ ਭਰਾ-ਮਾਰੂ, ਨਫ਼ਰਤੀ ਤੇ ਨਸਲੀ ਸੋਚ ਦਾ ਸੱਚ ਜੱਗ-ਜ਼ਾਹਰ ਕਰਦੇ ਰਹਿਣਗੇ।

ਧਰਤੀ, ਧੁੱਪ, ਚਾਨਣੀ ਜਾਂ ਨਿੱਘ ਨੂੰ ਕਿਹੜੇ ਰੰਗਾਂ ਵਿਚ ਰੰਗੋਗੇ? ਇਹ ਕੁਦਰਤੀ ਨਿਆਮਤਾਂ ਦੀ ਬਖ਼ਸ਼ਿਸ਼ ਚਮੜੀ ਦੇ ਰੰਗ ਜਾਂ ਧਰਮ 'ਤੇ ਨਿਰਭਰ ਨਹੀਂ ਕਰਦੀ। ਅੰਦਰਲੀ ਪਾਕੀਜ਼ਗੀ ਅਤੇ ਕੁਦਰਤੀ ਨਿਆਮਤਾਂ ਦੀ ਸੌਗਾਤ ਸਾਰਿਆਂ ਲਈ ਸਮਾਨ।

ਮਨ ਦੀਆਂ ਧਾਰਨਾਵਾਂ ਨੂੰ ਜਦ ਕੋਈ ਰੰਗ ਚਾੜ੍ਹਿਆ ਜਾਂਦਾ ਤਾਂ ਇਸਦਾ ਅਸਰ ਬਹੁਤ ਜਲਦੀ ਪ੍ਰਗਟਦਾ। ਸੂਹੀਆਂ ਅਤੇ ਸੁੱਚੀਆਂ ਧਾਰਨਾਵਾਂ ਸੰਜੀਦਗੀ, ਸਮਰਪਿਤਾ ਅਤੇ ਸਾਧਨਾ ਨੂੰ ਅਰਪਿਤ ਜਦ ਕਿ ਕਾਲੀਆਂ ਧਾਰਨਾਵਾਂ ਕਾਲੇ ਵਖ਼ਤਾਂ ਦਾ ਨਾਮਕਰਨ। ਇਨ੍ਹਾਂ ਦੀ ਪਿੱਠਭੂਮੀ ਵਿਚ ਹਰ ਵਰਤਾਰੇ ਵਿਚੋਂ ਮਾਨਵੀਕਰਨ ਮਨਫ਼ੀ ਹੁੰਦਾ ਅਤੇ ਸੁਮੱਚੇ ਸਮਾਜ ਨੂੰ ਸਲੀਬ 'ਤੇ ਟੰਗ ਦਿੰਦਾ।

ਜ਼ਰਾ ਸੋਚਿਓ! ਕਿਰਤੀ ਦੀ ਕਿਰਤ ਦਾ ਕਿਹੜਾ ਰੰਗ ਹੁੰਦਾ ਅਤੇ ਉਸਦੇ ਮੱਥੇ ਤੋਂ ਤਤੀਰੀਆਂ ਬਣ ਕੇ ਵਗਦੇ ਮੁੜ੍ਹਕੇ ਦਾ ਰੰਗ ਕੀ ਹੋਵੇਗਾ? ਇਹ ਰੰਗ ਢਿੱਡ ਦੀ ਭੁੱਖ ਦਾ ਹੁੰਦਾ, ਰੋਟੀ ਦਾ ਹੁੰਦਾ। ਇਸ ਰੰਗ ਨਾਲ ਹੀ ਪਤਾ ਲੱਗਦਾ ਕਿ ਭੁੱਖ ਕੀ ਹੁੰਦੀ, ਚੰਦ ਛਿੱਲੜਾਂ ਖ਼ਾਤਰ ਜਿਸਮ ਨੂੰ ਵੇਚਣ ਦੀ ਨੌਬਤ ਕਦੋਂ ਆਉਂਦੀ ਅਤੇ ਚੌਰਾਹਿਆਂ ਵਿਚ ਇੱਜ਼ਤਾਂ ਨੀਲਾਮ ਕਿਵੇਂ ਹੁੰਦੀਆਂ? ਨਸ਼ੇ ਦੇ ਸੌਦਾਗਰ, ਬਲੈਕੀਏ, ਰਿਸ਼ਵਤਖੋਰ, ਠੱਗ, ਫ਼ਰੇਬੀ ਤੇ ਕਪਟੀ ਲੋਕਾਂ ਦੀ ਰੋਟੀ ਦਾ ਰੰਗ ਇਸੇ ਲਈ ਹੀ ਲਾਲ ਹੁੰਦਾ ਕਿਉਂਕਿ ਇਹ ਕਿਰਤੀ ਦੇ ਮੁੜ੍ਹਕੇ ਅਤੇ ਖ਼ੂਨ ਨਾਲ ਗੁੰਨੇ ਆਟੇ ਦੀ ਹੁੰਦੀ। ਰੰਗਾਂ, ਨਸਲਾਂ, ਜਾਤਾਂ ਅਤੇ ਧਰਮਾਂ ਵਿਚ ਉਲਝੇ ਲੋਕ ਕੁਝ ਕੁ ਲੋਕ ਹੁੰਦੇ ਜਿਹੜੇ ਅਦਿੱਖ ਤਾਕਤਾਂ ਦੀਆਂ ਪੁਤਲੀਆਂ ਬਣ, ਉਨ੍ਹਾਂ ਦੇ ਇਸ਼ਾਰਿਆਂ 'ਤੇ ਸਮੁੱਚੀ ਮਨੁੱਖ ਜਾਤੀ ਨੂੰ ਸ਼ਰਮਸਾਰ ਕਰਦੇ। ਅਜੇਹਾ ਉਹ ਕੁਝ ਕੁ ਅਜੇਹੇ ਲੋਕਾਂ ਦੀ ਹਿੱਤ ਪੂਰਤੀ ਲਈ ਕਰਦੇ ਭਾਵੇਂ ਇਹ ਹਿੱਤ ਰਾਜਸੀ ਜਾਂ ਧਾਰਮਿਕ ਹੋਣ, ਆਰਥਿਕ ਸ਼ੋਸ਼ਣ ਜਾਂ ਸਮਾਜਿਕ ਪਾੜਾ ਪਾਉਣ ਜਾਂ ਆਪਣੀ ਚੌਧਰ ਚਮਕਾਉਣ ਲਈ ਹੋਣ। ਇਹ ਰੰਗ ਬਹੁਤ ਹੀ ਖ਼ਤਰਨਾਕ। ਇਨ੍ਹਾਂ ਤੋਂ ਬਚਣ ਦੀ ਲੋੜ।

ਯਾਦ ਰੱਖਿਓ! ਰੰਗ ਤਾਂ ਸਿਰਫ਼ ਜਿਲਦਾਂ ਦੇ ਹੁੰਦੇ। ਇਬਾਰਤ ਦਾ ਧੁੱਪ ਵਰਗਾ ਰੰਗ ਹੋਣਾ ਚਾਹੀਦਾ। ਇਸ ਵਿਚੋਂ ਸਿਰਫ਼ ਰੌਸ਼ਨੀ ਤੇ ਨਿੱਘ ਹੀ ਪੈਦਾ ਹੋਵੇ ਤਾਂ ਕਿਤਾਬ, ਕਿਤਾਬ ਹੋਣ ਦਾ ਧਰਮ ਪਾਲੇ। ਅਗਰ ਇਸਦੀ ਇਬਾਰਤ ਵਿਚੋਂ ਕਾਲੇ ਸਮਿਆਂ ਦਾ ਕਹਿਰ ਝਲਕੇ ਤਾਂ ਇਹ ਕਿਤਾਬ ਲਿਖਤ ਹੋਣ ਦਾ ਹੱਕ ਗਵਾਵੇ ਅਤੇ ਆਪਣੇ ਵਜੂਦ ਨੂੰ ਮਿੱਟੀ ਦਾ ਢੇਰ ਬਣਾਵੇ।

ਦੋਸਤੀ ਸਿਰਫ਼ ਦੋਸਤੀ ਹੁੰਦੀ। ਇਸਦਾ ਰੰਗ ਚਾਨਣੀ ਜੇਹਾ। ਪਰ ਜਦ ਇਸ ਰੰਗਾਂ ਦਾ ਵਰਗੀਕਰਣ ਹੁੰਦੀ ਤਾਂ ਦੋਸਤੀ ਵਪਾਰ ਬਣ ਜਾਂਦੀ, ਨਫ਼ਿਆਂ ਅਤੇ ਨੁਕਸਾਨਾਂ ਵਿਚ ਵਟੀਂਦੀ ਅਤੇ ਦੋਸਤੀ ਦੇ ਅਰਥਾਂ ਦਾ ਅਨਰਥ ਕਰੀਂਦੀ।

ਪਿਆਰ ਸਿਰਫ਼ ਪਿਆਰ ਹੁੰਦਾ। ਪਾਕੀਜ਼ ਸ਼ਫ਼ਾਫ਼। ਨਿਰਮਲ ਪਾਣੀ ਵਰਗਾ। ਰੂਹ ਤੋਂ ਰੂਹ ਤੀਕ ਦੀ ਤੀਰਥ ਯਾਤਰਾ। ਆਪਣੇ ਆਪ ਨੂੰ ਮਿਲਣ ਦਾ ਵਿਸਮਾਦ। ਅੰਤਰੀਵ ਵਿਚ ਫੈਲੇ ਚਾਨਣ ਦਾ ਜਲੌਅ। ਇਸ ਜਲੌਅ ਦਾ ਅੰਦਰ ਤੋਂ ਬਾਹਰ ਦਾ ਸਫ਼ਰ ਹੀ ਮਨੁੱਖੀ ਸੰਵੇਦਨਾ ਨੂੰ ਨਵੇਂ ਅਰਥ ਅਤੇ ਨਵੀਆਂ ਸੀਮਾਵਾਂ ਦੇ ਜਾਂਦਾ। ਪਿਆਰ, ਰੰਗਾਂ ਵਿਚ ਤਕਸੀਮ ਨਹੀਂ ਹੁੰਦਾ। ਪਿਆਰ ਜਦ ਰੰਗ ਬਦਲਣ ਲੱਗ ਪਵੇ ਤਾਂ ਪਿਆਰ ਧੰਦਾ ਬਣ ਜਾਂਦਾ ਜਿਸ ਵਿਚ ਸਭ ਕੁਝ ਹੁੰਦਾ ਪਰ ਪਿਆਰ ਨਹੀਂ ਹੁੰਦਾ।

ਹੈਰਾਨੀ ਦੀ ਗੱਲ ਹੈ ਕਿ ਰੰਗ ਸਿਰਫ਼ ਇਕ ਸ਼ਬਦ ਹੁੰਦਾ। ਕਈ ਵਾਰ ਇਸਦੇ ਮਾਰੂ ਅਸਰਾਂ ਦਾ ਵਸੀਹ ਵਰਤਾਰਾ ਮਨੁੱਖ ਨੂੰ ਆਪਣੀ ਜਕੜ ਵਿਚ ਅਜੇਹਾ ਲੈਂਦਾ ਕਿ ਮਨੁੱਖ ਅਮਨੁੱਖ ਬਣ ਜਾਂਦਾ।

ਇਹ ਚਮੜੀ ਦਾ ਰੰਗ, ਨਸਲ ਜਾਂ ਜਾਤ ਨਹੀਂ ਹੁੰਦੀ ਜੋ ਸਾਨੂੰ ਦੂਸਰਿਆਂ ਤੋਂ ਵੱਖਰਾ ਕਰਦੀ। ਇਹ ਤਾਂ ਤੁਹਾਡੀਆਂ ਸੋਚਾਂ ਅਤੇ ਸ਼ਖ਼ਸੀਅਤ ਦਾ ਰੰਗ ਹੁੰਦਾ ਕਿ ਤੁਸੀਂ ਭੀੜ ਵਿਚੋਂ ਵੀ ਪਛਾਣੇ ਜਾਂਦੇ।

ਰੰਗ ਜ਼ਿੰਦਗੀ ਦੇ ਹੁੰਦੇ ਜਿਨ੍ਹਾਂ ਵਿਚ ਖ਼ਿਆਲਾਂ ਦੇ ਰੂਹੀ-ਰੰਗ ਤੁਹਾਡੇ ਜੀਵਨ ਬਨੇਰੇ 'ਤੇ ਜਗਦੀਆਂ ਮੋਮਬੱਤੀਅ ਦਾ ਨਾਮ ਹੋ ਜਾਂਦੇ।

ਜ਼ਿੰਦਗੀ ਤਾਂ ਸਤਰੰਗੀ ਪੀਂਘ ਦਾ ਦ੍ਰਿਸ਼ ਹੋਣੀ ਚਾਹੀਦੀ ਜਿਸ ਲਈ ਅੱਧ ਅਸਮਾਨੇ ਲਟਕਦੀਆਂ ਕਣੀਆਂ ਵੀ ਚਾਹੀਦੀਆਂ ਅਤੇ ਖ਼ਾਸ ਕੋਣ 'ਤੇ ਪੈ ਰਹੀਆਂ ਸੂਰਜ ਦੀਆਂ ਕਿਰਨਾਂ ਵੀ।


ਰੰਗ ਤਾਂ ਸਰਘੀ ਦਾ ਵੀ ਹੁੰਦਾ ਅਤੇ ਸ਼ਾਮ ਦਾ ਵੀ। ਚੜ੍ਹਦੇ ਸੂਰਜ ਦੀ ਲਾਲੀ ਵੀ ਅਤੇ ਡੁੱਬਦੇ ਸੂਰਜ ਦੀ ਪਲੱਤਣ ਵੀ। ਪਰ ਇਹ ਸਾਰੇ ਰੰਗ ਮਿਲ ਕੇ ਦਿਨ ਨੂੰ ਸੰਪੂਰਨ ਕਰਦੇ ਅਤੇ ਸੂਰਜ ਆਪਣੇ ਅਗਲੇ ਸਫ਼ਰ 'ਤੇ ਤੁਰ ਪੈਂਦਾ ਜੋ ਸਦੀਆਂ ਤੋਂ ਜਾਰੀ ਹੈ। ਸੰਤੁਲਿਤ ਸਮਾਜ ਲਈ ਵੱਖੋ-ਵੱਖਰੀਆਂ ਨਸਲਾਂ, ਜਾਤੀਆਂ ਅਤੇ ਕਿੱਤਿਆਂ ਦੇ ਲੋਕਾਂ ਦਾ ਹੋਣਾ ਅਹਿਮ ਹੁੰਦਾ। ਪਰ ਨਫ਼ਰਤੀ ਰੰਗਾਂ ਦੇ ਲੋਕ ਮੁਖੌਟਿਆਂ ਵਿਚ ਰਹਿੰਦੇ ਤਾਂ ਹੀ ਆਮ ਲੋਕ ਉਨ੍ਹਾਂ ਦੀਆਂ ਖ਼ੁਨਾਮੀਆਂ ਅਤੇ ਕਾਲੇ ਕਾਰਨਾਮਿਆਂ ਨੂੰ ਸਮਝਣ ਤੋਂ ਅਸਮਰੱਥ।

ਯਾਦ ਰੱਖੋ! ਰੰਗ ਤਾਂ ਅਹਿਸਾਸ ਹੁੰਦੇ। ਇਸੇ ਲਈ ਕੋਈ ਪੇਂਟਿੰਗ ਰੰਗਾਂ ਨਾਲ ਨਹੀਂ ਬਣਦੀ ਦਰਅਸਲ ਇਹ ਤਾਂ ਅਹਿਸਾਸਾਂ ਦਾ ਪ੍ਰਗਟਾਵਾ ਅਤੇ ਦ੍ਰਿਸ਼ਾਵਲੀ ਹੁੰਦੀ। ਜਦ ਜ਼ਿੰਦਗੀ ਤੁਹਾਨੂੰ ਕਾਲੀ ਜਾਂ ਚਿੱਟੀ ਨਜ਼ਰ ਆਉਣ ਲੱਗ ਪਵੇ ਤਾਂ ਰੰਗਾਂ ਦੇ ਸੁਪਨੇ ਲਓ। ਇਨ੍ਹਾਂ ਨਾਲ ਜ਼ਿੰਦਗੀ ਦੀ ਕੈਨਵਸ 'ਤੇ ਖ਼ੂਬਸੂਰਤ ਚਿੱਤਰਕਾਰੀ ਕਰੋ ਅਤੇ ਸੂਹੇ ਤੇ ਸੁੱਚੇ ਰੰਗਾਂ ਨਾਲ ਵਰੋਸਾਇ ਰਾਤਾਂ ਦੇ, ਪ੍ਰਭਾਤਾਂ ਦੇ, ਸੁਗਾਤਾਂ ਦੇ, ਜਜ਼ਬਾਤਾਂ ਦੇ, ਹਾਲਾਤਾਂ ਦੇ, ਜਾਤਾਂ ਦੇ, ਗੱਲਾਂਬਾਤਾਂ ਦੇ ਅਤੇ ਮੁਲਾਕਾਤਾਂ ਦੇ ਵੀ ਹੁੰਦੇ। ਰੰਗ ਤਾਂ ਰੂਹਾਂ, ਜੂਹਾਂ, ਸੂਹਾਂ ਅਤੇ ਬਰੂਹਾਂ ਦੇ ਵੀ ਹੁੰਦੇ ਜਿਸ ਵਿਚੋਂ ਕਿਸੇ ਦੀ ਮਾਨਸਿਕਤਾ ਨੂੰ ਪੜ੍ਹਿਆ ਅਤੇ ਸਮਝਿਆ ਜਾ ਸਕਦਾ।

ਸਭ ਤੋਂ ਅਹਿਮ ਹੁੰਦਾ ਸਾਡੀ ਸੋਚ, ਸੁਪਨਿਆਂ ਅਤੇ ਸਾਧਨਾ ਦਾ ਧੁੱਪ ਵਰਗਾ ਰੰਗ ਜਿਸ ਵਿਚ ਸਮੋਏ ਹੁੰਦੇ ਸੱਤੇ ਰੰਗ। ਇਨ੍ਹਾਂ ਰੰਗਾਂ ਵਿਚੋਂ ਮਨੁੱਖੀ ਫ਼ਿਤਰਤ ਨੂੰ ਪਰਖਿਆ, ਪਰਤਾਇਆ ਅਤੇ ਪਹਿਚਾਣਿਆ ਜਾ ਸਕਦਾ। ਪਰ ਸਭ ਤੋਂ ਖ਼ੂਬਸੂਰਤ ਹੁੰਦਾ ਇਨਸਾਨੀਅਤ ਦਾ ਰੰਗ ਜਦ ਕਿਸੇ ਨੂੰ ਚੜ੍ਹਦਾ ਤਾਂ ਮਨੁੱਖ ਮਾਣ ਦਾ ਸਿਰਨਾਵਾਂ ਬਣਦਾ। ਉਹ 'ਮਾਨਸ ਕੀ ਜਾਤ ਏਕੈ ਪਹਿਚਾਨਬੋ' ਦਾ ਪੈਗ਼ਾਮ ਫੈਲਾਉਂਦਾ ਅਤੇ ਇਸਨੂੰ ਜੀਵਨ-ਸ਼ੈਲੀ ਦਾ ਅੰਗ ਬਣਾਉਂਦਾ। ਆਪਣੇ ਅੰਦਰ ਝਾਕਣਾ ਕਿ ਸਾਡੇ ਰੰਗ ਵਿਚ ਕਿੰਨੀ ਕੁ ਇਨਸਾਨੀਅਤ ਅਤੇ ਕਿੰਨੀ ਕੁ ਹੈਵਾਨੀਅਤ? ਫਿਰ ਤੁਹਾਡੀਆਂ ਤਰਜੀਹਾਂ ਅਤੇ ਤਮੰਨਾਵਾਂ ਆਪਣੇ ਆਪ ਹੀ ਬਦਲ ਜਾਣਗੀਆਂ। ਲੋੜ ਹੈ ਕਿ ਅਸੀਂ ਜਾਤਾਂ, ਧਰਮਾਂ, ਨਸਲਾਂ, ਰੰਗਾਂ ਤੋਂ ਉਪਰ ਉਠ, ਸੂਹੇ, ਸੁੱਚੇ ਤੇ ਸੰਦਲੀ ਰੰਗਾਂ ਦੀ ਪਛਾਣ ਕਰੀਏ। ਇਨ੍ਹਾਂ ਦਾ ਛੱਟਾ ਚੌਗਿਰਦੇ ਵਿਚ ਦੇਈਏ ਤਾਂ ਕਿ ਰਾਂਗਲੀ ਫ਼ਿਜ਼ਾ ਸਾਡੀਆਂ ਤਲੀਆਂ 'ਤੇ ਖ਼ੁਸ਼ੀਆਂ, ਖੇੜਿਆਂ ਅਤੇ ਭਾਈਚਾਰਕ ਸਾਂਝ ਦਾ ਸੁਨੇਹਾ ਉਕਰ, ਸਮੇਂ ਅਤੇ ਸਮਾਜ ਨੂੰ ਯੁੱਗ ਜਿਊਣ ਦਾ ਵਰਦਾਨ ਦੇਵੇ।

# ਇੰਦਰਜੀਤ/ਇਮਰੋਜ਼ ਦਾ ਤੁਰ ਜਾਣਾ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ

ਫੋਨ: 91-98157-78469

Sandhugulzar@yahoo.com

ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਦਾ ਸੀਨੀਅਰ ਫੈਲੋ ਤੇ ਪੰਜਾਬੀ ਲੇਖਿਕਾ ਅੰਮ੍ਰਿਤਾ ਪ੍ਰੀਤਮ ਦੀ ਉਮਰ ਦੇ ਦੂਜੇ ਅੱਧ ਦਾ ਸਾਥੀ ਇਮਰੋਜ਼ ਪਿਛਲੇ ਹਫ਼ਤੇ 98 ਸਾਲ ਦੀ ਆਯੂ ਭੋਗ ਕੇ ਆਪਣੀ ਮੁੰਬਈ ਵਾਲੀ ਰਿਹਾਇਸ਼ ਤੋਂ ਅਲਵਿਦਾ ਕਹਿ ਗਿਆ ਹੈ। 26 ਜਨਵਰੀ 1926 ਨੂੰ ਲਾਇਲਪੁਰ ਵਿਚ ਜਨਮੇ ਇਮਰੋਜ਼ ਦਾ ਮੁਢਲਾ ਨਾਂ ਇੰਦਰਜੀਤ ਸੀ ਤੇ 1966 ਵਿਚ ਦਰਿਆ ਗੰਜ ਦਿੱਲੀ ਤੋਂ ਛਪਦੇ ਉਰਦੂ ਰਸਾਲੇ 'ਸ਼ਮਅ' ਦੇ ਸੰਪਾਦਕੀ ਅਮਲੇ ਵਿਚ ਚਿਤਰਕਾਰੀ ਦਾ ਕੰਮ ਕਰਦਾ ਸੀ ਜਦੋਂ ਆਪਣੇ ਤੋਂ ਸੱਤ ਸਾਲ ਵੱਡੀ ਅੰਮ੍ਰਿਤਾ ਪ੍ਰੀਤਮ ਦੇ ਸੰਪਰਕ ਵਿਚ ਆਇਆ।

ਅੰਤਲੇ ਸਾਹ ਲੈਣ ਤੱਕ ਇਮਰੋਜ਼ ਵਜੋਂ ਜਾਣੇ ਜਾਂਦੇ ਇੰਦਰਜੀਤ ਨੂੰ ਇਹ ਤਾਂ ਪਤਾ ਸੀ, ਕਿ ਉਸਦਾ ਗੋਤ ਭੰਗੂ ਹੈ ਪਰ ਇਹ ਨਹੀਂ ਸੀ ਜਾਣਦਾ ਕਿ ਉਨ੍ਹਾਂ ਦੇ ਵਡੇਰੇ ਮਹਿਤਾਬ ਸਿੰਘ ਨੇ ਭਾਈ ਸੁਖਾ ਸਿੰਘ ਮਾੜੀ ਕੰਬੋਕੇ ਨੂੰ ਨਾਲ ਲੈ ਕੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੱਸਾ ਰੰਘੜ ਨੂੰ ਕਤਲ ਕਰ ਕੇ ਨਾਮਣਾ ਖੱਟਿਆ ਸੀ। ਮੇਰਾ ਆਪਣਾ ਨਾਨਕਾ ਪਿੰਡ ਕੋਟਲਾ ਬਡਲਾ ਹੈ ਜਿਹੜਾ ਖੰਨਾ ਸੰਘੋਲ ਮਾਰਗ ਉਤੇ ਪੈਂਦੇ ਉਨ੍ਹਾਂ ਪੰਜ ਪਿੰਡਾਂ ਵਿਚੋਂ ਇਕ ਹੈ।

ਜਿਹੜੇ ਮਹਿਤਾਬ ਸਿੰਘ ਦੇ ਪੁਤ ਪੋਤਰੇ ਰਾਏ ਸਿੰਘ ਨੇ ਵਸਾਏ ਸਨ। ਇਹ ਪਿੰਡ ਭੰਗੂਆਂ ਦਾ ਗੜ੍ਹ ਮੰਨੇ ਜਾਂਦੇ ਹਨ ਤੇ ਇਨ੍ਹਾਂ ਦੇ ਵਸਨੀਕ ਅੱਜ ਵੀ ਮੱਸੇ ਰੰਘੜ ਦੇ ਕਤਲ ਦਾ ਸਾਕਾ ਬੜੇ ਮਾਣ ਨਾਲ ਦੱਸਦੇ ਹਨ। ਅਣਵੰਡੇ ਪੰਜਾਬ ਦੇ ਲਾਇਲਪੁਰ ਵਿਚ ਜਨਮੇ ਇੰਦਰਜੀਤ ਨੂੰ ਤਾਂ ਇਹ ਵੀ ਨਹੀਂ ਸੀ ਪਤਾ ਕਿ ਮਹਿਤਾਬ ਸਿੰਘ ਦਾ ਪਿੰਡ ਮੀਰਾਂਕੋਟ ਮਾਝੇ ਵਿਚ ਪੈਂਦਾ ਸੀ। ਜਦੋਂ ਮੈਂ ਇੰਦਰਜੀਤ ਨੂੰ ਦੱਸਿਆ ਸੀ ਕਿ ਮੇਰਾ ਨਾਨਕਾ ਗਰੇ ਵੀ ਭੰਗੂ ਹੈ ਤਾਂ ਉਸਨੇ ਮੇਰੀ ਗੱਲ ਨੂੰ ਨਹੀਂ ਸੀ ਗੌਲਿਆ। ਉਹਨੂੰ ਤਾਂ ਸ਼ਾਇਦ ਇਹ ਵੀ ਨਹੀਂ ਸੀ ਪਤਾ ਕਿ ਉਸਦੇ ਵਡੇਰੇ ਵੀ ਅੰਗਰੇਜ਼ਾਂ ਵਲੋਂ ਵਸਾਈਆਂ ਨਹਿਰੀ ਕਾਲੋਨੀਆਂ ਸਮੇਂ ਮਾਝਾ ਛੱਡ ਕੇ ਲਾਇਲਪੁਰ ਗਏ ਹੋਣ।

ਚੇਤੇ ਰਹੇ ਕਿ ਅੰਮ੍ਰਿਤਾ ਪ੍ਰੀਤਮ ਦਾ ਘਰ ਉਨ੍ਹਾਂ ਪਲਾਟਾਂ ਵਿਚੋਂ ਇੱਕ ਉੱਤੇ ਉਸਰਿਆ ਸੀ ਜਿਹੜੇ ਮਹਿੰਦਰ ਸਿੰਘ ਰੰਧਾਵਾ ਨੇ 1947 ਵਿਚ ਦਿੱਲੀ ਦਾ ਡਿਪਟੀ ਕਮਿਸ਼ਨਰ ਹੁੰਦਿਆਂ ਸਾਹਿਤਕਾਰਾਂ ਅਤੇ ਕਲਾਕਾਰਾਂ ਨੂੰ ਕੌਡੀਆਂ ਦੇ ਮੁੱਲ ਦਿਲਵਾਏ ਸਨ। ਇਨ੍ਹਾਂ ਵਿਚੋਂ ਸਾਹਿਤਕਾਰ ਕਰਤਾਰ ਸਿੰਘ ਦੁੱਗਲ, ਕਲਾਕਾਰ ਐਨ ਐਸ ਬਿਸ਼ਟ ਤੇ ਛਾਪਕ ਪ੍ਰਕਾਸ਼ਕ ਭਾਪਾ ਪ੍ਰੀਤਮ ਸਿੰਘ ਦੇ ਨਾਂ ਮੈਨੂੰ ਅੱਜ ਵੀ ਚੇਤੇ ਹਨ। ਇਹ ਗੱਲ ਵੱਖਰੀ ਹੈ ਕਿ ਅੰਮ੍ਰਿਤਾ ਪ੍ਰੀਤਮ ਵਾਲਾ ਘਰ ਉਸਦੇ ਬੇਟੇ ਨਵਰਾਜ ਨੇ ਆਪਣੇ ਜੀਉਂਦੇ-ਜੀਅ ਵੇਚ ਦਿੱਤਾ ਸੀ ਜਿਥੇ ਅੱਜ ਕਈ ਮੰਜ਼ਲੀ ਇਮਾਰਤ ਉਸਰ ਚੁੱਕੀ ਹੈ।

ਇਹ ਗੱਲ ਤਾਂ ਮੈਥੋਂ ਪਹਿਲੀ ਪੀੜ੍ਹੀ ਦੇ ਸਾਰੇ ਸਾਹਿਤ ਰਸੀਏ ਜਾਣਦੇ ਹਨ ਕਿ ਅੰਮ੍ਰਿਤਾ ਦੇ ਬੇਟੇ ਨਵਰਾਜ ਨੇ ਪਹਿਲਾਂ ਇਕ ਗੁਜਰਾਤੀ ਲੜਕੀ ਨਾਲ ਵਿਆਹ ਕਰਵਾਇਆ ਸੀ (ਜਿਹੜੀ ਅੱਜ-ਕੱਲ੍ਹ ਇੰਗਲੈਂਡ ਰਹਿੰਦੀ ਹੈ) ਤੇ ਫੇਰ ਇਕ ਹਿਮਾਚਲ ਪਿਛੋਕੜ ਵਾਲੀ ਅਲਕਾ ਨਾਂ ਦੀ ਪੰਜਾਬਣ ਨਾਲ ਜਿਸ ਨੂੰ ਨਵਰਾਜ ਮੁੰਬਈ ਲੈ ਗਿਆ ਸੀ।

ਉਂਝ ਨਵਰਾਜ ਦਾ ਮਨ ਆਪਣੀ ਮਾਂ ਦਾ ਘਰ ਵੇਚਣ ਨਾਲ ਵੀ ਨਹੀਂ ਸੀ ਰੱਜਿਆ ਤੇ ਮੁੰਬਈ ਜਾ ਕੇ ਫਿਲਮੀ ਦੁਨੀਆਂ ਦੇ ਅਜਿਹੇ ਪਾਤਰਾਂ ਦੇ ਟੇਟੇ ਚੜ੍ਹਿਆ ਜਿਨ੍ਹਾਂ ਨੇ ਪੈਸੇ ਦੇ ਲਾਲਚ ਵਿਚ ਉਸਦੀ ਹੱਤਿਆ ਕਰਵਾ ਦਿੱਤਾ ਸੀ।

ਇਮਰੋਜ਼ ਵਲੋਂ ਦਿੱਲੀ ਛੱਡ ਮੁੰਬਈ ਜਾ ਕੇ ਉਸਦੇ ਪਰਿਵਾਰ ਨੂੰ ਸਾਂਭਣਾ ਕੁਰਬਾਨੀ ਵਾਲੀ ਗੱਲ ਸੀ। ਉਸਨੇ ਅਲਕਾ ਨੂੰ ਆਪਣੀ ਨੂੰਹ ਤੇ ਨਵਰਾਜ ਦੇ ਬੱਚਿਆਂ ਨੂੰ ਆਪਣੇ ਪੁੱਤਾਂ ਪੋਤਰਿਆਂ ਵਾਂਗ ਪਾਲਿਆ ਤੇ ਮਰਦੇ ਦਮ ਤੱਕ ਉਨ੍ਹਾਂ ਦੇ ਅੰਗ-ਸੰਗ ਰਿਹਾ।

ਮੇਰੇ ਭਾਪਾ ਪ੍ਰੀਤਮ ਸਿੰਘ, ਅੰਮ੍ਰਿਤਾ ਤੇ ਇਮਰੋਜ਼ ਨਾਲ ਰਾਬਤੇ ਦੀ ਗੱਲ ਮੇਰੇ ਦਿੱਲੀ ਦਾਖ਼ਲੇ ਨਾਲ ਜੁੜਦੀ ਹੈ। ਮੈਂ ਮਹਿਲਪੁਰ ਨੇੜਲਾ ਆਪਣਾ ਪਿੰਡ ਛੱਡ ਕੇ ਦਿੱਲੀ ਪਹੁੰਚਿਆ ਤਾਂ ਮੇਰਾ ਟਿਕਾਣਾ ਚਾਂਦਨੀ ਚੌਕ ਦੀ ਸਾਈਕਲ ਮਾਰਕਿਟ ਦੇ ਪਿੱਛੇ ਕੂਚਾ ਚੌਧਰੀ ਵਿਚ ਸੀ ਜਿਹੜਾ ਭਾਪਾ ਪ੍ਰੀਤਮ ਸਿੰਘ, ਗਿਆਨੀ ਜਸਵੰਤ ਸਿੰਘ ਤੇ ਪਿਆਰਾ ਸਿੰਘ ਦਾਤਾ ਵਾਲੀ ਪਲਈਅਰ ਗਾਰਡਨ ਮਾਰਕਿਟ ਦੀ ਬੁੱਕਲ ਵਿਚ ਪੈਂਦਾ ਸੀ।

ਕੂਚਾ ਚੌਧਰੀ ਦੇ 20 ਨੰਬਰ ਮਕਾਨ ਵਿਚ ਮੇਰੀ ਮਾਂ ਦੇ ਤਿੰਨ ਭੂਆ ਦੇ ਪੁੱਤਰ ਰਹਿੰਦੇ ਸਨ ਜਿਨ੍ਹਾਂ ਦੀ ਆਮਦਨ ਦਾ ਸੋਮਾ ਟੈਕਸੀਆਂ ਸਨ। ਉਨ੍ਹਾਂ ਵਿਚੋਂ ਸਭ ਤੋਂ ਵੱਡੇ ਸੁਖਦੇਵ ਸਿੰਘ ਦਿੱਲੀ ਦੀ ਟੈਕਸੀ ਯੂਨੀਅਨ ਦਾ ਸੈਕਟਰੀ ਸੀ ਤੇ ਉਲਟੀ ਪਲਈਰ ਗਾਰਡਨ ਦੇ ਕਾਰੋਬਾਰੀਆਂ ਨਾਲ ਚੰਗੀ ਬਣਦੀ ਸੀ। ਉਨ੍ਹਾਂ ਵਿਚੋਂ ਭਾਪਾ ਪ੍ਰੀਤਮ ਸਿੰਘ ਦੀ ਰਿਹਾਇਸ਼ ਅੰਮ੍ਰਿਤਾ ਪ੍ਰੀਤਮ ਦੀ ਉਸ ਕੋਠੀ ਦੇ ਪਿੱਛੇ ਸੀ ਜਿਸਦੀ ਅਜੋਕੀ ਹਾਲਤ ਦਾ ਜ਼ਿਕਰ ਹੋ ਚੁੱਕਾ ਹੈ। ਮੈਂ ਅੰਮ੍ਰਿਤਾ ਪ੍ਰੀਤਮ ਨੂੰ ਭਾਪਾ ਜੀ ਰਾਹੀਂ ਜਾਣਿਆ ਤੇ ਇੰਦਰਜੀਤ ਤੋਂ ਇਮਰੋਜ਼ ਬਣੇ ਚਿੱਤਰਕਾਰ ਨੂੰ ਅੰਮ੍ਰਿਤਾ ਰਾਹੀਂ ਉਸਨੇ ਇਮਰੋਜ਼ ਨਾਮ ਆਪਣੀ ਮਰਜ਼ੀ ਨਾਲ ਗ੍ਰਹਿਣ ਕੀਤਾ ਜਾਂ ਅੰਮ੍ਰਿਤਾ ਸਦਕਾ, ਕਿਸੇ ਨੂੰ ਨਹੀਂ ਪਤਾ।

ਇਹ ਗੱਲ ਤਾਂ ਜੱਗ ਜ਼ਾਹਰ ਹੈ ਕਿ ਜਦੋਂ 1958 ਵਿਚ ਭਾਪਾ ਜੀ ਨੇ 'ਆਰਸੀ' ਨਾਂ ਦਾ ਸਹਿਤਕ ਰਸਾਲਾ ਕੱਢਿਆ ਤਾਂ ਉਨ੍ਹਾਂ ਨੇ ਅੰਮ੍ਰਿਤਾ ਪ੍ਰੀਤਮ ਨੂੰ ਪਰਚੇ ਦੀ ਨਿਗਰਾਨ ਥਾਪਿਆ ਸੀ। ਕਿਸੇ ਕਾਰਨ ਇਹ ਪ੍ਰਬੰਧ ਟੁੱਟਿਆ ਤਾਂ ਅੰਮ੍ਰਿਤਾ ਪ੍ਰੀਤਮ ਨੂੰ ਸਾਹਿਤਕ ਰਸਾਲੇ ਦੀ ਅਜਿਹੀ ਚੇਟਕ ਲੱਗ ਚੁੱਕੀ ਸੀ ਕਿ ਉਸਨੇ ਵੀ 'ਨਾਗਮਣੀ' ਨਾਂ ਦਾ ਸਾਹਿਤਕ ਰਸਾਲਾ ਕੱਢ ਲਿਆ। ਇਹ ਗੱਲ ਵੱਖਰੀ ਹੈ ਕਿ ਹੁਣ ਉਸਨੇ ਇਮਰੋਜ਼ ਨੂੰ ਆਪਣੇ ਨਾਲ ਜੋੜ ਲਿਆ ਤੇ ਰਸਾਲੇ ਦੇ ਮੁੱਢਲੇ ਪੰਨੇ ਉਤੇ ਸੰਪਾਦਕੀ ਜੋੜੀ ਦੀ ਥਾਂ 'ਕਾਮੇ: ਅੰਮ੍ਰਿਤਾ ਇਮਰੋਜ਼' ਲਿਖਣ ਦੀ ਪਿਰਤ ਪਾਈ। ਇਸ ਵਿਧੀ ਨਾਲ ਅੰਮ੍ਰਿਤਾ ਪ੍ਰੀਤਮ ਦਾ ਧਿਆਨ ਸਾਹਿਰ ਲੁਧਿਆਣਵੀ ਵਲੋਂ ਸਦਾ ਲਈ ਟੁੱਟ ਗਿਆ ਤੇ ਉਹ ਇਮਰੋਜ਼ ਦੀ ਹੋ ਕੇ ਰਹਿ ਗਈ। ਸਾਹਿਤਕ ਵਿਹੜਿਆਂ ਵਿਚ ਇਹ ਗੱਲਾਂ ਤਾਂ ਚਰਚਾ ਦਾ ਵਿਸ਼ਾ ਰਹੀਆਂ ਹਨ ਪਰ ਇਸ ਗੱਲ ਵੱਲ ਲੋਕਾਂ ਦਾ ਧਿਆਨ ਨਹੀਂ ਗਿਆ ਕਿ ਇਮਰੋਜ਼ ਨੇ ਅੰਮ੍ਰਿਤਾ ਤੇ ਉਸਦੇ ਪਰਿਵਾਰ ਲਈ ਜ਼ਿੰਦਗੀ ਵਾਰ ਛੱਡੀ ਸੀ। ਇਹ ਵੱਡੀ ਕੁਰਬਾਨੀ ਵਾਲੀ ਗੱਲ ਸੀ। ਉਸਦੀ ਚਿੱਤਰਕਾਰੀ ਤੇ ਨਾਂ-ਬਦਲੀ ਜਾਵੇ ਚੌਣੇ ਖੂਹ ਵਿਚ ਪੰਜਾਬੀ ਪਿਆਰੇ ਅੰਮ੍ਰਿਤਾ ਨੂੰ ਚੇਤੇ ਕਰਨਗੇ ਤਾਂ ਇਮਰੋਜ਼ ਦੀ ਦੇਣ ਵੀ ਨਹੀਂ ਭੁੱਲਣ ਲੱਗੇ। ਇਹ ਵੀ ਕਿ ਪ੍ਰੀਤਮ ਸਿੰਘ ਕਵਾਤੜਾ ਲੁੱਘੇ ਵਿਚ ਹੀ ਬਹੁਤ ਕੁੱਝ ਖੱਟ ਗਿਆ। ਉਸਦਾ ਨਾਂ ਰਹਿੰਦੀ ਦੁਨੀਆ ਤੱਕ ਅੰਮ੍ਰਿਤਾ ਦੇ ਅੰਗ-ਸੰਗ ਰਹੇਗਾ।

**ਅੰਤਿਕਾ**

—ਟੀ ਐਨ ਰਾਜ਼—

ਹੋ ਮੁਬਾਰਕ ਸਾਲ ਦਾ ਪਹਿਲਾ ਮਹੀਨਾ ਆਪਕੋ
ਔਰ ਮਿਲ ਜਾਏ ਨਈ ਕੋਈ ਹਸੀਨਾ ਆਪਕੋ
ਹਮ ਦਿਸੰਬਰ ਮੇਂ ਮਗਰ ਪੂਛੇਂਗੇ ਹਜ਼ਰਤ ਯੇਹ ਜ਼ਰੂਰ
ਮਿਲ ਗਿਆ ਕਿਆ ਇਸ਼ਕ ਕੀ ਮੰਜ਼ਿਲ ਕਾ ਜ਼ੀਨਾ ਆਪਕੋ।

# SANT BABA PREM SINGH JI SPORTS CLUB SOUTH BEND INDIANA

## Happy New Year ! Happy New Year !



ਬਲਦੇਵ ਸਿੰਘ ਸੱਲ੍ਹਾਂ
(ਸਰਪ੍ਰਸਤ ਪ੍ਰਧਾਨ)



ਪ੍ਰਿਥਪਾਲ ਸਿੰਘ ਘੋਤੜਾ
(ਸਰਪ੍ਰਸਤ ਪ੍ਰਧਾਨ)

**ਅਸੀਂ ਆਸ ਤੇ ਅਰਦਾਸ ਕਰਦੇ ਹਾਂ ਕਿ ਸਾਲ 2024 ਹਰੇਕ ਦੀ ਜ਼ਿੰਦਗੀ ਵਿਚ ਨਵੀਆਂ ਉਗਮਦੀਆਂ ਉਮੰਗਾਂ ਤੇ ਖੁਸ਼ੀਆਂ ਖੇੜੇ ਲੈ ਕੇ ਆਵੇ। ਪੰਜਾਬ ਤੇ ਪੰਜਾਬੀਅਤ ਵਧੇ ਫ਼ੁੱਲੇ। ਤੁਹਾਡੇ ਸਾਰਿਆਂ ਦੇ ਸੁਪਨੇ ਹਕੀਕਤਾਂ ਦਾ ਰੂਪ ਲੈਣ ਤੇ ਹਰ ਕੋਈ ਸਕੂਨਮਈ ਜ਼ਿੰਦਗੀ ਜੀਵੇ।**

ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ ਨੂੰ ਸਰਬੰਸ ਦਾਨੀ, ਨਿਆਸਰਿਆਂ ਦੇ ਆਸਰੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀਆਂ ਲੱਖ ਲੱਖ ਵਧਾਈਆਂ।

ਅਰਦਾਸ ਹੈ, ਗੁਰੂ ਕਲਗੀਧਰ ਪਿਤਾ ਆਪਣੀ ਕਲਾ ਵਰਤਾਉਣ। ਪੰਥ ਵਿਚ ਪਈ ਹੋਈ ਦੁਬਿਧਾ ਅਤੇ ਵਖਰੇਵੇਂ ਦੂਰ ਹੋਣ। ਗੁਰੂ ਪਾਤਸ਼ਾਹ ਜੀ ਦਾ ਸਾਜਿਆ ਪੰਥ ਖਾਲਸਾ ਪਰਿਵਾਰ ਆਪਣੇ ਉਚੇ-ਸੁਚੇ ਵਿਰਸੇ ਦਾ ਅਹਿਸਾਸ ਕਰੇ ਅਤੇ ਗੁਰੂ ਸਾਹਿਬ ਜੀ ਦੇ ਪਵਿੱਤਰ ਵਾਕ, "ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥੧॥" ਅਨੁਸਾਰ ਪੰਥ ਦੀ ਚੜ੍ਹਦੀ ਕਲਾ ਲਈ ਇਕ ਝੰਡੇ ਥੱਲੇ ਇਕੱਤਰ ਹੋਵੇ।



ਪਾਲ ਸਿੰਘ ਖ਼ਲੀਲ
ਪ੍ਰਧਾਨ



ਬਲਵਿੰਦਰ ਸਿੰਘ
ਸ਼ਿਕਾਗੋ



ਗੁਰਪ੍ਰੀਤ ਸਿੰਘ ਬੌਬੀ
(ਸਲੇਮਪੁਰ)



ਬਬਲੂ
ਬੈਂਥਨ ਹਾਰਬਰ



ਨਵਦੀਪ ਸਿੰਘ ਲੱਭਾ



ਬਲਜਿੰਦਰ ਸਿੰਘ
ਲਾਡੀ



ਕੁਲਜੀਤ ਸਿੰਘ ਰੂਬੀ



ਦੀਦਾਰ ਸਿੰਘ ਬੈਂਸ
ਲੱਖਾ



ਰਾਜੇਸ਼ ਕੁਮਾਰ




ਵਿੱਕੀ ਸਿੰਘ
ਉਚਾ ਪਿੰਡ



ਗੁਰਜਿੰਦਰ ਸਿੰਘ ਰਿੰਕੂ




ਜਤਿੰਦਰ ਪਾਲ ਸਿੰਘ
ਕਾਲਾ



ਜਸਵਿੰਦਰ ਸਿੰਘ ਰਿੰਕੂ



ਅਜੇਪਾਲ ਸਿੰਘ ਮੀਰਾਂਪੁਰ



ਨਿਰਮਲਜੀਤ ਸਿੰਘ
ਰਿਚੀ

## ਹੋਰ ਜਾਣਕਾਰੀ ਲਈ ਸੰਪਰਕ ਕਰੋ:

**ਪਾਲ ਸਿੰਘ ਖ਼ਲੀਲ 269-861-1800, ਦੀਦਾਰ ਸਿੰਘ ਬੈਂਸ ਲੱਖਾ 574-210-0213**

# Noblesville

## *Trucks & Trailer Repair Shop*

**15203 Stony Creek Way,**
**Noblesville, IN 46060**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road**
**Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,**
**Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976




**Heavy duty Trucks & Trailer Parts**

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020

# ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ)

## ਵਲੋਂ ਸਮੂਹ ਸਹਿਯੋਗੀਆਂ, ਸਪਾਂਸਰਾਂ, ਖਿਡਾਰੀਆਂ, ਖੇਡ ਪ੍ਰੇਮੀਆਂ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

## ਸਰਬੰਸ ਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ (23 ਪੋਹ, 5 ਜਨਵਰੀ) ਅਤੇ ਨਵੇਂ ਸਾਲ 2024 ਦੀਆਂ

# ਲੱਖ-ਲੱਖ ਵਧਾਈਆਂ

ਸ਼ੇਰ-ਏ-ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ) ਦੇ ਸਮੂਹ ਸਪਾਂਸਰਾਂ ਤੇ ਸਹਿਯੋਗੀਆਂ ਦਾ ਹਮੇਸ਼ਾ ਸਾਥ ਦੇਣ ਲਈ ਧੰਨਵਾਦ।

### ਬੋਰਡ ਮੈਂਬਰ


ਲਖਵਿੰਦਰ ਸਿੰਘ ਪ੍ਰਧਾਨ


ਜਸਰੂਪ ਸਿੰਘ ਮੀਤ ਪ੍ਰਧਾਨ


ਅੰਮ੍ਰਿਤਪਾਲ ਮਾਂਗਟ ਖਜ਼ਾਨਚੀ


ਪਰਮਿੰਦਰ ਸਿੰਘ ਵਾਲੀਆ


ਅਮਰਦੇਵ ਸਿੰਘ ਬੰਦੇਸ਼ਾ


ਦੀਪਾ ਬੰਦੇਸ਼ਾ


ਗੁਰਦੇਵ ਸਿੰਘ ਗਿੱਲ


ਬਲਵਿੰਦਰ ਸਿੰਘ ਚੱਠਾ


ਦਰਸ਼ਨ ਸਿੰਘ ਪੰਮਾ


ਅੰਮ੍ਰਿਤਪਾਲ ਗਿੱਲ


ਅਮਰਜੀਤ ਬੰਦੇਸ਼ਾ


ਮਨਜਿੰਦਰ ਸਿੰਘ

**For Further Information:** Phone: 920-460-1001, 847-561-7101, 630-523-3412, 815-546-0525, 847-544-1788, 708-612-7963, 847-338-3866, 847-477-1613, 630-947-3686, 847-271-7451

**Shere Punjab Sports Club-Chicago (Midwest)**

# ਆਰੀਅਨਾਂ ਦੀ ਕਹਾਣੀ, ਇਤਿਹਾਸਕਾਰ ਦੀ ਜ਼ਬਾਨੀ

**ਉਘੇ ਇਤਿਹਾਸ ਚਾਰਲਸ ਐਲੇਨ ਦੀ ਕਿਤਾਬ 'ਆਰੀਅਨਜ਼' ਸ਼ਾਇਦ ਇਸ ਕਰ ਕੇ ਵੱਧ ਪ੍ਰਭਾਵਸ਼ਾਲੀ ਹੈ ਕਿ ਇਹ ਭਾਰਤੀ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੀਆਂ ਮੌਜੂਦਾ (ਮੋਦੀ) ਨਿਜ਼ਾਮ ਦੀਆਂ ਕੋਸ਼ਿਸ਼ਾਂ ਨੂੰ ਤਾਰਕਿਕ ਢੰਗ ਨਾਲ ਨਾਕਾਮ ਬਣਾਉਣ ਦੀ ਚਾਹਤ ਤੋਂ ਉਪਜੀ ਹੈ। ਸੰਘ ਪਰਿਵਾਰ ਦੇ ਸਰਵੇ-ਸਰਵਾ, ਖ਼ਾਸ ਕਰ ਕੇ ਮਰਹੂਮ ਸਰਸੰਘ ਸੰਚਾਲਕ ਗੁਰੂ ਗੋਵਲਕਰ ਇਸ ਮਿੱਥ ਨੂੰ ਤੱਥ ਵਿਚ ਬਦਲਣ ਦੇ ਯਤਨਸ਼ੀਲ ਰਹੇ ਹਨ ਕਿ ਆਰੀਅਨਜ਼ ਵਿਦੇਸ਼ੀ ਧਾੜਵੀ ਨਹੀਂ ਸਨ, ਉਹ ਤਾਂ ਭਾਰਤੀ ਭੂਮੀ ਦੇ ਹੀ ਅਸਲ ਬਾਸ਼ਿੰਦੇ ਸਨ ਅਤੇ ਉਹ ਇੱਥੋਂ ਹੀ ਪਰਵਾਸ ਕਰ ਕੇ ਏਸ਼ੀਆ ਤੇ ਯੂਰਪ ਦੇ ਵੱਖ-ਵੱਖ ਹਿੱਸਿਆਂ ਵਿਚ ਗਏ।**



ਸੁਰਿੰਦਰ ਸਿੰਘ ਤੇਜ
ਫੋਨ: +91-98555-01488

ਅਜਬ ਹਨ ਇਹ ਵੇਰਵੇ: 13-14 ਹਜ਼ਾਰ ਸਾਲ ਪਹਿਲਾਂ ਧਰਤੀ ਅੰਦਰਲੀਆਂ ਟੈਕਟੌਨਿਕ ਪਲੇਟਾਂ ਨੇ ਵੱਡੀ ਕਰਵਟ ਲਈ। ਇਸ ਦਾ ਅਸਰ ਤਾਂ ਸਾਰੇ ਮਹਾਂਦੀਪਾਂ ਉੱਤੇ ਪਿਆ ਪਰ ਏਸ਼ੀਆ ਤੇ ਯੂਰਪ ਉੱਤੇ ਵੱਧ। ਜੁੜਵੇਂ ਹਨ ਦੋਵੇਂ ਮਹਾਂਦੀਪ। ਇਹ ਕਰਵਟ ਬਰਫ਼ਾਨੀ ਯੁੱਗ ਲਈ ਕਿਆਮਤ ਸਾਬਤ ਹੋਈ। ਬਰਫ਼ਾਂ ਪਿਘਲ ਕੇ ਨਦੀਆਂ, ਨਾਲਿਆਂ, ਝੀਲਾਂ ਤੇ ਦਰਿਆਵਾਂ ਦਾ ਰੂਪ ਧਾਰਨ ਕਰ ਗਈਆਂ। ਮਿੱਟੀ ਪਹਿਲਾਂ ਤਾਂ ਨਿੱਖਰੇ ਨਿੱਖਰੇ ਰੂਪ ਵਿਚ ਸਾਹਮਣੇ ਆਈ। ਫਿਰ ਇਸ ਉੱਪਰ ਹਰਿਆਲੀ ਦੀ ਚਾਦਰ ਵਿਛ ਗਈ। ਦੋਵਾਂ ਮਹਾਂਦੀਪਾਂ ਦੇ ਮੱਧ ਵਿਚ ਪੈਂਦੇ ਇਲਾਕੇ ਜੋ ਉਚੇਰੇ ਪਹਾੜਾਂ ਦੀ ਅਣਹੋਂਦ ਕਾਰਨ ਮੁੱਖ ਤੌਰ 'ਤੇ ਜਾਂ ਤਾਂ ਪੱਧਰਾ (ਫਲੈਟ) ਹੈ ਅਤੇ ਜਾਂ ਫਿਰ ਟਿੱਲਿਆਂ ਵਰਗੇ ਪਹਾੜਾਂ ਵਾਲਾ ਹੈ, ਉੱਪਰ ਹਰੇ ਕਚੂਰ 'ਘਾਹ ਦਾ ਸਮੁੰਦਰ' ਫੈਲ ਗਿਆ। ਇਕ ਘਾਹਖੋਰ ਜਾਨਵਰ ਨੂੰ ਇਹ ਤਬਦੀਲੀ ਬਹੁਤ ਰਾਸ ਆਈ। ਘਾਹ ਉਸ ਦੀ ਪਸੰਦੀਦਾ ਖ਼ੁਰਾਕ ਸੀ। ਉਸ ਦੀ ਤਾਦਾਦ ਤੇਜ਼ੀ ਨਾਲ ਵਧਣ ਲੱਗੀ। ਇਹ ਜਾਨਵਰ ਸੀ ਘੋੜਾ।

ਆਦਮ-ਜ਼ਾਤ 'ਤੇ ਵੀ ਇਸ ਫਿਜ਼ਾਈ ਤਬਦੀਲੀ ਦਾ ਸਿੱਧਾ ਅਸਰ ਪਿਆ। ਉਸ ਦਾ ਜਿਸਮਾਨੀ ਮੁਹਾਂਦਰਾ ਵੀ ਬਦਲਿਆ ਅਤੇ ਆਦਤਾਂ ਵੀ। ਸਿਰਫ਼ ਸ਼ਿਕਾਰ ਜਾਂ ਜੰਗਲੀ ਕੰਦ-ਮੂਲ ਉੱਤੇ ਨਿਰਭਰਤਾ ਘਟਾਉਂਦਿਆਂ ਉਸ ਨੇ ਧਰਤੀ ਤੋਂ ਪਹਿਲਾਂ ਖੇਤੀਬਾੜੀ ਤੇ ਫਿਰ ਵਪਾਰ ਦੇ ਰੂਪ ਵਿਚ ਕਮਾਉਣਾ ਸ਼ੁਰੂ ਕੀਤਾ। ਇਸੇ ਰੁਝਾਨ ਤੋਂ ਸੱਭਿਅਤਾਵਾਂ ਉਗਮੀਆਂ। ਨੀਲ ਘਾਟੀ ਭਾਵ ਮਿਸਰ ਦੀ, ਮੈਸੋਪੋਟੇਮੀਆ ਦੀ, ਸਿੰਧ ਘਾਟੀ ਤੇ ਹੜੱਪਾ ਦੀ ਅਤੇ ਚੀਨ ਨੇ ਉੱਤਰੀ ਸਿਰੇ ਮੰਗੋਲੀਆ ਦੀ ਸੱਭਿਅਤਾ। ਇਨ੍ਹਾਂ ਸੱਭਿਅਤਾਵਾਂ ਨੇ ਆਦਮੀ ਨੂੰ ਇਨਸਾਨ ਬਣਾਇਆ ਅਤੇ ਇਖ਼ਲਾਕ ਤੇ ਕਿਰਦਾਰ ਵਰਗੇ ਸੰਕਲਪਾਂ ਨੂੰ ਜਨਮ ਦਿੱਤਾ।

ਅੱਜ ਤੋਂ ਚਾਰ ਹਜ਼ਾਰ ਸਾਲ ਪਹਿਲਾਂ ਇਕ ਵਾਰ ਫਿਰ ਪਰਲੋ ਆਈ। ਇਹ ਸਭਿਅਤਾਵਾਂ ਨੂੰ ਆਪਣੇ ਨਾਲ ਸਮੇਟ ਕੇ ਲੈ ਗਈ ਪਰ ਉਦੋਂ ਤੱਕ ਆਦਮ-ਜ਼ਾਤ ਨੇ ਖ਼ੁਦ ਨੂੰ ਬਚਾਉਣ ਦੇ ਵਸੀਲੇ ਈਜਾਦ ਕਰ ਲਏ ਸਨ। ਉਹ ਖ਼ਤਮ ਨਹੀਂ ਹੋਈ। ਜਿੰਨੀ ਕੁ ਬਚੀ, ਉਸ ਨੇ ਖ਼ੁਦ ਨੂੰ ਸਹੇਜਿਆ। ਖਾਧ-ਖ਼ੁਰਾਕ ਦੀਆਂ ਨਵੀਆਂ ਵਿਧੀਆਂ ਅਪਣਾਈਆਂ ਅਤੇ ਵੱਧ ਊਰਜਾਵਾਨ ਹੋਣ ਦੇ ਰਾਹ ਤੁਰ ਪਈ। ਇਸ ਰਾਹ ਵਿਚ ਦੁੱਧ ਪੀਣਾ ਤੇ ਪਚਾਉਣਾ ਸ਼ਾਮਲ ਸੀ। ਦੇਹ-ਕਿਰਿਆਵਾਂ ਵਿਚ ਤਬਦੀਲੀਆਂ ਤੇ ਤਰਮੀਮਾਂ ਵਿਕਸਿਤ ਕਰਨ ਮਗਰੋਂ ਇਨਸਾਨ ਨੂੰ ਬਿਮਾਰੀਆਂ ਨਾਲ ਲੜਨ ਦੀ ਜਾਚ ਵੀ ਆ ਗਈ ਅਤੇ ਬਿਪਤਾਵਾਂ ਨਾਲ ਵੀ। ਇਸ ਕਾਰਜ ਵਿਚ ਗਊ ਬਹੁਤ ਸਹਾਈ ਸਾਬਤ ਹੋਈ। ਘੋੜਿਆਂ ਵਾਂਗ ਉਸ ਦੀ ਮੁੱਖ ਖ਼ੁਰਾਕ ਘਾਹ ਹੀ ਸੀ। ਗਊਆਂ ਤੇ ਘੋੜਿਆਂ ਰਾਹੀਂ ਆਈ ਚੁਸਤੀ-ਦਰੁਸਤੀ ਨੇ ਘਾਹ ਦੇ ਮੈਦਾਨਾਂ ਵਾਲੇ ਮੱਧ ਯੂਰੇਸ਼ੀਆ ਜਿਸ ਨੂੰ ਸਟੈੱਪ ਕਿਹਾ ਜਾਂਦਾ ਹੈ, ਵਿਚ ਰਹਿੰਦੇ ਖ਼ਾਨਾਬਦੋਸ਼ਾਂ ਦੇ ਵੱਖ-ਵੱਖ ਦਿਸ਼ਾਵਾਂ ਵੱਲ ਪਰਵਾਸ ਨੂੰ ਉਤਸ਼ਾਹਿਤ ਕੀਤਾ। ਉਹ ਕਿਉਂਕਿ ਸਰੀਰਕ ਤੌਰ 'ਤੇ ਵੱਧ ਊਰਜਾਵਾਨ ਸਨ ਅਤੇ ਰਹਿੰਦੇ ਵੀ ਉਸ ਇਲਾਕੇ ਵਿਚ ਸਨ ਜਿੱਥੇ ਊਰਜਾ ਦੇ ਸੋਮੇ ਵੱਧ ਸਨ, ਉਨ੍ਹਾਂ ਦੀ ਵਸੋਂ ਤੇਜ਼ੀ ਨਾਲ ਵਧੀ। ਇਸ ਵਸੋਂ ਦਾ ਪੇਟ ਭਰਨ ਦੀ ਮਜਬੂਰੀ ਨੇ ਵੀ ਪਰਵਾਸ ਨੂੰ ਹਵਾ ਦਿੱਤੀ।

ਕਾਲੇ ਸਾਗਰ ਦੇ ਸਾਹਿਲ 'ਤੇ ਵਸੇ ਯੂਕਰੇਨ ਤੋਂ ਕਜ਼ਾਖ਼ਸਤਾਨ ਦੀਆਂ ਚੀਨੀ ਹੱਦਾਂ ਤੱਕ ਦਾ ਖੇਤਰ ਹੈਸਟੈੱਪ। ਅੱਧੇ ਤੋਂ ਵੱਧ ਰੂਸ ਵੀ ਇਸੇ ਅਨੂਠੇ ਖੇਤਰ ਦਾ ਹਿੱਸਾ ਮੰਨਿਆ ਜਾਂਦਾ ਹੈ। ਆਰੀਅਨ ਇਸੇ ਇਲਾਕੇ ਦੇ ਹੀ ਬਾਸ਼ਿੰਦੇ ਸਨ ਪਰ ਬਹੁਤੀ ਹਿਜਰਤ ਇਸ ਖਿੱਤੇ ਦੇ ਪੱਛਮੀ ਹਿੱਸੇ ਭਾਵ ਯੂਰਪ ਦੇ ਨਾਲ ਲੱਗਦੇ ਏਸ਼ਿਆਈ ਇਲਾਕੇ ਤੋਂ ਹੀ ਹੋਈ। ਪਹਿਲਾਂ ਖ਼ਾਨਾਬਦੋਸ਼ ਕਬੀਲੇ ਉੱਤਰ-ਪੱਛਮ ਵੱਲ ਗਏ ਅਤੇ ਤਕਰੀਬਨ ਪੂਰੇ ਯੂਰਪ ਵਿਚੋਂ ਗੁਜ਼ਰਦੇ ਹੋਏ ਮੌਜੂਦਾ ਬ੍ਰਿਟਿਸ਼ ਟਾਪੂਆਂ ਤੱਕ ਪਹੁੰਚੇ। ਇਹ ਕੈਲਟਿਕ ਕਹਾਏ। ਕੈਲਟ ਜਾਂ ਕੈਲਟਿਕ ਨਸਲ ਹੁਣ ਵੇਲਜ਼ ਦੀ ਪ੍ਰਮੁੱਖ ਨਸਲ ਹੈ। ਕੁਝ ਹੋਰ ਪਹਿਲਾਂ ਇਰਾਨ ਆਏ ਅਤੇ ਫਿਰ ਉੱਥੋਂ ਭਾਰਤ ਵੀ ਪੁੱਜਣੇ ਸ਼ੁਰੂ ਹੋ ਗਏ। ਭਾਰਤ ਉਨ੍ਹਾਂ ਲਈ 'ਹਫ਼ਤ ਹਿੰਦੂ' ਭਾਵ ਸਪਤ ਸਿੰਧੂ (ਸਿੰਧ ਤੇ ਇਸ ਦੀਆਂ ਸਹਿਯੋਗੀ ਛੇ ਨਦੀਆਂ ਦਾ) ਦੇਸ਼ ਸੀ। ਇਹ ਪਰਵਾਸ ਇਕੋ ਹੱਲੇ ਨਹੀਂ ਹੋਇਆ। ਕਿਸ਼ਤਾਂ 'ਚ ਚੱਲਿਆ। ਦੱਖਣ ਭਾਰਤ ਦਾ ਬਹੁਤ ਸੀਮਤ ਜਿਹਾ ਇਲਾਕਾ ਅਜਿਹਾ ਬਚਿਆ ਜਿੱਥੇ ਆਰੀਅਨ ਨਹੀਂ ਪਹੁੰਚੇ। ਇਸ ਤਰ੍ਹਾਂ ਭਾਰਤ ਆਰੀਆਂ ਜਾਂ ਆਰੀਅਨਾਂ ਦੀ ਮੁੱਖ ਕਰਮ ਭੂਮੀ ਬਣ ਗਿਆ।

ਉਪਰੋਕਤ ਸਾਰਾ ਕਥਾਕ੍ਰਮ ਇਤਿਹਾਸਕਾਰ ਚਾਰਲਸ ਐਲੇਨ ਦੀ ਨਵੀਂ ਕਿਤਾਬ 'ਆਰੀਅਨਜ਼' ਦਾ ਛੋਟਾ ਜਿਹਾ ਹਿੱਸਾ ਹੈ। ਬੜੀ ਪੁਰਲੁਤਫ਼ ਹੈ ਇਹ ਕਿਤਾਬ। ਆਰੀਅਨਜ਼ ਦਾ ਹੁਣ ਤਕ ਦਾ ਬਿਰਤਾਂਤ ਪੇਸ਼ ਕਰਨ ਵਾਲੀ, ਉਹ ਵੀ ਇਸ ਨੂੰ ਅਕਾਦਮਿਕ ਖੁਸ਼ਕੀ ਤੋਂ ਬਚਾਅ ਕੇ। ਐਲੈਨ ਦੀ ਇਹ ਆਖ਼ਰੀ ਕਿਤਾਬ ਸੀ। 2020 ਵਿਚ ਇੰਤਕਾਲ ਹੋਣ ਤੋਂ ਪਹਿਲਾਂ ਉਹ ਇਸ ਕਿਤਾਬ ਦਾ ਖਰੜਾ ਮੁਕੰਮਲ ਕਰ ਚੁੱਕਾ ਸੀ। ਇਸ ਖਰੜੇ ਨੂੰ ਆਪਣੀ ਸੰਪਾਦਕੀ ਧਾਰ ਅਤੇ ਮੁਹਾਰਤ ਰਾਹੀਂ ਲਿਸ਼ਕਾ-ਪੁਸ਼ਕਾ ਕੇ ਪਾਠਕਾਂ ਸਾਹਮਣੇ ਪਰੋਸਣ ਦਾ ਕੰਮ ਡੇਵਿਡ ਲੌਇਨ ਨੇ ਕੀਤਾ ਜੋ ਖ਼ੁਦ ਵੀ ਨਾਮੀ ਇਤਿਹਾਸਕਾਰ ਹੈ। ਉਸ ਦੀ ਲਿਖੀ ਭੂਮਿਕਾ ਸਮੁੱਚੇ ਵਿਸ਼ੇ ਉੱਤੇ ਉਸ ਦੀ ਪਕੜ ਦੀ ਉਮਦਾ ਮਿਸਾਲ ਹੈ। ਐਲੇਨ ਦਾ ਕਾਰਜ ਖੇਤਰ ਬੜਾ ਵਸੀਹ ਸੀ। ਉਸ ਨੂੰ ਮੁੱਖ ਰੂਪ ਵਿਚ ਭਾਰਤ-ਸ਼ਾਸਤਰੀ (ਭਾਵ ਭਾਰਤੀ ਇਤਿਹਾਸ ਦਾ ਮਾਹਿਰ) ਮੰਨਿਆ ਜਾਂਦਾ ਹੈ ਪਰ ਉਸ ਨੇ ਚੀਨ, ਤਿੱਬਤ, ਦੱਖਣੀ ਚੀਨ ਸਾਗਰ ਤੇ ਇਰਾਨ ਬਾਰੇ ਵੀ ਕਿਤਾਬਾਂ ਲਿਖੀਆਂ। ਉਸ ਵੱਲੋਂ ਲਿਖੀਆਂ ਕਿਤਾਬਾਂ ਦੀ ਗਿਣਤੀ 26 ਹੈ। ਸ਼ਾਇਦ ਇਸੇ ਲਈ ਇਤਿਹਾਸਕਾਰਾਂ ਦਾ ਇਕ ਵਰਗ ਵਿਸ਼ੇਸ਼ ਉਸ ਨੂੰ 'ਪੌਪ ਇਤਿਹਾਸਕਾਰ' ਦਾ ਦਰਜਾ ਦਿੰਦਾ ਆਇਆ ਹੈ; ਪੌਪ ਇਤਿਹਾਸਕਾਰ ਭਾਵ ਕਹਾਣੀਆਂ ਵੱਧ, ਤੱਥ ਮੂਲਕ ਸਮੱਗਰੀ ਘੱਟ। ਉਂਝ, ਅਸਲੀਅਤ ਅਜਿਹੀ ਨਹੀਂ। 'ਆਰੀਅਨਜ਼' ਤੋਂ ਪਹਿਲਾਂ ਮੈਂ ਉਸ ਦੀਆਂ ਪੰਜ ਕਿਤਾਬਾਂ ਪੜ੍ਹੀਆਂ ਹਨ। ਸਾਰੀਆਂ ਅਕਾਦਮਿਕ ਅਕੀਦਿਆਂ ਪੱਖੋਂ ਵੀ ਪ੍ਰਭਾਵਸ਼ਾਲੀ ਤੇ ਪੜ੍ਹਨਯੋਗਤਾ ਪੱਖੋਂ ਵੀ। ਉਸ ਦੀ 'ਅਸ਼ੋਕਾ' ਖ਼ਾਸ ਤੌਰ 'ਤੇ ਜ਼ਿਕਰਯੋਗ ਹੈ।

ਇਹ ਕਿਤਾਬ ਸਮਰਾਟ ਅਸ਼ੋਕ ਦੀ ਸ਼ਖ਼ਸੀਅਤ ਅੰਦਰਲੀਆਂ ਖ਼ੂਬੀਆਂ-ਖ਼ਾਮੀਆਂ ਦਾ ਖ਼ੂਬਸੂਰਤ ਖੁਲਾਸਾ ਹੈ। ਐਲੇਨ ਨੇ ਇਸ ਵਿਚ ਦਲੀਲਾਂ ਅਤੇ ਸਬੂਤਾਂ ਦੇ ਆਧਾਰ 'ਤੇ ਦੱਸਿਆ ਹੈ ਕਿ ਜੇਕਰ ਅਜੋਕੇ ਭਾਰਤ ਵਿਚੋਂ ਬੁੱਧ ਮਤ ਲਗਪਗ ਗਾਇਬ ਹੈ (85 ਲੱਖ ਬੋਧੀ ਹਨ ਸਾਡੇ ਮੁਲਕ ਵਿਚ, ਕੁੱਲ ਕੌਮੀ ਵਸੋਂ ਦਾ 0.7 ਪ੍ਰਤੀਸ਼ਤ) ਤਾਂ ਇਸ ਸਥਿਤੀ ਵਾਸਤੇ ਸਮਰਾਟ ਅਸ਼ੋਕ ਵੀ ਜ਼ਿੰਮੇਵਾਰ ਸੀ। ਉਸ ਨੇ ਖ਼ੁਦ ਬੁੱਧ ਮਤ ਅਪਣਾਉਣ ਮਗਰੋਂ ਆਪਣੇ ਸਾਮਰਾਜ ਦੇ ਸਾਰੇ ਹਿੱਸਿਆਂ ਵਿਚ ਧਰਮ ਪਰਿਵਰਤਨ ਦੀ ਲਹਿਰ ਚਲਾਈ। ਇਸ ਲਹਿਰ ਵਿਚ ਸਖ਼ਤੀ ਅਤੇ ਜਬਰ ਵੀ ਆ ਘੁਸੇ। ਨਤੀਜਾ ਇਹ ਹੋਇਆ ਕਿ ਅਸ਼ੋਕ ਦੇ ਇੰਤਕਾਲ ਦੇ ਸਿਰਫ਼ ਅੱਠ ਵਰ੍ਹਿਆਂ ਦੇ ਅੰਦਰ ਬੁੱਧ ਮਤ ਭਾਰਤੀ-ਭੂਮੀ (ਜੋ ਉਸ ਸਮੇਂ ਸਮੁੱਚੇ ਅਫ਼ਗਾਨਿਸਤਾਨ ਤੋਂ ਲੈ ਕੇ ਪੂਰਬ ਵਿਚ ਕਾਮਰੂਪ ਤੱਕ ਅਤੇ ਦੱਖਣ ਵਿਚ ਰਮੇਸ਼ਵਰਮ ਤੱਕ ਫੈਲੀ ਹੋਈ ਸੀ) ਵਿਚੋਂ ਤਕਰੀਬਨ ਗਾਇਬ ਹੋ ਗਿਆ। ਸਮਰਾਟ ਅਸ਼ੋਕ ਦੇ ਇਸ ਸ਼ਖ਼ਸੀ ਪੱਖ 'ਤੇ ਬਹੁਤ ਘੱਟ ਇਤਿਹਾਸਕਾਰਾਂ ਨੇ ਉਂਗਲ ਰੱਖੀ ਹੈ; ਐਲੇਨ ਇਨ੍ਹਾਂ ਵਿਚੋਂ ਮੋਹਰੀ ਸੀ।

'ਆਰੀਅਨਜ਼' ਉਸ ਦੀਆਂ ਹੋਰਨਾਂ ਸਿਰਜਣਾਵਾਂ ਦੀ ਬਨਿਸਬਤ ਸ਼ਾਇਦ ਇਸ ਕਰ ਕੇ ਵੱਧ ਪ੍ਰਭਾਵਸ਼ਾਲੀ ਹੈ ਕਿ ਇਹ ਭਾਰਤੀ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੀਆਂ ਮੌਜੂਦਾ ਨਿਜ਼ਾਮ ਦੀਆਂ ਕੋਸ਼ਿਸ਼ਾਂ ਨੂੰ ਤਾਰਕਿਕ ਢੰਗ ਨਾਲ ਨਾਕਾਮ ਬਣਾਉਣ ਦੀ ਚਾਹਤ ਤੋਂ ਉਪਜੀ ਹੈ। ਸੰਘ ਪਰਿਵਾਰ ਦੇ ਸਰਵੇ-ਸਰਵਾ, ਖ਼ਾਸ ਕਰ ਕੇ ਮਰਹੂਮ ਸਰਸੰਘ ਸੰਚਾਲਕ ਗੁਰੂ ਗੋਵਲਕਰ ਇਸ ਮਿੱਥ ਨੂੰ ਤੱਥ ਵਿਚ ਬਦਲਣ ਦੇ ਯਤਨਸ਼ੀਲ ਰਹੇ ਹਨ ਕਿ ਆਰੀਅਨਜ਼ ਵਿਦੇਸ਼ੀ ਧਾੜਵੀ ਨਹੀਂ ਸਨ, ਉਹ ਤਾਂ ਭਾਰਤੀ ਭੂਮੀ ਦੇ ਹੀ ਅਸਲ ਬਾਸ਼ਿੰਦੇ ਸਨ ਅਤੇ ਉਹ ਇੱਥੋਂ ਹੀ ਪਰਵਾਸ ਕਰ ਕੇ ਏਸ਼ੀਆ ਤੇ ਯੂਰਪ ਦੇ ਵੱਖ-ਵੱਖ ਹਿੱਸਿਆਂ ਵਿਚ ਗਏ। ਐਲੇਨ ਨੇ ਇਤਿਹਾਸ, ਵਿਗਿਆਨ, ਪੁਰਾਲੇਖਾਂ ਤੇ ਹੋਰ ਪੁਰਾਤੱਤਵੀ ਸਮੱਗਰੀ ਅਤੇ ਭਾਸ਼ਾ ਵਿਗਿਆਨਕ ਮਿਸਾਲਾਂ ਦੇ ਜ਼ਰੀਏ ਇਹ ਦਰਸਾਇਆ ਹੈ ਕਿ ਸਤਿਯੁੱਗ, ਤਰੇਤਾ ਜਾਂ ਦੁਆਪਰ ਹਜ਼ਾਰਾਂ ਵਰ੍ਹੇ ਲੰਮੇ ਨਹੀਂ ਸਨ। ਕਲਯੁੱਗ ਕਿਉਂਕਿ ਮੁੱਕਣ ਦਾ ਨਾਮ ਨਹੀਂ ਲੈ ਰਿਹਾ, ਇਸ ਲਈ ਬਾਕੀ ਯੁੱਗਾਂ ਨੂੰ ਵੀ ਇਸ ਵਰਗਾ ਉਮਰਦਰਾਜ਼ ਬਣਾਉਣਾ ਮਿੱਥ-ਨਿਰਮਾਤਾਵਾਂ ਦੀ ਮਜਬੂਰੀ ਬਣ ਚੁੱਕਾ ਹੈ। 'ਆਰੀਅਨਜ਼' ਦਾ ਪਹਿਲਾ ਅਧਿਆਇ 'ਸੁਪਰਮੈਨ ਦਾ ਉਭਾਰ ਤੇ ਪਤਨ' ਅਜਿਹੇ ਮਿੱਥ-ਮੇਕਰਾਂ ਦੀਆਂ ਕੁਚਾਲਾਂ 'ਤੇ ਕੇਂਦ੍ਰਿਤ ਹੈ। ਇਹ ਅਧਿਆਇ ਵਿਗਿਆਨਕ ਹਕੀਕਤਾਂ ਨੂੰ ਦਫ਼ਨ ਕਰਨ ਦੇ ਯਤਨਾਂ ਦੀ ਤਵਾਰੀਖ਼ ਪੇਸ਼ ਕਰਨ ਤੋਂ ਇਲਾਵਾ ਅਜਿਹੇ ਯਤਨਾਂ ਕਾਰਨ ਵਾਪਰਨ ਵਾਲੇ ਦੁਖਾਂਤਾਂ ਦਾ ਖੁਲਾਸਾ ਵੀ ਪੇਸ਼ ਕਰਦਾ ਹੈ।

ਕਿਤਾਬ ਜਿਨ੍ਹਾਂ ਤੱਥਾਂ ਦੀ ਸਪੱਸ਼ਟ ਨਿਸ਼ਾਨਦੇਹੀ ਕਰਦੀ ਹੈ, ਉਨ੍ਹਾਂ ਵਿਚੋਂ ਕੁਝ ਇਸ ਤਰ੍ਹਾਂ ਹਨ:

-ਆਰੀਅਨ ਦੁੱਧ ਪੀਣ, ਘੋੜਸਵਾਰੀ ਕਰਨ ਅਤੇ ਹਰ ਸਮੇਂ ਸੁਖਾਵੀਆਂ ਥਾਵਾਂ ਦੀ ਤਲਾਸ਼ ਕਰਨ ਵਾਲੀ ਪਹਿਲੀ ਆਦਮ ਪ੍ਰਜਾਤੀ ਸਨ। ਉਹ ਹਿੰਦ-ਯੂਰਪੀ ਮੂਲ ਭਾਸ਼ਾ ਬੋਲਦੇ ਸਨ ਜੋ ਸਮੇਂ ਦੇ ਨਾਲ-ਨਾਲ ਵੱਖ-ਵੱਖ ਖੇਤਰੀ ਜਾਂ ਕੌਮੀ ਭਾਸ਼ਾਵਾਂ ਵਿਚ ਬਦਲਦੀ ਗਈ।

-ਪਹਿਲੀ ਵਾਰ 'ਆਰੀਆ' ਸ਼ਬਦ ਰਿਗਵੇਦ ਵਿਚ ਵਰਤਿਆ ਗਿਆ ਅਤੇ ਉਸ ਤੋਂ ਬਾਅਦ ਜ਼ਰਤੁਸ਼ਤੀ (ਜ਼ਾਰੋਐਸਟ੍ਰੀਅਨ ਜਾਂ ਪਾਰਸੀ) 'ਅਵੇਸਤਾ' (ਧਾਰਮਿਕ ਗ੍ਰੰਥ) ਵਿਚ। ਹਿੰਦੂ ਤੇ ਪਾਰਸੀ ਧਰਮ ਗ੍ਰੰਥਾਂ ਵਿਚ ਬਹੁਤ ਸਾਰੇ ਸ਼ਬਦ ਅਜਿਹੇ ਹਨ ਜੋ ਅਰਥਾਂ ਤੇ ਭਾਵਾਂ ਪੱਖੋਂ ਇਕ-ਦੂਜੇ ਨਾਲ ਮਿਲਦੇ ਹਨ।


-ਸੰਸਕ੍ਰਿਤ, ਫਾਰਸੀ ਅਤੇ ਕਈ ਯੂਰਪੀ ਭਾਸ਼ਾਵਾਂ ਵਿਚ ਇਕੋ ਜਿਹੇ ਸ਼ਬਦਾਂ ਦਾ ਵਜੂਦ, ਪਰਵਾਸ ਤੋਂ ਪਹਿਲਾਂ ਸਭਨਾਂ ਦਾ ਵਜੂਦ ਸਾਂਝਾ ਹੋਣ ਦਾ ਅਹਿਮ ਸਰੋਤ ਹੈ। ਐਲੇਨ ਆਪ ਵੀ ਮਹਿਸੂਸ ਕਰਦਾ ਸੀ ਕਿ ਉਸ ਦਾ ਨਾਮ 'ਆਰੀਅਨ' ਦਾ ਵਿਗੜਿਆ ਕੈਲਟਿਕ (ਬ੍ਰਿਟਿਸ਼) ਰੂਪ ਹੋ ਸਕਦਾ ਹੈ।

-ਮੱਧ ਏਸ਼ੀਆ ਜਾਂ ਦੱਖਣ-ਪੂਰਬੀ ਯੂਰਪ ਤੋਂ ਆਏ ਪਰਵਾਸੀ ਪਹਿਲਾਂ ਇਰਾਨ ਵਿਚ ਵਸੇ। ਉੱਥੇ ਉਨ੍ਹਾਂ ਵਿਚ ਮੱਤਭੇਦ ਪੈਦਾ ਹੋਣ ਕਾਰਨ ਕਈ ਕਬੀਲੇ, ਵਹੀਰਾਂ ਦੇ ਰੂਪ ਵਿਚ ਭਾਰਤ ਆ ਗਏ। ਮੱਤਭੇਦਾਂ ਵਾਲਾ ਸਿਧਾਂਤ, ਸ਼ਬਦਾਂ ਦੇ ਅਰਥਾਂ ਵਿਚ ਆਏ ਵਿਗਾੜਾਂ ਤੋਂ ਪੜ੍ਹਿਆ ਜਾ ਸਕਦਾ ਹੈ। ਮਸਲਨ, 'ਦੇਵਾ' ਤੋਂ ਕੈਲਟਿਕ ਜਾਂ ਸੰਸਕ੍ਰਿਤ ਵਿਚ ਭਾਵ ਹੈ ਦੇਵਤਾ ਜਾਂ ਰੱਬੀ ਅਵਤਾਰ ਪਰ ਜ਼ਰਤੁਸ਼ਤੀ (ਮੂਲ ਪਾਰਸੀ) ਵਿਚ ਇਹ ਸ਼ਬਦ ਮਲੇਛ ਜਾਂ ਦਾਨਵ ਲਈ ਵਰਤਿਆ ਜਾਂਦਾ ਹੈ।

-ਗਊ ਸ਼ਬਦ ਭਾਰਤੀ ਭਾਸ਼ਾਵਾਂ ਵਿਚ ਆਮ ਵਰਤਿਆ ਜਾਂਦਾ ਹੈ ਪਰ ਕੈਲਟਿਕ ਵਿਚ ਵੀ ਇਹ GOW ਵਜੋਂ ਮੌਜੂਦ ਹੈ। ਇਸੇ ਤਰ੍ਹਾਂ ਯੂਕਰੇਨੀ ਵਿਚ ਗਊ ਲਈ 'ਗੌਂ' ਸ਼ਬਦ ਵਰਤਿਆ ਜਾਂਦਾ ਹੈ। ਸੂਰ ਲਈ ਯੂਕਰੇਨੀ ਜਾਂ ਪੋਲਿਸ਼ 'ਸਿਊ' (ਅੰਗਰੇਜ਼ੀ 'ਚ ਸਵਾਈਨ) ਸ਼ਬਦ ਵੀ ਇਕੋ ਭਾਸ਼ਾਈ ਮੁੱਢ ਦਾ ਪ੍ਰਮਾਣ ਹੈ। ਕਈ ਪੂਰਬੀ ਯੂਰਪੀ ਭਾਸ਼ਾਵਾਂ ਵਿਚ ਹੰਸ ਲਈ ਗੰਸ (GHUNS) ਦੀ ਵਰਤੋਂ ਵੀ ਉਪਰੋਕਤ ਥਿਓਰੀ ਨੂੰ ਮਜ਼ਬੂਤੀ ਬਖ਼ਸ਼ਦੀ ਹੈ।

-ਪ੍ਰਾਚੀਨ ਆਰੀਅਨ ਭੂਮੀ ਵਿਚਲੇ ਕੰਧ ਚਿੱਤਰਾਂ 'ਤੇ ਚੱਕੇ ਜਾਂ ਪਹੀਏ ਦੀ ਮੌਜੂਦਗੀ ਦਰਸਾਉਂਦੀ ਹੈ ਕਿ ਆਰੀਅਨ ਖਾਨਾਬਦੋਸ਼, ਚੱਕੇ ਦੇ ਮਹੱਤਵ ਤੋਂ ਵਾਕਫ਼ ਸਨ ਅਤੇ ਇਸ ਨੇ ਉਨ੍ਹਾਂ ਦੇ ਪਰਵਾਸ ਨੂੰ ਫੁਰਤੀਲਾ ਬਣਾਉਣ ਵਿਚ ਪ੍ਰਮੁੱਖ ਭੂਮਿਕਾ ਨਿਭਾਈ।

ਐਲੇਨ ਆਰੀਅਨਾਂ ਨੂੰ ਉਨ੍ਹਾਂ ਦੀ ਪ੍ਰਗਤੀ ਦੇ ਆਧਾਰ 'ਤੇ ਹੋਰਨਾਂ ਇਨਸਾਨੀ ਨਸਲਾਂ ਨਾਲੋਂ ਉਚੇਰੇ ਮੁਕਾਮ 'ਤੇ ਰੱਖਣ ਦੇ ਬਾਵਜੂਦ 'ਆਰੀਅਨਵਾਦ' ਖ਼ਿਲਾਫ਼ ਚੌਕਸ ਰਹਿਣ ਦੀਆਂ ਚਿਤਾਵਨੀਆਂ ਵਾਰ-ਵਾਰ ਦਿੰਦਾ ਹੈ। ਕਿਤਾਬ ਦੇ ਤਿੰਨ ਅਧਿਆਇ ਆਰੀਆ ਨਸਲ ਦੇ ਬਿਹਤਰ ਹੋਣਦੇ ਜਜ਼ਬੇ ਤੇ ਪ੍ਰਵਿਰਤੀ ਤੋਂ ਉਪਜੇ ਘੱਲੂਘਾਰਿਆਂ ਤੇ ਕਤਲੇਆਮਾਂ ਬਾਰੇ ਹਨ। ਇਹ ਦੱਸਦੇ ਹਨ ਕਿ ਆਰੀਅਨ ਜਿਹੜੀ ਧਰਤ ਤੋਂ ਉੱਭਰੇ, ਉਹ ਧਰਤੀ ਇਸ ਨਸਲ ਉੱਤੇ ਮੌਸਮੀ ਹਾਲਾਤ ਤੇ ਕੁਦਰਤੀ ਨਿਆਮਤਾਂ ਪੱਖੋਂ ਵੱਧ ਮਿਹਰਬਾਨ ਸੀ। ਇਹ ਨਸਲ ਇਨ੍ਹਾਂ ਮਿਹਰਬਾਨੀਆਂ ਨੂੰ ਬਿਹਤਰ ਢੰਗ ਨਾਲ ਵਰਤਣ ਵਿਚ ਵੀ ਕਾਮਯਾਬ ਰਹੀ। ਇਸ ਦੇ ਬਾਵਜੂਦ ਇਸ ਨਸਲ ਦੀਆਂ ਕਾਮਯਾਬੀਆਂ ਨੂੰ ਅਜੋਕੇ ਪ੍ਰਸੰਗ ਵਿਚ ਵਧਾ-ਚੜ੍ਹਾਅ ਕੇ ਦੇਖਣਾ ਜਾਇਜ਼ ਨਹੀਂ। ਕਿਤਾਬ ਨਵ-ਨਾਜ਼ੀਵਾਦ ਨੂੰ 'ਆਰੀਅਨਵਾਦ' ਦਾ ਹੀ ਇਕ ਰੂਪ ਮੰਨਦੀ ਹੈ ਅਤੇ ਇਸ ਦੇ ਹਿੰਦੂਤਵੀ ਅਵਤਾਰਾਂ ਤੋਂ ਵੀ ਬਚਣ ਦਾ ਸੱਦਾ ਦਿੰਦੀ ਹੈ। ਇਹ ਮੋਦੀਵਾਦੀ ਮਿੱਥਾਂ ਤੋਂ ਸੁਚੇਤ ਰਹਿਣ ਦੀ ਗੱਲ ਵੀ ਕਰਦੀ ਹੈ ਅਤੇ ਵਿਗਿਆਨਕ ਸਿਧਾਂਤਾਂ ਉੱਤੇ ਪਹਿਰਾ ਦਿੱਤੇ ਜਾਣ ਨੂੰ ਪਹਿਲ ਦਿੰਦੀ ਹੈ। ਇਹ ਵੀ ਇਕ ਵਿਡੰਬਨਾ ਹੈ ਕਿ ਇਹ ਕਿਤਾਬ ਉਸ ਸਮੇਂ ਮਾਰਕਿਟ ਵਿਚ ਆਈ ਹੈ ਜਦੋਂ ਡਾਇਨਾਸੌਰਾਂ ਦੇ ਪਥਰਾਟ ਬਣੇ ਆਂਡਿਆਂ ਨੂੰ ਕੁਲ ਦੇਵਤਿਆਂ ਵਜੋਂ ਪੂਜਣ ਦੀਆਂ ਖ਼ਬਰਾਂ ਧਾਰ (ਮੱਧ ਪ੍ਰਦੇਸ਼) ਤੋਂ ਆ ਰਹੀਆਂ ਹਨ। ਵਿਗਿਆਨਕ ਸੋਚ ਦਾ ਜਨਾਜ਼ਾ ਕਿਸ-ਕਿਸ ਰੂਪ ਵਿਚ ਉੱਠ ਰਿਹਾ ਹੈ, ਸਾਡੇ ਮੁਲਕ ਵਿਚ ਇਸ ਦਾ ਪ੍ਰਮਾਣ ਹਨ ਇਹ ਖ਼ਬਰਾਂ।




ਇਤਿਹਾਸਕਾਰ ਚਾਰਲਸ ਐਲੇਨ ਦੀ ਕਿਤਾਬ 'ਆਰੀਅਨਜ਼' ਦਾ ਮੁਖੜਾ।

**ਚਾਰਲਸ ਐਲੇਨ ਦੀ ਇਹ ਆਖ਼ਰੀ ਕਿਤਾਬ ਸੀ। 2020 ਵਿਚ ਇੰਤਕਾਲ ਹੋਣ ਤੋਂ ਪਹਿਲਾਂ ਉਹ ਇਸ ਕਿਤਾਬ ਦਾ ਖਰੜਾ ਮੁਕੰਮਲ ਕਰ ਚੁੱਕਾ ਸੀ। ਇਸ ਖਰੜੇ ਨੂੰ ਆਪਣੀ ਸੰਪਾਦਕੀ ਧਾਰ ਅਤੇ ਮੁਹਾਰਤ ਰਾਹੀਂ ਲਿਸ਼ਕਾ-ਪੁਸ਼ਕਾ ਕੇ ਪਾਠਕਾਂ ਸਾਹਮਣੇ ਪਰੋਸਣ ਦਾ ਕੰਮ ਡੇਵਿਡ ਲੌਇਨ ਨੇ ਕੀਤਾ ਜੋ ਖ਼ੁਦ ਵੀ ਨਾਮੀ ਇਤਿਹਾਸਕਾਰ ਹੈ। ਉਸ ਦੀ ਲਿਖੀ ਭੂਮਿਕਾ ਸਮੁੱਚੇ ਵਿਸ਼ੇ ਉੱਤੇ ਉਸ ਦੀ ਪਕੜ ਦੀ ਉਮਦਾ ਮਿਸਾਲ ਹੈ। ਐਲੇਨ ਦਾ ਕਾਰਜ ਖੇਤਰ ਬੜਾ ਵਸੀਹ ਸੀ। ਉਸ ਨੂੰ ਮੁੱਖ ਰੂਪ ਵਿਚ ਭਾਰਤ-ਸ਼ਾਸਤਰੀ (ਭਾਰਤੀ ਇਤਿਹਾਸ ਦਾ ਮਾਹਿਰ) ਮੰਨਿਆ ਜਾਂਦਾ ਹੈ ਪਰ ਉਸ ਨੇ ਚੀਨ, ਤਿੱਬਤ, ਦੱਖਣੀ ਚੀਨ ਸਾਗਰ ਤੇ ਇਰਾਨ ਬਾਰੇ ਵੀ ਕਿਤਾਬਾਂ ਲਿਖੀਆਂ। ਉਸ ਵੱਲੋਂ ਲਿਖੀਆਂ ਕਿਤਾਬਾਂ ਦੀ ਗਿਣਤੀ 26 ਹੈ।**



ਚਾਰਲਸ ਐਲੇਨ



ਆਰੀਅਨਾਂ ਬਾਰੇ ਦੋ ਚਿੱਤਰ। ਸੱਜੇ ਹੱਥ ਵਾਲਾ ਚਿੱਤਰ ਆਰੀਅਨਾਂ ਦੇ ਧਾਵੇ ਦਾ ਵਿਚਾਰ ਦੱਸ ਰਿਹਾ ਹੈ।

# "ਸੱਦਾਰ ਜੀ, ਨਮਾਂ ਸਾਲ ਬਿਮਾਰਕ...!"

## ਵਿਅੰਗ

ਪਹਿਲੀ ਜਨਵਰੀ ਦਾ ਦਿਨ ਸੀ।

ਅੱਜ ਤਿੱਖੀ ਧੁੱਪ ਨਿਕਲੀ ਹੋਈ ਸੀ। ਮਾਤਾ ਸਤੀ ਦੇ ਮੰਦਰ ਦੇ ਰਾਹ ਵਾਲਾ ਖੁੰਢ ਅਤੇ ਤਖ਼ਤਪੋਸ਼ ਅਜੇ ਖਾਲੀ ਹੀ ਪਏ ਸਨ। ਰੌਣਕ ਨਹੀਂ ਹੋਈ ਸੀ।

-"ਤਕੜੈਂ ਅਮਲੀਆ...? ਸਾਸਰੀਕਾਲ...!" ਖੇਤੋਂ ਸਾਈਕਲ 'ਤੇ ਚੜ੍ਹੇ ਆਉਂਦੇ ਪਾੜ੍ਹੇ ਨੇ ਸਵੇਰੇ-ਸਵੇਰੇ ਨਿਰਨੇ ਕਾਲਜੇ ਅਮਲੀ ਨੂੰ ਛੇੜ ਲਿਆ।


-"ਦੋ ਆਰੀ ਸਾਸਰੀਕਾਲ ਭਾਈ ਪਾੜ੍ਹਿਆ...! ਮੈਂ ਤਾਂ ਜਮਾਂ ਲੋਹੇ ਵਰਗੈਂ..! ਜਮਾਂ ਘੋੜਾ..!"

-"ਨਾਲ਼ੇ ਹੈਪੀ ਨਿਊ ਯੀਅਰ...!"

-"ਹੈਂਅ...?" ਗੱਲ ਅਮਲੀ ਦੇ ਸਿਰ ਤੋਂ ਗਿਰਝ ਵਾਂਗ ਲੰਘ ਗਈ।

-"ਨਵਾਂ ਸਾਲ ਮੁਬਾਰਕ...!"

-"ਚੱਲ ਸਾਸਰੀਕਾਲ ਤਾਂ ਤੇਰੀ ਮੰਨੀਂ, ਪਰ ਆਹ ਨਮਾਂ ਸਾਲ 'ਬਿਮਾਰਕ' ਤੂੰ ਆਬਦੇ ਕੋਲ਼ੇ ਈ ਰੱਖ...!" ਬਲਦ ਮੂਤਣੀਆਂ ਪਾਉਂਦੇ ਅਮਲੀ ਨੇ ਗੱਲ ਪਾੜ੍ਹੇ ਦੇ ਗਲ ਹੀ ਸੁੱਟ ਦਿੱਤੀ। ਅਜੇ ਉਸ ਨੂੰ ਚਾਹ ਅਤੇ 'ਮਾਵੇ' ਦਾ ਨਸ਼ਾ ਚੜ੍ਹਿਆ ਨਹੀਂ ਸੀ। ਧੁੱਪ ਨੇ ਵੀ ਸਰੀਰ ਨੂੰ ਨਿੱਘ ਜਿਹਾ ਨਹੀਂ ਦਿੱਤਾ ਸੀ। ਉਸ ਦਾ ਸਰੀਰ ਕੋਹਲੂ ਵਾਂਗ ਜਾਮ ਹੋਇਆ ਪਿਆ ਸੀ।



**ਸ਼ਿਵਚਰਨ ਜੱਗੀ ਕੁੱਸਾ**

-"ਕਿਉਂ ਨਵੇਂ ਸਾਲ ਤੋਂ ਬੜਾ ਚਿੜਿਆ ਪਿਐਂ...? ਕੀ ਭੜ੍ਹਾਕਾ ਪੈ ਗਿਆ?"

-"ਜਿਹੋ ਜੇ ਆਲ਼ੇ, ਓਹੋ ਜੇ ਕੁੱਜੇ..! ਜਿਹੋ ਜੇ ਪੁਰਾਣੇ ਸਾਲ 'ਚ ਲੋਕਾਂ ਨੇ ਪੂਰਨੇ ਪਾਅਤੇ, ਓਹੋ ਜਿਆ ਨਮੇਂ ਸਾਲ 'ਚ ਚੰਦ ਚਾੜ੍ਹ ਦੇਣਗੇ...! ਭਦਰਕਾਰੀ ਦੀ ਆਸ ਤਾਂ ਮੈਨੂੰ ਕਿਸੇ ਤੋਂ ਹੈਨ੍ਹੀ..!"

-"ਗੱਲ ਨੂੰ ਨਾਗਵਲ਼ ਨਾ ਪਾਇਆ ਕਰ ਅਮਲੀਆ..! ਸਿੱਧੀ ਦੱਸਿਆ ਕਰ..! ਸਾਨੂੰ ਕਦੇ-ਕਦੇ ਤੇਰੀ ਪਛਤੋਂ ਦੀ ਸਮਝ ਨ੍ਹੀ ਆਉਂਦੀ।"

-"ਲੈ ਪਛਤੋ ਦੀ ਗੱਲ ਸੁਣ ਲਾ..!" ਅਮਲੀ ਨੇ ਤਖ਼ਤਪੋਸ਼ 'ਤੇ ਬੈਠਦਿਆਂ ਡਾਂਗ ਜੁਆਕ ਵਾਂਗ ਲੰਮੀ ਪਾ ਲਈ, "ਆਹ ਪਿਛਲੇ ਹਫ਼ਤੇ ਆਪਣੇ ਬੱਸ ਅੱਡੇ 'ਚ ਕਾਲਜ ਦੀਆਂ ਪਾੜ੍ਹੀਆਂ ਖੜ੍ਹੀਆਂ, ਤੇ ਇੱਕ ਦੂਜੀ ਨੂੰ "ਮੇਰੀ ਕਿਛਮਤ - ਮੇਰੀ ਕਿਛਮਤ" ਆਖ ਕੇ ਪਤਾ ਨੀ ਕੀਹਦੀ ਜਾਨ ਨੂੰ ਰੋਈ ਜਾਂਦੀਆਂ ਸੀ..! ਉਹ ਸੀ ਈ ਕੁੜੀਆਂ, ਜੇ ਮੁੰਡੇ ਹੁੰਦੇ ਤਾਂ ਡਾਂਗ ਨਾਲ ਪੁੱਛ ਵੀ ਲੈਂਦਾ ਬਈ ਇਹ "ਮੇਰੀ ਕਿਛਮਤ" ਹੈ ਕੀ ਖ਼ਸਮਾਂ ਨੂੰ ਖਾਣਿਓ...? ਲੈ ਹੁਣ ਤੂੰ ਦੱਸ ਬਈ ਥੋਡੀ ਪਛਤੋਂ ਦੀ ਕਿਸੇ ਨੂੰ ਸਮਝ ਆਉਂਦੀ ਐ...?"

-"ਉਹ ਮੇਰੀ ਕਿਛਮਤ ਨਹੀਂ ਅਮਲੀਆ...!" ਪਾੜ੍ਹਾ ਸਾਈਕਲ ਰੋਕ ਕੇ ਉਚੀ-ਉਚੀ ਹੱਸ ਪਿਆ, "ਉਹ "ਮੈਰੀ ਕ੍ਰਿਸਮਿਸ" ਆਖਦੀਆਂ ਹੋਣਗੀਆਂ...!" ਪਾੜ੍ਹੇ ਨੇ ਸੋਧ ਕਰਕੇ ਦੱਸਿਆ। ਉਸ ਦਾ ਹਾਸਾ ਬੰਦ ਨਹੀਂ ਹੁੰਦਾ ਸੀ ਅਤੇ ਚੱਜ ਨਾਲ਼ ਗੱਲ ਨਹੀਂ ਹੋ ਰਹੀ ਸੀ।

-"ਹਲਾ.... ! ਉਹ ਕੀ ਸ਼ੈਅ ਐ...?" ਅਮਲੀ ਦੇ ਮੂੰਹ ਨਾਲ ਉਸ ਦੀਆਂ ਨਾਸਾਂ ਵੀ ਦੋਨਾਲੀ ਬੰਦੂਕ ਵਾਂਗ ਖੁੱਲ੍ਹੀਆਂ ਸਨ।

-"ਆਪਣੇ ਧਰਮ ਵਾਂਗੂੰ ਇਸਾਈਆਂ ਦਾ ਵੀ ਇੱਕ ਧਰਮ ਐਂ, ਤੇ ਇਸਾਈਆਂ ਦੇ ਰਹਿਬਰ ਈਸਾ ਮਸੀਹ ਜੀ ਓਸ ਦਿਨ ਜਨਮੇ ਸੀ...!"

-"ਜਨਮਿਆਂ ਹੋਣੈਂ..! ਪਰ ਇਨ੍ਹਾਂ ਨੂੰ ਐਨੀ ਚੰਡੀ ਕਾਹਦੀ ਚੜ੍ਹੀ ਸੀ...? ਸਾਡੇ ਬਾਬੇ ਨਾਨਕ ਦੇ ਗੁਰਪਰਬ 'ਤੇ ਤਾਂ ਸਾਨੂੰ ਕਦੇ ਕਿਸੇ ਨੇ "ਮੇਰੀ ਕਿਛਮਤ" ਕਿਹਾ ਨ੍ਹੀ...!" ਅਮਲੀ ਨੇ ਸ਼ਿਕਵਾ ਕੀਤਾ।

-"ਹੁਣ ਆਖ ਦਿਆ ਕਰਨਗੀਆਂ ਅਮਲੀਆ...!"

-"ਫੇਰ ਸਹੁਰੀਆਂ "ਟਿਗਟ ਦੀ ਘੀਸੀ - ਟਿਗਟ ਦੀ ਘੀਸੀ" ਬੋਲੀ ਜਾਣ...! ਮੈਂ ਸੋਚਿਆ, ਪਤਾ ਨੀ ਕਿਹੜੇ ਚੰਦਰਮਾਂ 'ਤੇ ਜਾ ਆਈਆਂ, ਪਤਾ ਨੀ ਕਿਹੜੇ ਗ੍ਰਹਿ ਦੀ ਭਾਸ਼ਾ ਬੋਲਣ ਲੱਗ ਪਈਆਂ ਖਸਮਾਂ ਨੂੰ ਖਾਣੀਆਂ..!"

ਪਾੜ੍ਹਾ ਹੋਰ ਉਚੀ ਹੱਸ ਪਿਆ।

-"ਉਹ ਟਿਗਟ ਦੀ ਘੀਸੀ ਨੀ, "ਟੇਕ ਇਟ ਈਜ਼ੀ" ਕਹਿੰਦੀਆਂ ਹੋਣੀਐਂ..!"

"ਉਹ ਕੀ ਹੁੰਦੈ...?"

-"ਕਦੇ ਫੇਰ ਦੱਸਾਂਗੇ, ਘਰੋਂ ਖਾ ਕੇ ਮੱਤ ਥੋੜ੍ਹੋ ਦਿੱਤੀ ਜਾਂਦੀ ਐ..? ਬਾਹਲਾ ਗੁੱਸਾ ਵੀ ਨੀ ਕਰੀਦਾ ਹੁੰਦਾ, ਬਲੱਡ ਪ੍ਰੈਸ਼ਰ ਹੋ ਜਾਂਦੈ..!" ਕਿਸੇ ਨੇ ਢਾਣੀ 'ਚ ਸਿਰ ਫਸਾਉਂਦਿਆਂ ਕਿਹਾ।

-"ਕੀਹਦਾ ਕੁਛ ਐਂ ਬਈ ਤੂੰ...?" ਅੱਧ ਖੁੱਲ੍ਹੀਆਂ ਅੱਖਾਂ ਵਿਚ ਅਮਲੀ ਨੂੰ ਅਵਾਜ਼ ਦੀ ਪਹਿਚਾਣ ਨਹੀਂ ਆਈ ਸੀ।

-"ਮੁਖ਼ਤਿਆਰ ਫ਼ੌਜੀ ਦਾ ਮੁੰਡਾ ਕਰਮਜੀਤ ਐ ਅਮਲੀਆ...!" ਪਾੜ੍ਹੇ ਨੇ ਦੱਸਿਆ।

-"ਅੱਛਾ..! ਮੈਂ ਵੀ ਆਖਾਂ..! ਤੂੰ ਪਹਿਲਾਂ ਆਬਦੀ ਬੇਬੇ ਤੋਂ ਕਰਤੀ ਜੀ ਚਾਹ ਬਣਵਾ ਕੇ ਲਿਆ, ਫੇਰ ਸਿੱਧੀ ਦੱਸੂੰ, ਤੂੰ ਤਾਂ ਓਸ ਗੱਲ ਦੇ ਆਖਣ ਮਾਂਗੂੰ, ਮੁਖ਼ਤੋ ਮੁਖ਼ਤੀ ਸਿੱਧੀ ਸੁਣਨ ਨੂੰ ਫਿਰਦੈਂ, ਭਤੀਜ..!" ਅਮਲੀ ਬੋਲਿਆ।

-"ਤੈਨੂੰ ਬਨੱਖ਼ਸ਼ਾਂ ਨ੍ਹਾ ਉਬਾਲ ਕੇ ਪਿਆਈਏ..? 'ਵਾਜ ਵੀ ਲੋਟ ਹੋਜੂ...! ਪਾਟੇ ਢੋਲ ਵਰਗੀ ਕੱਢਦੈਂ..!" ਬਿੰਦੇ ਨੇ ਤਰਕ ਲਾਈ।

-"ਤੂੰ ਉਈਂ ਸੁਣਾ ਦੇ ਕੋਈ ਗੱਲ ਬਾਤ, ਪੰਘਲ ਤੈਨੂੰ ਕਿਸੇ ਨੇ ਨ੍ਹੀ ਪਿਆਉਣਾ, ਅਮਲੀਆ..!" ਨਿੰਮੇ ਗਿਆਨੀ ਨੇ ਢਾਣੀ 'ਚੋਂ ਵਾਰੀ ਲੈਂਦਿਆਂ ਆਖਿਆ।

-"ਤੇਰਾ ਤਾਂ ਮੈਨੂੰ ਪਹਿਲਾਂ ਈ ਪਤੈ, ਗਿਆਨੀ ਸਿਆਂ..! ਗਿਆਨਣ ਤਾਂ ਮੇਰੀ ਬੱਕਰੀ ਵਾਸਤੇ ਥੱਬੀ ਪੱਠੇ ਨ੍ਹੀ ਦਿੰਦੀ, ਮੈਨੂੰ ਚਾਹ ਕਿੱਥੋਂ ਪਿਆ'ਦੂ..? ਉਹ ਤਾਂ ਜੇ ਨਲ਼ੀ ਵੀ ਸੁਣਕੂ, ਤਾਂ ਆਬਦੇ ਕੁੱਕੜਾਂ ਮੂਹਰੇ ਈ ਸਿੱਟੂ, ਐਨੀ ਸੂੰਮ ਐ...!" ਅਮਲੀ ਨੇ ਠੂਣਾਂ ਗਿਆਨੀ ਸਿਰ ਹੀ ਭੰਨਿਆਂ।

-"ਆਹ ਲੈ ਟੁੱਟੇ ਪੈਸੇ, ਚਾਹ ਦਾ ਕੱਪ ਚਾਹ ਆਲ਼ੀ ਦੁਕਾਨ ਤੋਂ ਈ ਪੀ ਲਈਂ...!" ਪੂਰਨੇ ਖਹਿਰੇ ਨੇ ਟਾਂਚ ਵਜੋਂ ਭਾਨ ਅਮਲੀ ਵੱਲ ਨੂੰ ਕਰਦਿਆਂ ਕਿਹਾ।

-"ਭਾਨ ਉਹ ਦਿੰਦਾ ਹੁੰਦੈ, ਜੀਹਦੀ ਘਰੇ ਨਾ ਚੱਲਦੀ ਹੋਵੇ..! ਜੀਹਦੀ ਘਰੇ ਚੱਲਦੀ ਹੋਵੇ, ਅਗਲਾ ਬਿੱਲੇ ਦੇ ਕੰਨ ਜਿੱਡਾ ਨੋਟ ਕੱਢ ਕੇ ਹੱਥ 'ਤੇ ਧਰ ਦਿੰਦੈ..!" ਅਮਲੀ ਨੇ ਖਹਿਰੇ ਦੇ ਹੱਡ 'ਤੇ ਮਾਰੀ।

-"ਅਮਲੀਆ ਜੇ ਇਹਨੇ ਤੈਨੂੰ ਨੋਟ ਦੇ'ਤਾ, ਇਹ ਘਰੇ ਕੀਹਦੇ ਵੜੂ..? ਖਹਿਰੀ ਖੌਸੜਾ ਨਾ ਲਾਹ ਲਊ...! ਨਾਂ ਉਹਦਾ ਵੀ ਕਰਮਜੀਤਣੀ ਐਂ..!"

-"ਨਾਲ਼ੇ ਉਹਦੀ ਜੁੱਤੀ ਦੇਖਲਾ ਕਿੱਡੀ ਐ? ਪੂਰੇ ਹੱਥ ਜਿੱਡੀ ਐ, ਇੱਕ ਪਾਸੇ ਮਾਰੂ ਤੇ ਮੁੜ ਕੇ ਦੂਜੇ ਪਾਸੇ ਜਾ ਵੱਜੂ..! ਇਹਨੇ ਪਤਪਤੀ 'ਚ ਚਿੱਬ ਜ਼ਰੂਰ ਪੁਆਉਣੈ..?" ਬਾਈ ਮਲਕੀਤ ਮਿਸਤਰੀ ਬੋਲਿਆ।

ਹਾਸੜ ਪੈ ਗਈ।

-"ਨਵੇਂ ਸਾਲ ਦੀ ਮੁਬਾਰਕ ਹੋਵੇ ਬਈ ਸਾਰਿਆਂ ਨੂੰ...!" ਪੀਤੇ ਦੇ ਮੁੰਡੇ ਬਿੱਟੂ ਨੇ ਖੁੰਢ 'ਤੇ ਲੋਟ ਜਿਹਾ ਹੋ ਕੇ ਬਹਿੰਦਿਆਂ ਆਖਿਆ।

-"ਲਓ ਜੀ, ਇੱਕ ਹੋਰ ਆ ਗਿਆ...! ਇਨ੍ਹਾਂ ਨੂੰ ਨਵੇਂ ਸਾਲ ਦੀ ਬੜੀ ਭੰਮਾਲੀ ਚੜ੍ਹੀ ਐ ਯਾਰ, ਜਿਹੜਾ ਆਉਂਦੈ, ਨਮਾਂ ਸਾਲ ਬੰਮਾਰਕ ਈ ਦੱਸਦੈ..!"

-"ਤੇ ਹੋਰ ਕੀ ਐ? ਨਵਾਂ ਸਾਲ ਚੜ੍ਹਿਐ, ਤਾਂ ਈ ਆਖਦੇ ਐਂ...!" ਅੱਛਰੂ ਨੂੰ ਕੋਈ ਟਿਕਾਣੇ ਦੀ ਗੱਲ ਨਾ ਔੜੀ।

-"ਯਾਰ ਮੇਰਾ ਦਿਲ ਕਰਦੈ ਬਈ ਆਪਣੇ ਲੋਕਾਂ ਦੇ ਗੋਲੀ ਮਾਰਾਂ...!"

-"ਕਿਉਂ...? ਤੂੰ ਬੜਾ ਤਪਿਆ ਬੈਠੈਂ ਅੱਜ ਸਵੇਰੇ ਸਵੇਰੇ...!" ਨੀਲੂ ਜੱਥੇਦਾਰ ਨੇ ਅਮਲੀ ਦਾ ਵਾਰ ਰੋਕਿਆ।

-"ਜੱਥੇਦਾਰਾ, ਤੇਰਾ ਪੱਤਰਕਾਰ ਕਿੱਥੇ ਐ ਅੱਜ...?"

-"ਪੱਠੇ ਲੈਣ ਗਿਐ, ਆਜੂਗਾ...! ਕਿਉਂ ਕੋਈ ਖ਼ਬਰ ਲੁਆਉਣੀਂ ਐਂ...?"

-"ਆਹ ਲੁਆਉਣੀਂ ਐਂ ਖ਼ਬਰ, ਮੈਂ ਕੋਈ ਨੀਂਹ ਪੱਥਰ ਰੱਖਿਐ? ਪਿਛਲੇ ਸਾਲ ਦੀਆਂ ਕੁਛ ਗੱਲਾਂ ਦੱਸਣੀਆਂ ਸੀ..!"

-"ਸਾਨੂੰ ਦੱਸਲਾ...? ਉਹਨੂੰ ਕਿਹੜੀਆਂ ਦੱਸਣੀਐਂ...? ਉਹਤੋਂ ਗੱਲਾਂ 'ਤੇ ਮੋਰਨੀ ਤਾਂ ਨੀ ਪੁਆਉਣੀ..?" ਮੋਨੀ ਨੇ ਉਭੜਵਾਹਿਆਂ ਵਾਂਗ ਪੁੱਛਿਆ।

-"ਜਿਹੜੀਆਂ ਐਥੇ ਪਾੜ੍ਹਾ ਬੈਠ ਕੇ ਸੁਣਾਉਂਦਾ ਰਿਹੈ, ਹੋਰ ਮੈਂ ਕਿਹੜਾ ਗੱਲਾਂ ਪ੍ਰਲੋਕ 'ਚੋਂ ਲੈ ਕੇ ਆਉਣੀਐਂ...?"

-"ਲੈ, ਆ ਗਿਆ ਪੱਤਰਕਾਰ ਵੀ...!" ਡਾਕਟਰ ਸੁਖਵਿੰਦਰ ਬੋਲਿਆ।

-"ਲੈ ਬਈ ਪੱਤਰਕਾਰਾ, ਕਰ ਆਬਦੇ ਸੰਦ ਤਿੱਖੇ ਤੇ ਲਿਖ...!"

-"ਦੱਸ ਤਾਇਆ...!" ਪੱਤਰਕਾਰ ਨੇ ਦਿਖਾਵੇ ਜਿਹੇ ਵਜੋਂ ਪੈੱਨ ਕੱਢ ਲਿਆ ਤਾਂ ਅਮਲੀ ਹੱਡਾਰੋੜੀ ਦੀ ਗਿਰਝ ਵਾਂਗ ਉਸ ਵੱਲ ਝਾਕਿਆ।

-"ਗੱਲ ਸੁਣ ਉਏ ਕਾਗਿਆਰੀਏ...! ਮੈਂ ਤੇਰਾ ਤਾਇਆ ਕਿੱਥੋਂ ਲੱਗਿਆ? ਚਾਹੇ ਆਬਦੀ ਬੇਬੇ ਨੂੰ ਪੁੱਛਲੀਂ...!"

-"ਚੱਲ ਚਾਚਾ ਆਖ ਦਿੰਨੈਂ...! ਹੁਣ ਖੁਸ਼ ਐਂ...?"

-"ਆਹ ਦੋ ਕੁ ਸਾਲ ਹੋਗੇ, ਨਮਾਂ ਸਾਲ ਚੜ੍ਹਨ ਸਾਰ ਈ ਇੱਕ "ਕਬੋਟੀ" ਆਲ਼ੇ ਬੰਦੇ ਨੇ ਬੜੀਆਂ ਰੰਗਰਲੀਆਂ ਮਨਾਈਆਂ ਸੀ ਬਈ ਕਿਸੇ ਬੀਬੀ ਨਾਲ...! ਫ਼ੋਟੂ ਵੀ ਛਪੇ ਸੀ 'ਖ਼ਬਾਰਾਂ 'ਚ..! ਉਹਦੇ ਬਾਰੇ ਤੇਰੇ 'ਖ਼ਬਾਰ ਚੁੱਪ ਈ ਧਾਰ ਗਏ...?"

-"ਇਹ ਕੰਮ ਚਾਚਾ ਸਾਡਾ ਨ੍ਹੀ, ਅਖ਼ਬਾਰਾਂ ਆਲਿਆਂ ਦੈ...! ਨਾਲ਼ੇ "ਕਬੋਟੀ" ਆਲ਼ੇ ਨ੍ਹੀਂ, "ਕਮੇਟੀ" ਆਲ਼ੇ ਆਖ...!"

-"ਚਾਹੇ ਕੋਈ ਵੀ ਸੀ..! ਪਰ ਚੁੱਪ ਕਾਹਤੋਂ ਧਾਰ ਗਏ..?"

-"ਇੱਕ ਗੱਲ ਹੋਰ ਐ ਪੱਤਰਕਾਰਾ...!" ਸੁਰਿੰਦਰ ਮਾਸਟਰ ਨੇ ਮੌਕਾ ਜਿਹਾ ਮਿਲਿਆ ਕਰਕੇ ਗੱਲ ਸ਼ੁਰੂ ਕੀਤੀ।

-"ਦੱਸ ਬਾਈ...!"

-"ਆਹ ਪਿੱਛੇ ਜੇ ਆਹ ਕ੍ਰਿਕਟ ਆਲ਼ੇ ਹਰਭਜਨ ਤੇ ਮੋਨਾ ਸਿੰਘ ਨੇ ਸੀਤਾ ਮਾਤਾ ਤੇ ਰਾਵਣ ਦਾ ਰੋਲ ਕਰਤਾ ਕਿਤੇ ਰਾਮ ਲੀਲ੍ਹਾ 'ਚ, ਤੇ ਲੋਕ ਉਨ੍ਹਾਂ ਦੇ ਮਗਰ ਪੈ ਗਏ, ਅਖੇ ਇਹ ਸਿੱਖ ਹੋ ਕੇ ਹਿੰਦੂਆਂ ਆਲ਼ੇ ਰੋਲ ਕਰੀ ਜਾਂਦੇ ਐ, ਪਰ ਜਿਹੜੇ ਸਿੱਖ ਹੋ ਕੇ ਸੱਚੀਂ ਈ ਤਿਲਕ ਲੁਆਈ ਜਾਂਦੇ ਐ, ਹਵਨ ਕਰਵਾਈ ਜਾਂਦੇ ਐ ਤੇ ਆਹੂਤੀਆਂ ਪਾਈ ਜਾਂਦੇ ਐ, ਉਨ੍ਹਾਂ ਨੂੰ ਕੋਈ ਕੁਛ ਨ੍ਹੀ ਆਖਦਾ...!"

-"ਇਹ ਸਿਆਸਤ ਐ ਬਾਈ...! ਮੰਤਰੀਆਂ ਤੇ ਅਮੀਰ ਬੰਦਿਆਂ ਨੂੰ ਕੌਣ ਕੁਛ ਆਖੇ..? ਅਗਲੇ ਲਿਵਤਰਾ ਲਾਹ ਲੈਂਦੇ ਐ..!" ਪਿੱਲਾ ਦਰਜੀ ਬੋਲਿਆ।

-"ਤੇ ਥੋਡੇ 'ਖ਼ਬਾਰ ਸਿਰ 'ਚ ਮਾਰਨ ਨੂੰ ਐਂ...?" ਅਮਲੀ ਪਿੱਟਣ ਵਾਲਿਆਂ ਵਾਂਗ ਬੋਲਿਆ।

-"ਆਹ ਤੇਰੇ ਸਾਹਮਣੇ ਇੱਕ ਵਾਰੀ ਇੱਕ 'ਬੱਡੇ' ਮੰਤਰੀ ਦੀ ਘਰਆਲੀ ਨੂੰ ਲੰਗਰ 'ਚ ਸੇਵਾ ਕਰਨ ਕਰਕੇ ਮਾਤਾ ਖੀਵੀ ਦਾ ਸਨਮਾਨ ਨ੍ਹੀਂ ਸੀ ਦੇਤਾ...?" ਰਾਮ ਜੀ ਫ਼ੌਜੀ ਨੇ ਖਿਝ ਕੇ ਆਖਿਆ।

-"ਉਏ ਇਨ੍ਹਾਂ ਦੇ ਯਾਦ ਈ ਨ੍ਹੀ ਰਿਹਾ ਹੋਣਾਂ...! ਨਹੀਂ ਵੱਡੇ ਮੰਤਰੀ ਸਾਹਬ ਨੂੰ ਲੰਗਰ 'ਚ ਮਟਰ ਕੱਢਣ ਬਦਲੇ ਭਾਈ ਮੰਝ ਜੀ ਦਾ ਖ਼ਿਤਾਬ ਕਿਉਂ ਨਾ ਦੇ ਦਿੰਦੇ..?"

-"ਅਮਲੀਆ..! ਵਜ਼ਾਰਤ ਵੇਲ਼ੇ ਸੁਖਬੀਰ ਬਾਦਲ ਨੇ ਤਾਂ ਬਿਆਨ ਦਾਗਿਆ ਸੀ ਬਈ ਲੁੱਦੇਆਣੇ ਮੈਟਰੋ ਚੱਲੂਗੀ...?" ਨਾਜੇ ਡਰਾਈਵਰ ਨੇ ਅਮਲੀ ਨੂੰ ਹੋਰ ਪੁਲੀਤਾ ਲਾਇਆ।

-"ਢਿੱਡੋਂ ਭੁੱਖੀ, ਤੇ 'ਘਟਾਰ' ਬਦਮਾਂ ਦੇ...! ਵਿਚਾਰਾ ਵਿੱਤ ਮੰਤਰੀ ਤਾਂ ਪਿੱਟੀ ਜਾਂਦਾ ਸੀ ਬਈ ਖ਼ਜ਼ਾਨਾ ਖਾਲੀ ਐ...!" ਖੇਤ ਵਾਲਾ ਭੂਰਾ ਡਰਿਆਂ ਵਾਂਗ ਬੋਲ ਉਠਿਆ।

-"ਪਰ ਇਕ ਗੱਲ ਹੋਰ ਐ ਜੀ..!" ਗੁਰਦੀਪ ਗਾਇਕ ਤੋਂ ਵੀ ਪਿੱਛੇ ਨਾ ਰਿਹਾ ਗਿਆ, "ਜੇ ਅੱਜ ਕਿਤੇ ਸੁਖਬੀਰ ਬਾਦਲ ਆਖ ਦੇਵੇ ਬਈ ਲੁਧਿਆਣੇ 'ਚ ਤਾਂ ਰੱਬ ਦਾ ਰਥ ਚੱਲੂਗਾ, ਆਪਣੇ ਲਾਈਲੱਗ ਲੋਕ ਉਹ ਵੀ ਸੱਚ ਮੰਨ ਲੈਣ..!"

-"ਆਹ ਹੰਸ ਰਾਜ ਹੰਸ ਬਾਰੇ ਤੇਰਾ ਕੀ ਖ਼ਿਆਲ ਐ...? ਕਹਿੰਦਾ ਅਗਲੀ ਇਲੈਕਸ਼ਨ ਜਿੱਤ ਕੇ ਮੈਂ ਸਭ ਤੋਂ ਪਹਿਲਾਂ ਦਿੱਲੀ ਦੰਗਿਆਂ ਦੇ ਦੋਸ਼ੀਆਂ ਵਿਰੁੱਧ ਅਵਾਜ਼ ਉਠਾਊਂਗਾ?"

-"...ਤੇ ਹੁਣ ਤੱਕ ਨਾ ਉਠਾਈ... ? ਮਰੋੜੇ ਲੱਗੇ ਵੇ ਸੀ.. ?"

-"ਪਰ ਉਠਾਊ ਕਿਵੇਂ? ਉਹ ਵੀ ਸੁਣ ਲਓ..! ...ਗਰੀਬ ਨਾਚੀਜ਼ ਕੀ ਏਕ ਅਰਜ਼ ਮਨਜ਼ੂਰ ਕੀਜੀਏ ਬਾਬਿਓ...! ਯੇਹ ਦੇਖੋ...ਦੋਨੋਂ ਹਾਥ ਜੋੜ ਕਰ ਬਿਨਤੀ ਕਰਤਾ ਹੂੰ ਜਨਾਬ...! ਇਨ ਦੋਸ਼ੀ ਸੱਜਨੋਂ ਕੋ ਅੰਦਰ ਕਰਨੇ ਕੀ ਮਿਹਰਬਾਨੀ ਕਰੇਂ...ਨਹੀਂ ਤੋ ਹਮ ਪੰਜਾਬ ਮੇਂ ਜਾ ਕਰ ਫਿਰ ਗਾਨੇ ਵਜਾਨੇ ਕਾ ਅਖਾੜਾ ਸ਼ੁਰੂ ਕਰਦੇਗਾ...!" ਭੋਲੇ 'ਮੀਰ' ਦੇ ਆਖਣ 'ਤੇ ਹਾਸੜ ਪੈ ਗਈ।

-"ਲੈ ਹੋਰ ਸੁਣ ਲਾ..! ਕਹਿੰਦੇ ਪੰਜਾਬ 'ਚ ਪੰਜਾਬੀ ਲਾਗੂ ਹੋਗੀ..! ਪਰ ਪੰਜਾਬੀਆਂ ਦੇ ਵਿਆਹ ਦੇ ਕਾਰਡ ਅਜੇ ਵੀ ਅੰਗਰੇਜ਼ੀ 'ਚ ਛਪਦੇ ਐ..! ਤੇ ਜਿਹੜੇ ਚਾਰ ਗੌਰਮਿੰਟੀ ਫ਼ਾਰਮ ਪੰਜਾਬੀ 'ਚ ਆ ਵੀ ਗਏ, ਉਨ੍ਹਾਂ ਦੇ ਅਰਥ ਵੀ ਸ਼ਬਦ ਕੋਸ਼ 'ਚੋਂ ਲੱਭਣੇ ਪੈਂਦੇ ਐ...!" ਬਾਈ ਗਮਦੂਰ ਨੇ ਆਪਣਾ ਸ਼ਿਕਵਾ ਦੱਸਿਆ।

-"ਐਤਕੀਂ ਛਰਲ੍ਹਾ ਵੀ ਬੋਟਾਂ 'ਚ ਖੜੂ ਬਈ...?" ਅਮਲੀ ਨੇ ਹੀਂਗਣਾਂ ਛੁੱਟਣ ਵਾਂਗ ਕਿਹਾ।

-"ਕਿਹੜਾ ਛਰਲ੍ਹਾ...?" ਸਾਰੇ ਤੁੱਕਿਆਂ ਵੱਲ ਝਾਕਦੇ ਬੋਕ ਵਾਂਗ ਇੱਕ ਦੂਜੇ ਦੇ ਮੂੰਹ ਵੱਲ ਝਾਕਣ ਲੱਗ ਪਏ।

-"ਉਏ ਮੈਂ ਮੋਗੇ ਆਲੀ ਛਰਲ੍ਹਾ ਦੀ ਗੱਲ ਕਰਦੈਂ...!"

-"ਉਹ ਛਰਲ੍ਹਾ ਨ੍ਹੀ ਅਮਲੀਆ..! ਸਰਲਾ ਦੇਵੀ ਐ...!" ਕਿਸੇ ਨੇ ਜ਼ੋਰ ਦੇ ਕੇ ਕਿਹਾ।

-"ਕੁਛ ਹੋਵੇ...! ਪਰ ਤੈਨੂੰ ਸਮਝ ਤਾਂ ਆਗੀ ਨ੍ਹਾ ਬਈ ਮੈਂ ਕੀਹਦੀ ਗੱਲ ਕਰਦੈਂ...? ਤੁਸੀਂ ਬਿਨਾਂ ਗੱਲੋਂ ਅਗਲੇ ਦੀ ਤਹਿ ਲਾਉਨੇਂ ਓਂ..!"

-"ਆਗੀ-ਆਗੀ ਅਮਲੀਆ...! ਪੂਰੀ ਸਮਝ ਈ ਆਗੀ..! ਤੂੰ ਗੁੱਸਾ ਨਾ ਕਰ..!"

-"ਅਮਲੀਆ, ਆਹ ਅਮਰਿੰਦਰ ਤੇ ਆਰੂਸਾ ਦੀਆਂ ਬਾਹਵਾ ਖ਼ਬਰਾਂ ਛਪਦੀਆਂ ਰਹੀਐਂ...!" ਨੀਲੂ ਨੇ ਅਮਲੀ ਨੂੰ ਫੇਰ ਛੇੜ ਲਿਆ।

-"ਛਪੀ ਜਾਣ ਦਿਓ..! ਅਗਲੇ ਨੇ ਕੋਈ ਮਾਰ ਮਾਰੀ ਐ, ਤਾਂ ਹੀ ਛਪਦੀਐਂ...! ਉਠਿਆ ਆਪ ਤੋਂ ਨਾ ਜਾਵੇ ਤੇ ਫਿੱਟੇ ਮੂੰਹ ਗੋਡਿਆਂ ਦੇ...! ਜੇ ਸਾਥੋਂ ਨੀ ਕੱਖ ਹੁੰਦਾ, ਅਗਲੇ ਦੇ ਵੀ ਠੂਠੇ ਡਾਂਗ ਮਾਰਨੀ ਐਂ...? ਪਰੋਚ ਗਾਂਧੀ ਨਾਲ ਵਿਆਹੀ ਹੋਣ ਕਰਕੇ ਪਾਕਿਸਤਾਨ ਆਲ਼ੇ ਹੁਣ ਤੱਕ ਆਪਣੇ ਆਲ਼ੀ ਨੂੰ 'ਭਾਬੀ' ਆਖਦੇ ਰਹੇ ਐ, ਜੇ ਇਹਨੇ ਇੱਕੀਆਂ ਦੀ 'ਕੱਤੀ ਪਾ ਕੇ ਮੋੜਤੀ, ਕੀ ਲੋਹੜਾ ਆ ਗਿਆ...? ਮੈਂ ਤਾਂ ਕਿੱਪਟਨ ਜਿੰਦਾਬਾਦ ਈ ਕਹੂੰਗਾ...! ਕਿੱਪਟਨ ਨਰ ਬੰਦੈ, ਜੀਹਨੇ ਪਾਕਿਸਤਾਨ ਸਾਰੀ ਬਜਰਾਈ ਬਣਾਈ...!"

-"ਇਹਦੇ 'ਚ ਵੀ ਕੋਈ ਸ਼ੱਕ ਨ੍ਹੀ...! ਨਾਲ਼ੇ ਪਰੋਚ ਗਾਂਧੀ ਨ੍ਹੀ ਅਮਲੀਆ, ਉਹਦਾ ਨਾਂ ਫ਼ਿਰੋਜ਼ ਗਾਂਧੀ ਸੀ...!"

-"ਕਹਿੰਦੇ ਮੁੰਬਈ ਆਲ਼ੇ ਕਾਂਡ 'ਚ ਪਾਕਿਸਤਾਨ ਦਾ ਹੱਥ ਐ ਬਈ..?" ਕਿਸੇ ਨੇ ਨਵੀਂ ਸਿੰਗੜੀ ਛੇੜ ਲਈ।

-"ਲੈ, ਇਹਨੂੰ ਅੱਜ ਪਤਾ ਲੱਗਿਐ..!"

-"ਹੋਣਾ ਈ ਐਂ...!" ਅਮਲੀ ਟੱਪ ਉਠਿਆ, "ਫ਼ਸਲ 'ਚੋਂ ਸਾਹਣ ਕੱਢਣਾ ਹੋਵੇ, ਵੀਹ ਦਾਣਸ ਕਰੀਦੇ ਐ, ਸੌ ਡਾਂਗ ਸੋਟੀ ਦਾ ਪ੍ਰਬੰਧ ਕਰੀਦੈ, ਤੇ ਇਹ ਤਾਂ ਕੰਜਰ ਦੇ ਤਿੰਨ ਦਿਨ ਸਾਰਾ ਬੰਬਾ ਬੰਝ 'ਤੇ ਟੰਗੀ ਫਿਰਦੇ ਰਹੇ ਐ...! ਐਨਾਂ ਅਸਲਾ ਕਿਤੋਂ ਤਾਂ ਆਇਆ ਈ ਐ...?"

-"ਪਰ ਪਾਕਿਸਤਾਨ ਤਾਂ ਮੰਨਦਾ ਨ੍ਹੀ, ਅਖੇ ਸਾਡਾ ਤਾਂ ਵਿਚ ਹੱਥ ਈ ਹੈਨ੍ਹੀ...!"

-"ਉਏ ਗੱਲ ਸੁਣੋ ਉਏ ਕਮਲਿਓ..! ਚੋਰ ਕਦੇ ਮੰਨਿਐ ਬਈ ਮੈਂ ਚੋਰੀ ਕੀਤੀ ਐ..? ਚੋਰ ਤਾਂ ਪਾੜ 'ਚ ਫੜਿਆ ਜਾਵੇ, ਉਹ ਵੀ ਦੁੱਧ ਧੋਤਾ ਹੋਣ ਦਾ ਢੰਡੋਰਾ ਪਿੱਟੀ ਜਾਂਦਾ ਰਹਿੰਦੈ..!"

-"ਉਏ ਉਨ੍ਹਾਂ ਨੂੰ ਇਉਂ ਐਂ ਬਈ ਦੋ ਚਾਰ ਦਿਨ ਇਉਂ ਈ ਮੁੱਕਰ-ਮੱਕਰ ਕੇ ਸਾਰ ਲਓ, ਭਾਰਤ ਆਲ਼ੇ ਸੀਲ ਲਾਣਾਂ ਐ, ਆਪੇ ਚਾਰ ਦਿਨਾਂ 'ਚ ਭੁੱਲ ਭੁਲਾ ਜਾਣਗੇ...! ਇੱਕ ਆਪਣਾ ਪ੍ਰਧਾਨ ਮੰਤਰੀ ਮੁਛਕੜੀਏਂ ਜੇ ਹੱਸ ਕੇ ਹੱਥ ਜੋੜ ਲੈਂਦੈ ਜਿਵੇਂ ਅਗਲੇ ਨੂੰ ਸੁੱਖ ਦੇਣੀਂ ਹੁੰਦੀ ਐ..!"

-"ਆਹ ਕੜਬਬੱਚਾਂ ਦਾ ਗਿੱਡਲ ਜਿਆ ਪਰਸੋਂ ਖ਼ਬਰਾਂ ਪੜ੍ਹ-ਪੜ੍ਹ ਸੁਣਾਈ ਜਾਵੇ, ਅਖੇ ਫਲਾਣੇ ਪਿੰਡ ਘਰ ਘਰ ਪੋਲੀਓ ਦੀਆਂ ਬੂੰਦਾਂ ਪਿਆਈਆਂ...!" ਅਮਲੀ ਨੂੰ ਪਤਾ ਨਹੀਂ ਫਿਰ ਕਿਸ 'ਤੇ ਖੁੰਧਕ ਉਠ ਖੜ੍ਹੀ।

-"ਫੇਰ...? ਕੋਈ ਮਾੜੀ ਗੱਲ ਐ...?" ਬੂਟਾ ਕਨੇਡੀਅਨ ਬੋਲਿਆ।

-"ਮੈਂ ਕਿਹਾ ਸਾਲਿਆ ਨੱਬਲਾ ਜਿਆ, ਕੋਈ ਐਹੋ ਜੀ ਖ਼ਬਰ ਕੱਢ, ਜਿੱਥੇ ਲਿਖਿਆ ਹੋਵੇ ਬਈ ਅਮਲੀਆਂ ਨੂੰ ਡੋਡੇ ਤੇ ਭੁੱਕੀ ਮੁਖ਼ਤ ਵੰਡੀ...!"

-"ਲਓ, ਕਰ ਲਓ ਘਿਉ ਨੂੰ ਭਾਂਡਾ...! ਮਿਲ ਲਓ ਇਨ੍ਹਾਂ ਨੂੰ...! ਕਰੋ ਸਨਮਾਨ ਇਨ੍ਹਾਂ ਦਾ...!"

-"ਆਹ ਪੁਲਸ ਦੀ ਜਿਪਸੀ ਕਿਵੇਂ ਆਉਂਦੀ ਐ ਬਈ...?" ਕੋਰੇ ਡਰਾਈਵਰ ਨੇ ਬੋਡਿਆਂ ਵਾਲੀ ਸੜਕ 'ਤੇ ਲੰਮੀ ਨਜ਼ਰ ਮਾਰਦਿਆਂ ਕਿਹਾ।

-"ਮੰਨੋਂ ਦੇ ਜਾਣੇਂ "ਮੇਰੀ ਕਿਛਮਤ" ਬਣਾਉਣ ਇਹ ਆਏ ਹੋਣਗੇ...! ਇਨ੍ਹਾਂ ਪੱਟ ਹੋਣਿਆਂ ਨੇ ਕਿਹੜਾ ਘਰੋਂ ਛਕਣੈਂ? ਤੇਰੇ ਮੇਰੇ ਅਰਗੇ ਦੇ ਗੀਝੇ ਨੂੰ ਇਹ ਚੂੰਬੜਨਗੇ, ਹੋਰ ਇਨ੍ਹਾਂ ਨੇ ਮੱਕੀ ਥੋੜ੍ਹੋ ਗੁੱਡਣੀ ਐਂ.. ?" ਅਮਲੀ ਡਾਂਗ 'ਤੇ ਭਾਰ ਪਾ ਕੇ ਉਠ ਖੜ੍ਹਿਆ।

-"ਤੇਰੇ ਗੀਝੇ 'ਚ ਕੀ ਜੂੰਐਂ...?" ਨੰਜੂ ਬਾਈ ਨੇ ਤਰਕ ਲਾਈ।

-"ਹੁਣ ਫ਼ੌਜੀ ਛਾਉਣੀ ਵਾਂਗੂੰ ਤੂੰ ਕਿੱਧਰ ਨੂੰ ਹਿੱਲ ਪਿਆ...? ਬਹਿ ਕੇ ਗੱਲ ਬਾਤ ਸੁਣਾ ਕੋਈ...! ਕੁਛ ਨ੍ਹੀਂ ਕਹਿੰਦੇ ਉਹ ਤੈਨੂੰ...!" ਡੈਰ੍ਹੀ ਵਾਲ਼ੇ ਦਰਸ਼ਣ ਨੇ ਕਿਹਾ।

-"ਕਿਤੇ "ਮੇਰੀ ਕਿਛਮਤ" ਮਨਾਉਣ ਵਾਸਤੇ ਲਹੂੜੀ ਦੇਣੇਂ ਮੈਨੂੰ ਨਾ ਠਾਣੇਂ ਨੂੰ ਲੱਦ ਤੁਰਨ, ਇਨ੍ਹਾਂ ਦਾ ਕੀ 'ਤਬਾਰ...? ਇਹ ਤਾਂ ਦੰਦੀਆਂ ਜੀਆਂ ਕੱਢਦੇ ਕੱਢਦੇ ਮੂਧਾ ਪਾ ਲੈਂਦੇ ਐ, ਪਿੱਛੋਂ ਮੈਂ "ਟਿਗਟ ਦੀ ਘੀਸੀ - ਟਿਗਟ ਦੀ ਘੀਸੀ" ਕਰਦਾ ਤੁਰਿਆ ਫਿਰੂੰਗਾ...!" ਅਮਲੀ ਅੰਦਰੋਂ ਪਰਾਲ ਹੋਇਆ ਪਿਆ ਸੀ।

ਮੁੜ ਹਾਸੜ ਪੈ ਗਈ।

-"ਨ੍ਹਾ ਤੈਨੂੰ ਠਾਣੇ ਲਿਜਾ ਕੇ ਇਨ੍ਹਾਂ ਨੇ ਆਬਦੇ ਠਾਣੇ ਦਾ ਨਾਸ ਮਾਰਨੈਂ?"

-"ਤੂੰ ਤਾਂ ਮੋਕ ਵੀ ਮਾੜੇ ਬਲਦ ਜਿੰਨੀ ਮਾਰਦੈਂ ਅਮਲੀਆ...!"

-"ਉਏ ਅਮਲੀ ਹੋਰ ਗੱਲੋਂ ਡਰਦੈ...!"

-"ਕਿਹੜੀ ਗੱਲੋਂ...?"

-"ਇਹਦੇ ਕੋਲ਼ੇ ਇਕ ਕਤੀੜ੍ਹ ਜੀ ਰੱਖੀ ਹੁੰਦੀ ਸੀ ਨ੍ਹਾਂ?"

-"ਖ਼ੁਰਕ ਖਾਧਾ ਜਿਆ ਕੁੱਤਾ...?"

-"ਆਹੋ...!"

-"ਉਹਦੇ 'ਚ ਭੈੜ੍ਹ ਇਹ ਸੀ ਬਈ ਉਹਦੇ ਰੋੜਾ ਕਿਸੇ ਨੇ ਹੋਰ ਮਾਰਨਾਂ, ਤੇ ਉਹਨੇ ਕੰਜਰ ਦੇ ਨੇ ਲੱਤ ਕਿਸੇ ਹੋਰ ਦੀ ਜਾ ਫੜਨੀ..!"

ਫਿਰ ਹਾਸੜ ਮੱਚ ਗਈ।

-"ਕੁੱਤਾ ਵੀ ਪੱਟ ਹੋਣਾਂ ਅਮਲੀ ਅਰਗਾ ਈ ਘਤਿੱਤੀ ਸੀ..!"

-"ਉਏ ਗੱਲ ਤਾਂ ਸੁਣ...! ਇੱਕ ਦਿਨ ਅਮਲੀ ਸਕੂਲ ਕੋਲ ਦੀ ਕੁੱਤਾ ਲਈ ਜਾਵੇ, ਤੇ ਸਕੂਲ 'ਚ ਇਕ ਮੰਤਰੀ ਭਾਸ਼ਣ ਦੇਣ ਲੱਗਿਆ ਵਿਆ..! ਤੇ ਮੰਤਰੀ ਨੂੰ ਸਪੀਕਰ 'ਤੇ ਬੋਲਦਾ ਸੁਣ ਕੇ ਕੁੱਤਾ ਲੱਗ ਪਿਆ ਭੌਂਕਣ, ਤੇ ਪੁਲਸ ਆਲਿਆਂ ਦੇ ਭਾਅ ਦੀ ਬਣਗੀ ਬਈ ਇਹ ਕਤੀੜ੍ਹ ਤਾਂ ਸਾਨੂੰ ਮੰਤਰੀ ਤੋਂ ਗਾਲ੍ਹਾਂ ਪੁਆਊ...!"

-"ਗੱਲ ਕੱਢਣ ਲੱਗੇ ਕਿਹੜਾ ਉਹ ਅੱਗਾ ਪਿੱਛਾ ਦੇਖਦੇ ਐ..?"

-"ਕਿਹੜਾ ਆਪ ਨੂੰ ਆਉਣੀ ਐਂ...! ਫੇਰ...?"

-"ਪੁਲਸ ਆਲਿਆਂ ਨੇ ਕੁੱਤੇ ਨੂੰ ਤਾਂ ਕੀ ਆਖਣਾ ਸੀ? ਪਰ ਉਨ੍ਹਾਂ ਨੇ ਅਮਲੀ ਨੂੰ ਆ ਢਾਹਿਆ...!"

-"ਅੱਛਾ...!"

-"ਨਾ, ਕਾਹਤੋਂ ਆ ਢਾਹਿਆ...?"

-"ਉਏ ਅਗਲੇ ਸੋਚਦੇ ਹੋਣੇਂ ਐਂ ਬਈ ਅੰਦਰ ਸਾਡੇ ਆਲਾ ਭੌਂਕੀ ਜਾਂਦੈ, ਤੇ ਬਾਹਰ ਅਮਲੀ ਦਾ ਕਾਹਤੋਂ ਭੌਂਕਣ ਲੱਗ ਪਿਆ...?"

ਹਾਸੇ ਦਾ ਫਰਾਟਾ ਇੱਕ ਵਾਰ ਫਿਰ ਉਚਾ ਉਠਿਆ।

ਇਤਨੇ ਚਿਰ ਨੂੰ ਪੁਲੀਸ ਦੀ ਜਿਪਸੀ ਕੋਲ਼ ਆ ਖੜ੍ਹੀ ਅਤੇ ਸਾਰੇ ਪੁਲੀਸ ਦੇ ਸਤਿਕਾਰ ਵਿਚ ਸਾਵਧਾਨ ਹੋ ਗਏ।

-"ਸੱਦਾਰ ਜੀ, ਮੇਰੀ ਕਿਛਮਤ ਤੇ ਟਿਗਟ ਦੀ ਘੀਸੀ, ਤੇ ਨਾਲ਼ੇ ਨਮਾਂ ਸਾਲ ਬਿਮਾਰਕ...!" ਅਮਲੀ ਠਾਣੇਦਾਰ ਸਾਹਮਣੇ ਅਜੀਜ਼ ਬਣਿਆਂ ਹੱਥ ਜੋੜੀ ਖੜ੍ਹਾ ਸੀ। ਇਸ ਤੋਂ ਬਿਨਾਂ ਉਸ ਨੂੰ ਹੋਰ ਕੁਝ ਸੁੱਝ ਨਹੀਂ ਰਿਹਾ ਸੀ।

# ਫੋਰਟ ਵਿਲੀਅਮ ਕਾਲਜ

**ਫੋਰਟ ਵਿਲੀਅਮ ਕਾਲਜ ਬਣਾਉਣ ਅਤੇ ਇਸ ਦੇ ਪਿਛੋਕੜ ਬਾਰੇ ਜਨਾਬ ਸਈਅਦ ਸਬਤ ਹਸਨ ਨੇ ਬਹੁਤ ਤਫਸੀਲ ਨਾਲ ਖੁਲਾਸਾ ਆਪਣੇ ਇਸ ਲੇਖ ਵਿਚ ਕੀਤਾ ਹੈ। ਅੰਗਰੇਜ਼ਾਂ ਨੇ ਇਹ ਕਾਲਜ ਕਿਉਂ ਅਤੇ ਕਿਨ੍ਹਾਂ ਹਾਲਾਤ ਵਿਚ ਬਣਾਇਆ ਤੇ ਇਸ ਨੂੰ ਬਣਾਉਣ ਪਿੱਛੇ ਮਕਸਦ ਕੀ ਸੀ, ਇਹ ਸਾਰੇ ਸਵਾਲ ਪਰਤ-ਦਰ-ਪਰਤ ਖੁੱਲ੍ਹਦੇ ਜਾਂਦੇ ਹਨ। ਸੂਖਮ ਤੰਦਾਂ ਨਾਲ ਗਜ਼ਲ ਦੀ ਬੁਣਤੀ ਪਾਉਣ ਵਾਲੇ ਗਜ਼ਲਗੋ ਅਜੈ ਤਨਵੀਰ ਨੇ ਇਸ ਲੇਖ ਦਾ ਅਨੁਵਾਦ ਕੀਤਾ ਹੈ।**

ਇਸ ਕਾਲਜ ਦੀ ਬਹੁਤ ਇਤਿਹਾਸਕ ਅਹਿਮੀਅਤ ਏ। ਜਿੱਥੋਂ ਭਾਰਤੀਆਂ ਲਈ ਗਿਆਨ ਦੇ ਮੁੱਢਲੇ ਚਿਰਾਗ ਰੌਸ਼ਨ ਹੋਏ।

ਫੋਰਟ ਵਿਲੀਅਮ ਕਾਲਜ ਭਾਰਤੀ ਉਪ ਮਹਾਂਦੀਪ ਵਿਚ ਪੱਛਮੀ ਸ਼ੈਲੀ ਦੀ ਪਹਿਲੀ ਵਿਦਿਅਕ ਸੰਸਥਾ ਸੀ ਜੋ 1800 ਵਿਚ ਲਾਰਡ ਵੈਲੇਸਲੀ ਗਵਰਨਰ ਜਨਰਲ (1798-1805) ਦੇ ਹੁਕਮ ਨਾਲ ਕਲਕੱਤਾ ਵਿਚ ਸਥਾਪਿਤ ਕੀਤੀ ਗਈ। ਕਾਲਜ ਦੀ ਸਥਾਪਨਾ ਦਾ ਫੈਸਲਾ ਗਵਰਨਰ ਜਨਰਲ ਦੁਆਰਾ 10 ਜੁਲਾਈ 1800 ਨੂੰ ਇੱਕ ਮੀਟਿੰਗ ਵਿਚ ਕੀਤਾ ਗਿਆ ਸੀ ਪਰ ਇਸ ਸ਼ਰਤ ਨਾਲ ਕਿ ਕਾਲਜ ਦਾ ਸਥਾਪਨਾ ਦਿਵਸ 24 ਮਈ 1800 ਮੰਨਿਆ ਜਾਵੇ ਕਿਉਂਕਿ ਉਸ ਦਿਨ ਟਾਪੂ ਸੁਲਤਾਨ ਦੀ ਰਾਜਧਾਨੀ ਸੇਰਾਂਗਪਟਮ ਦੇ ਪਤਨ ਦੀ ਪਹਿਲੀ ਬਰਸੀ ਸੀ।

ਫੋਰਟ ਵਿਲੀਅਮ ਕਾਲਜ ਵਿਚ ਰੈਗੂਲਰ ਸਿੱਖਿਆ 24 ਨਵੰਬਰ 1800 ਤੋਂ ਸ਼ੁਰੂ ਹੋਈ। ਇਹ ਕਾਲਜ ਆਮ ਵਿਦਿਆਰਥੀਆਂ ਲਈ ਨਹੀਂ ਖੋਲ੍ਹਿਆ ਗਿਆ ਸੀ। ਇਸ ਦਾ



**ਸਈਅਦ ਸਬਤ ਹਸਨ**
**ਅਨੁਵਾਦ: ਅਜੈ ਤਨਵੀਰ**
**ਫੋਨ +1 (559) 309-2031**

ਉਦੇਸ਼ ਈਸਟ ਇੰਡੀਆ ਕੰਪਨੀ ਦੇ ਅੰਗਰੇਜ਼ ਨੌਕਰਾਂ ਨੂੰ ਰਸਮੀ ਸਿੱਖਿਆ ਪ੍ਰਦਾਨ ਕਰਨਾ ਸੀ, ਖਾਸ ਤੌਰ 'ਤੇ ਸੋਲਾਂ ਤੇ ਸਤਾਰਾਂ ਸਾਲ ਦੀ ਉਮਰ ਵਿਚ ਭਾਰਤ ਆਏ ਭੋਲੇ-ਭਾਲੇ ਸੰਦੇਸ਼ਵਾਹਕਾਂ ਨੂੰ, ਕੰਪਨੀ ਦੀਆਂ ਜਾਇਦਾਦਾਂ ਤੱਕ ਪਹੁੰਚ ਪ੍ਰਾਪਤ ਕਰਨ ਲਈ। ਕਾਲਜ ਦਾ ਪਾਠਕ੍ਰਮ ਬਹੁਤ ਵਿਆਪਕ ਸੀ। ਭਾਰਤੀ ਇਤਿਹਾਸ, ਭੂਗੋਲ, ਮੁਸਲਿਮ ਨਿਆਂ ਸ਼ਾਸਤਰ ਤੇ ਹਿੰਦੂ ਧਰਮ, ਇਸ ਦੇਸ਼ ਦੇ ਨਿਵਾਸੀਆਂ ਦੇ ਰੀਤੀ-ਰਿਵਾਜ਼ਾਂ ਤੇ ਪਰੰਪਰਾਵਾਂ, ਕੰਪਨੀ ਦਾ ਸੰਵਿਧਾਨ ਤੇ ਉਪ ਨਿਯਮ, ਗਵਰਨਰ ਜਨਰਲ ਦੁਆਰਾ ਬਣਾਏ ਕਾਨੂੰਨ, ਬ੍ਰਿਟਿਸ਼ ਸੰਵਿਧਾਨ ਤੇ ਸਰਕਾਰ ਦੀ ਸ਼ੈਲੀ, ਬ੍ਰਿਟਿਸ਼ ਕਾਨੂੰਨ ਤੇ ਨਿਆਂ, ਇਹ ਸਾਰੇ ਵਿਸ਼ੇ ਪਾਠਕ੍ਰਮ ਵਿਚ ਸ਼ਾਮਲ ਕੀਤੇ ਗਏ ਸਨ। ਇਨ੍ਹਾਂ ਤੋਂ ਇਲਾਵਾ ਭਾਰਤੀ, ਫਾਰਸੀ, ਅਰਬੀ, ਬੰਗਲਾ, ਸੰਸਕ੍ਰਿਤ ਅਤੇ ਹੋਰ ਪੂਰਬੀ ਭਾਸ਼ਾਵਾਂ ਨੂੰ ਪੜ੍ਹਾਉਣ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ। ਵਿਦਿਆਰਥੀਆਂ ਅੰਦਰ ਨੈਤਿਕਤਾ ਅਤੇ ਆਦਤਾਂ ਸੁਧਾਰਨਾ ਵੀ ਕਾਲਜ ਦੇ ਕਰਤੱਵਾਂ ਦਾ ਹਿੱਸਾ ਸੀ। ਈਸਟ ਇੰਡੀਆ ਕੰਪਨੀ ਵਪਾਰਕ ਕੰਪਨੀ ਸੀ, ਇਸ ਲਈ ਕੰਪਨੀ ਦੇ ਕਰਮਚਾਰੀਆਂ ਨੂੰ ਹਰ ਸਮੇਂ ਮੂਲ ਨਿਵਾਸੀਆਂ ਨਾਲ ਸੰਪਰਕ ਵਿਚ ਰਹਿਣਾ ਪੈਂਦਾ ਸੀ, ਉਨ੍ਹਾਂ ਦੀ ਭਾਸ਼ਾ ਅਤੇ ਰੀਤੀ-ਰਿਵਾਜ਼ਾਂ ਤੋਂ ਜਾਣੂ ਹੋਣਾ ਪੈਂਦਾ ਸੀ। ਪਲਾਸੀ ਦੀ ਲੜਾਈ ਤੋਂ ਬਾਅਦ ਜਦੋਂ 1765 ਵਿਚ ਬੰਗਾਲ, ਬਿਹਾਰ, ਬਨਾਰਸ ਅਤੇ ਉੜੀਸਾ ਦੇ ਇਲਾਕੇ ਕੰਪਨੀ ਦੇ ਕਬਜ਼ੇ ਵਿਚ ਆ ਗਏ ਤਾਂ ਕੰਪਨੀ ਦੇ ਕਰਮਚਾਰੀਆਂ ਲਈ ਵਿਸ਼ਿਆਂ ਦੀ ਭਾਸ਼ਾ, ਧਾਰਮਿਕ ਵਿਸ਼ਵਾਸਾਂ ਅਤੇ ਸਮਾਜਿਕ ਸਥਿਤੀਆਂ ਦਾ ਗਿਆਨ ਵਧੇਰੇ ਮਹੱਤਵਪੂਰਨ ਹੋ ਗਿਆ। ਇਸ ਲਈ ਵਾਰਨ ਹੇਸਟਿੰਗਜ਼ (1772 ਤੋਂ 1785 ਤੱਕ ਬੰਗਾਲ ਦਾ ਗਵਰਨਰ ਜਨਰਲ) ਦੇ ਵੇਲੇ ਸ਼ੁਰੂ ਵਿਚ ਹੈਡਲੀ, ਡਾ. ਬਾਲਫੋਰ, ਮਿਸਟਰ ਵਿਲਕਿੰਸ ਅਤੇ ਡਾ. ਗਿਲਕ੍ਰਿਸਟ ਨੇ ਕੰਪਨੀ ਦੇ ਅੰਗਰੇਜ਼ਾਂ ਦੀ ਸਹੂਲਤ ਲਈ ਡਿਕਸ਼ਨਰੀ, ਵਿਆਕਰਨ ਅਤੇ ਭਾਸ਼ਾ ਵਿਗਿਆਨ ਦੀਆਂ ਕਈ ਕਿਤਾਬਾਂ ਤਿਆਰ ਕੀਤੀਆਂ। ਅੰਗਰੇਜ਼ ਕਿਸੇ ਵੀ ਪੱਖੋਂ ਕੋਈ ਕਮੀ ਨਹੀਂ ਸੀ ਰੱਖਣਾ ਚਾਹੁੰਦੇ। ਕੰਪਨੀ ਨੇ ਆਪਣੇ ਸਿਵਲ ਅਤੇ ਮਿਲਟਰੀ ਕਰਮਚਾਰੀਆਂ ਨੂੰ ਰੁਪਏ ਦਾ ਕਲੈਰੀਕਲ ਭੱਤਾ ਵੀ ਦੇਣਾ ਸ਼ੁਰੂ ਕਰ ਦਿੱਤਾ ਸੀ। ਇਸ ਗੱਲੋਂ ਬਹੁਤ ਘੱਟ ਲੋਕ ਜਾਣੂ ਸਨ। ਇਸ ਲਈ ਨਵੇਂ ਅੰਗਰੇਜ਼ਾਂ ਨੂੰ ਮੁਨਸ਼ੀ ਨਾਲ ਗੱਲਬਾਤ ਕਰਨ ਅਤੇ ਉਸ ਦੀ ਭਾਸ਼ਾ ਨੂੰ ਸਮਝਣ ਦੇ ਯੋਗ ਹੋਣ ਲਈ ਪਹਿਲਾਂ ਬੋਲਚਾਲ ਦੀ ਭਾਸ਼ਾ ਸਿੱਖਣੀ ਪਈ। ਨਤੀਜਾ ਇਹ ਹੋਇਆ ਕਿ ਨਵੇਂ ਅੰਗਰੇਜ਼ ਮੁਲਾਜ਼ਮਾਂ ਨੂੰ ਮੁਨਸ਼ੀਆਂ ਦੀਆਂ ਸੇਵਾਵਾਂ ਤੋਂ ਬਹੁਤ ਘੱਟ ਲਾਭ ਹੋਇਆ।

ਲਾਰਡ ਵੈਲੇਸਲੀ ਮਈ 1798 ਵਿਚ ਗਵਰਨਰ ਜਨਰਲ ਵਜੋਂ ਕਲਕੱਤੇ ਆਇਆ ਸੀ। ਉਹ ਈਸਟ ਇੰਡੀਆ ਕੰਪਨੀ ਦੇ ਲੰਡਨ ਦਫਤਰ ਵਿਚ ਸੀਨੀਅਰ ਅਹੁਦੇ 'ਤੇ ਰਹਿ ਚੁੱਕਾ ਸੀ, ਇਸ ਲਈ ਉਹ ਭਾਰਤ ਦੇ ਹਾਲਾਤ ਅਤੇ ਕੰਪਨੀ ਦੀਆਂ ਸਮੱਸਿਆਵਾਂ ਤੋਂ ਚੰਗੀ ਤਰ੍ਹਾਂ ਜਾਣੂ ਸੀ। ਜਿਵੇਂ ਹੀ ਉਹ ਕਲਕੱਤੇ ਪਹੁੰਚਿਆ, ਉਸ ਨੇ ਮਹਿਸੂਸ ਕੀਤਾ ਕਿ ਈਸਟ ਇੰਡੀਆ ਕੰਪਨੀ ਹੁਣ ਸਿਰਫ਼ ਵਪਾਰਕ ਉਦਮ ਨਹੀਂ ਰਹੀ ਸਗੋਂ ਹਜ਼ਾਰਾਂ ਵਰਗ ਮੀਲ ਜ਼ਮੀਨ ਅਤੇ ਲੱਖਾਂ ਵਸਨੀਕਾਂ ਦੀ ਕਿਸਮਤ ਇਸ ਦੇ ਕਬਜ਼ੇ ਵਿਚ ਹੈ ਤੇ ਕਰਮਚਾਰੀਆਂ ਦੀ ਸਿੱਖਿਆ ਦਾ ਨਿਯਮਿਤ ਤੌਰ 'ਤੇ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਇਸ ਤਰ੍ਹਾਂ 21 ਦਸੰਬਰ 1798 ਦੇ ਇੱਕ ਮੈਮੋਰੰਡਮ ਵਿਚ ਉਹ ਲਿਖਦਾ ਹੈ ਕਿ 'ਸਿਵਲ ਸੇਵਕਾਂ ਦੀ ਸਿੱਖਿਆ ਵਿਚ ਮੌਜੂਦਾ ਨੁਕਸ ਪਿਛਲੇ ਕੁਝ ਸਮੇਂ ਤੋਂ ਮੇਰੇ ਧਿਆਨ ਦਾ ਕੇਂਦਰ ਰਹੇ ਹਨ ਅਤੇ ਮੈਂ ਇਨ੍ਹਾਂ ਨੁਕਸਾਂ ਨੂੰ ਦੂਰ ਕਰਨ ਲਈ ਵਿਆਪਕ ਯੋਜਨਾ ਦੀ ਬੁਨਿਆਦੀ ਰੂਪਰੇਖਾ ਤਿਆਰ ਕੀਤੀ ਸੀ ਅਤੇ ਕੌਂਸਲ ਦੇ ਸਾਹਮਣੇ ਜ਼ੁਬਾਨੀ ਤੌਰ 'ਤੇ ਇਸ ਦਾ ਜ਼ਿਕਰ ਵੀ ਕੀਤਾ ਗਿਆ ਸੀ ਪਰ ਮੈਸੂਰ ਯੁੱਧ ਕਾਰਨ ਇਹ ਯੋਜਨਾ ਤੁਰੰਤ ਲਾਗੂ ਨਹੀਂ ਹੋ ਸਕੀ। ਖੁਸ਼ਕਿਸਮਤੀ ਨਾਲ ਉਸ ਸਮੇਂ ਕਲਕੱਤੇ ਵਿਚ ਕੰਪਨੀ ਦੇ ਕਈ ਉੱਚ ਅਧਿਕਾਰੀ ਅਤੇ ਪਾਦਰੀ ਸਨ ਜੋ ਲਾਰਡ ਵੈਲੇਸਲੀ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਸਨ ਅਤੇ ਜੋ ਪੂਰਬੀ ਭਾਸ਼ਾਵਾਂ ਅਤੇ ਪੱਛਮੀ ਅਧਿਐਨਾਂ ਵਿਚ ਚੰਗੀ ਤਰ੍ਹਾਂ ਜਾਣੂ ਸਨ। ਉਨ੍ਹਾਂ ਵਿਚੋਂ ਸਭ ਤੋਂ ਅੱਗੇ ਡਾ. ਜੌਹਨ ਗਿਲਕ੍ਰਿਸਟ ਸਨ। ਡਾ. ਜੌਹਨ ਗਿਲਕ੍ਰਿਸਟ ਨੂੰ ਭਾਰਤੀ (ਉਰਦੂ) ਭਾਸ਼ਾ ਨਾਲ ਬਹੁਤ ਪਿਆਰ ਸੀ। ਉਸ ਨੇ ਗਵਰਨਰ ਜਨਰਲ ਨੂੰ ਮੰਗ ਪੱਤਰ ਭੇਜ ਕੇ ਕਿਹਾ ਕਿ ਉਹ ਨਵੇਂ ਲੇਖਕਾਂ (ਅੰਗਰੇਜ਼ੀ ਕਰਮਚਾਰੀਆਂ) ਨੂੰ ਰੋਜ਼ਾਨਾ ਭਾਰਤੀ ਭਾਸ਼ਾ ਪੜ੍ਹਾਉਣ ਲਈ ਤਿਆਰ ਹਨ। ਲਾਰਡ ਵੈਲੇਸਲੀ ਨੇ ਗਿਲਕ੍ਰਿਸਟ ਦੇ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ। ਇਸ ਲਈ 21 ਦਸੰਬਰ 1798 ਨੂੰ ਗਵਰਨਰ ਜਨਰਲ ਨੇ ਸੈਸ਼ਨ ਵਿਚ ਆਦੇਸ਼ ਜਾਰੀ ਕੀਤਾ ਕਿ ਕੰਪਨੀ ਦੇ ਕਿਸੇ ਵੀ ਸਿਵਲ ਸੇਵਕ ਨੂੰ ਜ਼ਿੰਮੇਵਾਰੀ ਅਤੇ ਟਰਸਟ ਦੇ ਕੁਝ ਅਹੁਦਿਆਂ 'ਤੇ ਨਿਯੁਕਤ ਨਹੀਂ ਕੀਤਾ ਜਾਣਾ ਚਾਹੀਦਾ ਹੈ ਜਦੋਂ ਤੱਕ ਇਹ ਪਤਾ ਨਹੀਂ ਲੱਗ ਜਾਂਦਾ ਕਿ ਉਸ ਨੇ ਗਵਰਨਰ ਜਨਰਲ ਦੇ ਸੈਸ਼ਨ ਦੇ ਅਨੁਸਾਰ ਕੰਮ ਕੀਤਾ ਹੈ। ਇਹ ਸਾਰੇ ਨਿਯਮਾਂ ਅਤੇ ਨਿਯਮਾਂ ਦੇ ਵੱਖ-ਵੱਖ ਸਥਾਨਕ ਭਾਸ਼ਾਵਾਂ ਨਾਲ ਪੂਰੀ ਜਾਣੂ ਹੋ ਚੁੱਕੀ ਹੈ। ਇਹ ਵੀ ਕਿ ਪਹਿਲੀ ਜਨਵਰੀ 1801 ਤੋਂ ਬੰਗਾਲ, ਬਿਹਾਰ, ਉੜੀਸਾ ਅਤੇ ਬਨਾਰਸ ਵਿਚ ਕਿਸੇ ਵੀ ਸਿਵਲ ਸੇਵਕ ਨੂੰ ਮਹੱਤਵਪੂਰਨ ਅਹੁਦਿਆਂ ਲਈ ਯੋਗ ਨਹੀਂ ਮੰਨਿਆ ਜਾਵੇਗਾ ਜਦੋਂ ਤੱਕ ਉਸ ਨੇ ਕਾਨੂੰਨਾਂ ਤੇ ਨਿਯਮਾਂ ਅਤੇ ਸਥਾਨਕ ਭਾਸ਼ਾਵਾਂ ਵਿਚ ਪ੍ਰੀਖਿਆ ਪਾਸ ਨਹੀਂ ਕੀਤੀ ਹੈ। ਇਨ੍ਹਾਂ ਅਹੁਦਿਆਂ ਲਈ ਭਾਸ਼ਾਵਾਂ ਦਾ ਗਿਆਨ ਹੋਣਾ ਅਤਿ ਜ਼ਰੂਰੀ ਸੀ।

ਇਸ ਫੈਸਲੇ ਅਨੁਸਾਰ ਲਾਰਡ ਵੈਲੇਸਲੀ ਨੇ ਡਾਕਟਰ ਗਿਲਕ੍ਰਿਸਟ ਨੂੰ ਸਰਕਾਰੀ ਕਰਮਚਾਰੀਆਂ ਨੂੰ ਫ਼ਾਰਸੀ ਅਤੇ ਉਰਦੂ ਸਿਖਾਉਣ ਦਾ ਕੰਮ ਸੌਂਪਿਆ ਕਿਉਂਕਿ ਇਹ ਦੋਵੇਂ ਭਾਸ਼ਾਵਾਂ ਰਾਜ ਦੇ ਵਪਾਰ ਲਈ ਸਭ ਤੋਂ ਮਹੱਤਵਪੂਰਨ ਸਨ। ਇਸ ਤਰ੍ਹਾਂ ਡਾ. ਗਿਲਕ੍ਰਿਸਟ ਦਾ 'ਓਰੀਐਂਟਲ ਸੈਮੀਨਰੀ' ਹੋਂਦ ਵਿਚ ਆਇਆ। ਜਨਵਰੀ 1799 ਵਿਚ ਡਾ. ਗਿਲਕ੍ਰਿਸਟ ਨੂੰ ਉਨ੍ਹਾਂ ਸਿਵਲ ਸੇਵਕਾਂ ਦੀ ਸੂਚੀ ਮਿਲੀ ਜੋ ਫਾਰਸੀ ਅਤੇ ਭਾਰਤੀ ਸਿੱਖਣ ਦੀ ਇੱਛਾ ਰੱਖਦੇ ਸਨ। ਫਰਵਰੀ 1799 ਵਿਚ ਡਾ. ਗਿਲਕ੍ਰਿਸਟ ਨੇ ਰਾਈਟਰਜ਼ ਬਿਲਡਿੰਗ ਵਿਚ ਪੜ੍ਹਾਉਣਾ ਸ਼ੁਰੂ ਕੀਤਾ। ਡਾ. ਗਿਲਕ੍ਰਿਸਟ ਨੇ ਲਗਭਗ ਡੇਢ ਸਾਲ ਤੱਕ ਸਿਵਲ ਸੇਵਕਾਂ ਨੂੰ ਭਾਰਤੀ ਅਤੇ ਫਾਰਸੀ ਸਿਖਾਈ। ਫਿਰ ਲਾਰਡ ਵੈਲੇਸਲੀ ਦੇ ਹੁਕਮਾਂ 'ਤੇ ਪੰਜ ਸੀਨੀਅਰ ਅਫਸਰਾਂ ਦੀ ਕਮੇਟੀ ਨੇ 21 ਤੋਂ 25 ਜੁਲਾਈ 1800 ਤੱਕ ਵਿਦਿਆਰਥੀਆਂ ਦੀ ਜਾਂਚ ਕੀਤੀ ਅਤੇ ਗਵਰਨਰ ਜਨਰਲ ਨੂੰ ਵਿਸਤ੍ਰਿਤ ਰਿਪੋਰਟ ਸੌਂਪੀ। ਗਵਰਨਰ ਜਨਰਲ ਨੇ ਸਫਲ ਵਿਦਿਆਰਥੀਆਂ ਵਿਚੋਂ 12 ਨੂੰ ਨਕਦ ਰਾਸ਼ੀ ਅਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਅਤੇ ਉਨ੍ਹਾਂ ਦੀ ਵਾਕਫੀਅਤ ਦੀ ਸ਼ਲਾਘਾ ਕੀਤੀ ਪਰ ਇਹ ਅਸਥਾਈ ਪ੍ਰਬੰਧ ਸੀ ਅਤੇ ਇਸ ਵਿਚ ਲਾਰਡ ਵੈਲੇਸਲੀ ਦਾ ਉਦੇਸ਼ ਉਸ ਵਿਸ਼ਾਲ ਵਿਦਿਅਕ ਯੋਜਨਾ ਦਾ ਛੋਟਾ ਜਿਹਾ ਪ੍ਰਯੋਗ ਦੇਣ ਤੋਂ ਇਲਾਵਾ ਹੋਰ ਕੋਈ ਮਕਸਦ ਨਹੀਂ ਸੀ। ਲਾਰਡ ਵੈਲੇਸਲੀ ਦੂਰਅੰਦੇਸ਼ੀ ਸੀ। ਉਸ ਦਾ ਮਕਸਦ ਸੀ ਕਿ ਕੋਈ ਵੀ ਬੰਦਾ ਸਿੱਖਿਆ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ।

ਡਾ. ਗਿਲਕ੍ਰਿਸਟ ਦਾ ਸਿਵਲ ਸੇਵਕਾਂ ਉਤੇ ਕੋਈ ਅਧਿਕਾਰ ਨਹੀਂ ਸੀ। ਉਹ ਜਦੋਂ ਚਾਹੇ ਲੈਕਚਰ ਵਿਚ ਹਾਜ਼ਰ ਹੁੰਦਾ, ਜਦੋਂ ਚਾਹੁੰਦਾ ਸੀ, ਹਾਜ਼ਰ ਨਹੀਂ ਹੁੰਦਾ। ਡਾ. ਗਿਲਕ੍ਰਿਸਟ ਆਪਣੇ ਸ਼ਿਸ਼ਟਾਚਾਰ ਅਤੇ ਆਦਤਾਂ ਦੀ ਨਿਗਰਾਨੀ ਵੀ ਨਹੀਂ ਕਰ ਸਕਦਾ ਸੀ। ਸਭ ਤੋਂ ਵੱਡੀ ਮੁਸ਼ਕਿਲ ਇਹ ਸੀ ਕਿ ਸਰਕਾਰੀ ਕਰਮਚਾਰੀਆਂ ਨੂੰ ਸਿੱਖਿਆ ਹਾਸਲ ਕਰਨ ਦੇ ਨਾਲ-ਨਾਲ ਆਪਣੀ ਸਰਕਾਰੀ ਡਿਊਟੀ ਵੀ ਨਿਭਾਉਣੀ ਪੈਂਦੀ ਸੀ, ਇਸ ਲਈ ਪੜ੍ਹਾਈ ਇਕਸਾਰ ਨਹੀਂ ਹੋ ਸਕਦੀ ਸੀ। ਫਿਰ ਇਹ ਵੀ ਹੋਇਆ ਕਿ ਨੌਜਵਾਨ ਮੁਲਾਜ਼ਮ ਭਾਸ਼ਾ ਸਿੱਖਣ ਦੇ ਬਹਾਨੇ ਡਿਟੇਲ 'ਤੇ ਟਿੱਕ ਕਰਨ ਲਈ ਆਉਂਦੇ ਸਨ ਅਤੇ ਜੇਕਰ ਉਹ ਕਲਕੱਤੇ ਹੁੰਦੇ ਤਾਂ ਸਬਕ ਦੇ ਬਹਾਨੇ ਦਫ਼ਤਰ ਤੋਂ ਗਾਇਬ ਹੋ ਜਾਂਦੇ ਸਨ ਅਤੇ ਫਿਰ ਹੰਗਾਮਾ ਕਰ ਦਿੰਦੇ ਸਨ। ਇਹ ਸਪਸ਼ਟ ਹੈ ਕਿ ਸਿੱਖਿਆ ਦੇ ਇਸ ਪ੍ਰਬੰਧ ਤੋਂ ਲਾਭ ਦੀ ਬਜਾਇ ਕੰਪਨੀ ਨੂੰ ਨੁਕਸਾਨ ਪਹੁੰਚਾਉਣ ਦਾ ਡਰ ਬਹੁਤ ਪ੍ਰਬਲ ਸੀ। ਇਹ ਉਹ ਕਾਰਨ ਅਤੇ ਪ੍ਰੇਰਨਾ ਸਨ ਜਿਨ੍ਹਾਂ ਤਹਿਤ ਲਾਰਡ ਵੈਲੇਸਲੀ ਨੇ ਕਾਲਜ ਪ੍ਰੋਜੈਕਟ ਲਾਗੂ ਕਰਨ ਦਾ ਫੈਸਲਾ ਕੀਤਾ। ਉਸ ਨੇ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਦੀ ਪ੍ਰਵਾਨਗੀ ਵੀ ਨਹੀਂ ਲਈ ਅਤੇ 10 ਜੁਲਾਈ 1800 ਨੂੰ ਫੋਰਟ ਵਿਲੀਅਮ ਕਾਲਜ ਦੀ ਸਥਾਪਨਾ ਦਾ ਐਲਾਨ ਕੀਤਾ। ਬੋਰਡ ਨੇ ਕਾਲਜ ਦੇ ਰੈਗੂਲੇਸ਼ਨ ਨੂੰ ਮਨਜ਼ੂਰੀ ਦੇ ਕੇ ਪ੍ਰਬੰਧ ਸ਼ੁਰੂ ਕਰ ਦਿੱਤੇ ਸਨ। ਹਾਲਾਂਕਿ ਇੱਕ ਦਿਨ ਪਹਿਲਾਂ ਉਸ ਨੇ ਲੰਡਨ ਵਿਚ ਮਜਲਿਸ-ਏ-ਨਜ਼ਮਾ ਨੂੰ ਭੇਜੀ ਰਿਪੋਰਟ ਵਿਚ ਦੱਸਿਆ ਕਿ ਗਵਰਨਰ ਜਨਰਲ ਦੀ ਮੀਟਿੰਗ ਵਿਚ ਕਲਕੱਤਾ ਵਿਚ ਸਿਵਲ ਸੇਵਕਾਂ ਲਈ ਵਿਦਿਅਕ ਸੰਸਥਾ ਖੋਲ੍ਹਣ ਦਾ ਫੈਸਲਾ ਕੀਤਾ ਗਿਆ ਸੀ, ਇਸ ਪ੍ਰੋਜੈਕਟ ਦਾ ਵੇਰਵਾ ਬਾਅਦ ਵਿਚ ਭੇਜਿਆ ਜਾਵੇਗਾ। ਇਹ ਵੇਰਵੇ 18 ਅਗਸਤ 1800 ਨੂੰ ਮਜਲਿਸ-ਏ-ਨਜ਼ਮਾ ਨੂੰ ਲੰਮੇ ਯਾਦ ਪੱਤਰ ਦੇ ਰੂਪ ਵਿਚ ਭੇਜੇ ਗਏ ਸਨ। ਇਸ ਮੈਮੋਰੰਡਮ ਵਿਚ ਲਾਰਡ ਵੈਲੇਸਲੀ ਨੇ ਕਾਲਜ ਦੀ ਮਹੱਤਤਾ ਅਤੇ ਉਪਯੋਗਤਾ ਬਾਰੇ ਵਿਸਥਾਰ ਨਾਲ ਦੱਸਿਆ ਅਤੇ ਕਾਲਜ ਦੇ ਨਿਯਮਾਂ ਤੇ ਨਿਯਮਾਂ ਦੀ ਵਿਆਖਿਆ ਕਰਦੇ ਹੋਏ ਸੁਝਾਅ ਦਿੱਤਾ ਕਿ ਭਾਰਤ ਵਿਚ ਆਉਣ ਵਾਲੇ ਹਰ ਨਵੇਂ ਕਰਮਚਾਰੀ ਨੂੰ ਫੋਰਟ ਵਿਲੀਅਮ ਕਾਲਜ ਵਿਚ ਦਾਖਲਾ ਲੈਣ ਲਈ ਪਹਿਲਾਂ ਆਪਣੀ ਸਿੱਖਿਆ ਪੂਰੀ ਕਰਨੀ ਚਾਹੀਦੀ ਹੈ ਜਿਸ ਤੋਂ ਬਾਅਦ ਗਵਰਨਰ-ਇਨ-ਕੌਂਸਲ ਨੂੰ ਇਹ ਫੈਸਲਾ ਕਰਨ ਦਾ ਅਧਿਕਾਰ ਹੈ ਕਿ ਵਿਦਿਆਰਥੀ ਕਿਸ ਸੂਬੇ ਅਤੇ ਕਿਸ ਅਹੁਦੇ ਲਈ ਸਭ ਤੋਂ ਢੁਕਵਾਂ ਹੋਵੇਗਾ। ਜਿਹੜੇ ਲੋਕ ਵਿੱਦਿਆ ਦੇ ਫੈਲਾਓ ਲਈ ਯਤਨ ਕਰਦੇ ਹਨ, ਉਹ ਸਾਰਿਆਂ ਦੇ ਦਿਲਾਂ ਵਿਚ ਵਸਦੇ ਹਨ।

ਲਾਰਡ ਵੈਲੇਸਲੀ ਨੇ ਕਾਲਜ ਦੇ ਖਰਚਿਆਂ ਲਈ ਬੰਗਾਲ ਅਤੇ ਮੈਸੂਰ ਦੇ ਫੰਡਾਂ 'ਤੇ ਕਾਲਜ ਟੈਕਸ ਲਗਾਉਣ ਦੀ ਇਜਾਜ਼ਤ ਵੀ ਮੰਗੀ। ਫੋਰਟ ਵਿਲੀਅਮ ਕਾਲਜ ਦੇ ਨਿਯਮ ਵਿਚ 27 ਵਿਵਸਥਾਵਾਂ ਸਨ। ਇਸ ਨਿਯਮ ਦੇ ਤਹਿਤ ਗਵਰਨਰ ਜਨਰਲ ਨੂੰ ਕਾਲਜ ਦਾ ਸਰਪ੍ਰਸਤ ਅਤੇ ਵਿਜ਼ਟਰ ਐਲਾਨਿਆ ਗਿਆ ਸੀ। ਸੁਪਰੀਮ ਕੌਂਸਲ ਦੇ ਮੈਂਬਰ ਅਤੇ ਸਿਵਲ ਕੋਰਟ ਦੇ ਪ੍ਰਧਾਨ ਤੇ ਨਿਜ਼ਾਮ ਅਦਾਲਤ ਦੇ ਜੱਜਾਂ ਨੂੰ ਕਾਲਜ ਦਾ ਗਵਰਨਰ ਨਿਯੁਕਤ ਕੀਤਾ ਗਿਆ ਸੀ। ਕਾਲਜ ਦਾ ਪ੍ਰਬੰਧ ਪੰਜ ਮੈਂਬਰਾਂ ਦੀ ਕਮੇਟੀ ਸੀ। ਪਹਿਲੀ ਸਭਾ ਦੇ



ਮੈਂਬਰ ਸਨ: ਰੈਵਰੈਂਡ ਡੇਵਿਡ ਬ੍ਰਾਊਨ (ਪ੍ਰੋਵੋਸਟ ਕਾਲਜ), ਰੈਵਰੈਂਡ ਕਲੌਡੇਟਸ ਬੁਕਾਨਨ (ਵਾਈਸ ਪ੍ਰੋਵੋਸਟ), ਮਾਨਯੋਗ ਆਰਥਰ ਵੈਲੇਸਲੀ (ਬਾਅਦ ਵਿਚ ਵੈਲਿੰਗਟਨ ਦੇ ਡਿਊਕ), ਸਰ ਜਾਰਜ ਬਾਰਲੋ (ਬਾਅਦ ਵਿਚ ਕਾਰਜਕਾਰੀ ਗਵਰਨਰ ਜਨਰਲ) ਅਤੇ ਮਿਸਟਰ ਨੀਲ ਬਿਨ ਜੈਮਨ। ਐਡਮੈਨਸਟਨ ਸਕੱਤਰ ਸਰਕਾਰ ਕਾਲਜ ਦੇ ਉੱਚ ਅਧਿਕਾਰੀ ਨੂੰ ਪ੍ਰੋਵੋਸਟ ਕਿਹਾ ਜਾਂਦਾ ਸੀ। ਇਹ ਨਿਸ਼ਚਤ ਕੀਤਾ ਗਿਆ ਸੀ ਕਿ ਪ੍ਰੋਵੋਸਟ ਹਮੇਸ਼ਾ ਚਰਚ ਆਫ ਇੰਗਲੈਂਡ ਦਾ ਪਾਦਰੀ ਹੋਵੇਗਾ, ਫੋਰਟ ਵਿਲੀਅਮ ਵਿਖੇ ਅਰਬੀ, ਫਾਰਸੀ, ਹਿੰਦੀ, ਸੰਸਕ੍ਰਿਤ, ਬੰਗਲਾ, ਤੇਲਗੂ, ਮਰਾਠੀ, ਤਾਮਿਲ ਅਤੇ ਕੰਨੜ ਭਾਸ਼ਾਵਾਂ ਦੇ ਰੈਗੂਲੇਸ਼ਨ ਵਿਭਾਗ ਖੋਲ੍ਹੇ ਗਏ ਸਨ। ਕਾਲਜ ਦੀ ਰੂਪ ਰੇਖਾ ਬਹੁਤ ਹੀ ਖ਼ੂਬਸੂਰਤ ਸੀ। ਇਸਲਾਮੀ ਨਿਆਂ ਸ਼ਾਸਤਰ, ਹਿੰਦੂ ਧਰਮ, ਨੈਤਿਕਤਾ, ਕਾਨੂੰਨ ਦੇ ਸਿਧਾਂਤ, ਬ੍ਰਿਟਿਸ਼ ਕਾਨੂੰਨ, ਸੈਸ਼ਨ ਵਿਚ ਗਵਰਨਰ ਜਨਰਲ ਦੁਆਰਾ ਬਣਾਏ ਗਏ ਕਾਨੂੰਨ ਤੇ ਨਿਯਮ, ਅਰਥ ਸ਼ਾਸਤਰ, ਭੂਗੋਲ, ਗਣਿਤ, ਆਧੁਨਿਕ ਯੂਰਪੀ ਭਾਸ਼ਾਵਾਂ, ਯੂਨਾਨੀ, ਲਾਤੀਨੀ ਤੇ ਅੰਗਰੇਜ਼ੀ ਸਾਹਿਤ, ਭਾਰਤ ਦਾ ਆਧੁਨਿਕ ਤੇ ਪ੍ਰਾਚੀਨ ਇਤਿਹਾਸ, ਭੌਤਿਕ ਵਿਗਿਆਨ, ਬਨਸਪਤੀ ਵਿਗਿਆਨ, ਰਸਾਇਣ ਵਿਗਿਆਨ ਅਤੇ ਜੋਤਿਸ਼ ਦੀ ਸਿੱਖਿਆ ਲਈ ਪ੍ਰਬੰਧ ਕੀਤਾ ਗਿਆ ਸੀ। ਸਰ ਜਾਰਜ ਬਾਰਲਰ ਬ੍ਰਿਟਿਸ਼ ਭਾਰਤ ਵਿਚ ਕਾਨੂੰਨ ਅਤੇ ਨਿਯਮਾਂ ਦੇ ਆਨਰੇਰੀ ਪ੍ਰੋਫੈਸਰ ਬਣੇ। ਇਸੇ ਤਰ੍ਹਾਂ ਮਿਸਟਰ ਬਿਨ ਜਾਮਨ ਐਡਮੈਨਸਟਨ ਨੂੰ ਫਾਰਸੀ ਦਾ ਆਨਰੇਰੀ ਪ੍ਰੋਫੈਸਰ ਨਿਯੁਕਤ ਕੀਤਾ ਗਿਆ। ਹਾਲਾਂਕਿ ਲੈਫਟੀਨੈਂਟ ਜੌਹਨ ਬੇਲੀ ਅਰਬੀ ਪ੍ਰੋਫੈਸਰ ਦੀ ਤਨਖਾਹ 1600 ਰੁਪਏ ਪ੍ਰਤੀ ਮਹੀਨਾ ਸੀ ਅਤੇ ਭਾਰਤੀ ਦੇ ਡਾਕਟਰ ਜੌਹਨ ਗਿਲਕ੍ਰਿਸਟ ਪ੍ਰੋਫੈਸਰ ਦੀ ਤਨਖਾਹ 1500 ਰੁਪਏ ਪ੍ਰਤੀ ਮਹੀਨਾ ਸੀ।

ਉਰਦੂ ਸਾਹਿਤ ਦੇ ਕੁਝ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਫੋਰਟ ਵਿਲੀਅਮ ਕਾਲਜ ਦੇ ਪ੍ਰਿੰਸੀਪਲ ਡਾ. ਜੌਹਨ ਗਿਲਕ੍ਰਿਸਟ ਸਨ। ਇਹ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਗਲਤ ਹੈ ਕਿਉਂਕਿ ਡਾ. ਜੌਹਨ ਗਿਲਕ੍ਰਿਸਟ ਸਿਰਫ ਭਾਰਤੀ ਪ੍ਰੋਫੈਸਰ ਸਨ ਅਤੇ ਕਦੇ ਵੀ ਪ੍ਰਿੰਸੀਪਲ ਨਿਯੁਕਤ ਨਹੀਂ ਹੋਏ ਸਨ। ਅਸਲ ਵਿਚ ਕਾਲਜ ਵਿਚ ਪ੍ਰਿੰਸੀਪਲ ਦੀ ਅਸਾਮੀ ਮੌਜੂਦ ਹੀ ਨਹੀਂ ਸੀ। ਸਿਰਫ਼ ਇੱਕ ਪ੍ਰੋਵੋਸਟ ਸੀ ਜੋ ਵਿਦਿਆਰਥੀਆਂ ਦੇ ਆਚਰਨ ਤੇ ਆਦਤਾਂ ਦੀ ਨਿਗਰਾਨੀ ਕਰਦਾ ਸੀ ਅਤੇ ਕਾਲਜ ਦੇ ਪ੍ਰਸ਼ਾਸਨ ਲਈ ਜ਼ਿੰਮੇਵਾਰ ਸੀ। ਰੈਗੂਲੇਸ਼ਨ ਦੇ ਅਨੁਸਾਰ ਬੰਗਾਲ ਕਵਰ ਕਰਨ ਲਈ ਨਿਯੁਕਤ ਕੀਤੇ ਸਾਰੇ ਨਵੇਂ ਸਿਵਲ ਸੇਵਕਾਂ ਨੂੰ ਤਿੰਨ ਸਾਲ ਲਈ ਕਾਲਜ ਵਿਚ ਹਾਜ਼ਰ ਹੋਣਾ ਜ਼ਰੂਰੀ ਸੀ। ਉਨ੍ਹਾਂ ਕਰਮਚਾਰੀਆਂ ਲਈ ਵੀ ਤਿੰਨ ਸਾਲ ਦੀ ਸਿੱਖਿਆ ਲਾਜ਼ਮੀ ਸੀ ਜੋ ਅਜੇ ਤੱਕ ਬੰਗਾਲ ਨਹੀਂ ਆਏ ਸਨ। ਇਹਨਾਂ ਤੋਂ ਇਲਾਵਾ ਸਾਰਿਆਂ ਤੇ ਇਹ ਲਾਗੂ ਸੀ। ਉਨ੍ਹਾਂ ਬੰਬਈ ਅਤੇ ਮਦਰਾਸ ਦੇ ਸਿਵਲ ਅਤੇ ਮਿਲਟਰੀ ਕਰਮਚਾਰੀ ਵੀ ਗਵਰਨਰ ਜਨਰਲ ਦੀ ਆਗਿਆ ਨਾਲ ਕਾਲਜ ਵਿਚ ਦਾਖਲਾ ਲੈ ਸਕਦੇ ਸਨ। ਵਿਦਿਆਰਥੀਆਂ ਲਈ ਰਿਹਾਇਸ਼ ਤੇ ਭੋਜਨ ਦਾ ਪ੍ਰਬੰਧ ਮੁਫ਼ਤ ਸੀ ਅਤੇ ਕਾਲਜ ਦੀ ਜ਼ਿੰਮੇਵਾਰੀ ਸੀ। ਕੋਸ਼ਿਸ਼ ਇਹ ਕੀਤੀ ਗਈ ਸੀ ਕਿ ਹਰ ਵਿਦਿਆਰਥੀ ਨੂੰ ਸਹੂਲਤ ਵੱਲੋਂ ਕੋਈ ਕਮੀ ਨਾ ਰਹੇ। ਉਹ ਆਪਣੀ ਪੜ੍ਹਾਈ ਵਧੀਆ ਢੰਗ ਨਾਲ ਕਰ ਸਕੇ। ਪੜ੍ਹਾਈ ਦੇ ਮਾਮਲੇ ਵਿਚ ਕੋਈ ਵੀ ਤਕਲੀਫ਼ ਨਾ ਹੋਵੇ। ਇਸ ਤੋਂ ਇਲਾਵਾ ਹਰ ਵਿਦਿਆਰਥੀ ਨੂੰ ਤਿੰਨ ਸੌ ਰੁਪਏ ਮਹੀਨਾ ਭੱਤਾ ਵੀ ਦਿੱਤਾ ਜਾਂਦਾ ਸੀ।

ਕਾਲਜ ਦੇ ਦੋ-ਦੋ ਮਹੀਨੇ ਦੇ ਚਾਰਟਰ ਹੁੰਦੇ ਸਨ। ਪਹਿਲੀ ਮਿਆਦ ਫਰਵਰੀ ਤੋਂ ਮਾਰਚ ਵਿਚ ਸੀ, ਦੂਜੀ ਮਈ ਤੇ ਜੂਨ ਵਿਚ, ਤੀਜੀ ਅਗਸਤ ਤੇ ਸਤੰਬਰ ਵਿਚ, ਚੌਥੀ ਮਿਆਦ ਨਵੰਬਰ ਤੇ ਦਸੰਬਰ ਵਿਚ ਸੀ ਅਤੇ ਹਰ ਟਰਮ ਤੋਂ ਬਾਅਦ ਇੱਕ ਮਹੀਨੇ ਦੀ ਛੁੱਟੀ ਸੀ। ਸਾਲ ਵਿਚ ਦੋ ਵਾਰ ਇਮਤਿਹਾਨ ਲਏ ਜਾਂਦੇ ਸਨ। ਦੂਜੇ ਕਾਰਜਕਾਲ ਤੋਂ ਬਾਅਦ ਪਹਿਲਾ ਅਤੇ ਚੌਥੇ ਕਾਰਜਕਾਲ ਤੋਂ ਬਾਅਦ ਦੂਜਾ। ਕਾਲਜ ਵਿਚ ਡਸਿਪਲਨ ਪੂਰੀ ਤਰ੍ਹਾਂ ਕਾਇਮ ਰੱਖਿਆ ਗਿਆ ਸੀ। ਲਾਰਡ ਵੈਲੇਸਲੇ ਨੇ ਮੈਕਡੋਨਲਡ ਨਾਮ ਦੇ ਅੰਗਰੇਜ਼ ਤੋਂ ਕਾਲਜ ਲਈ ਵਿਸ਼ਾਲ ਇਮਾਰਤ ਕਿਰਾਏ 'ਤੇ ਲਈ ਸੀ। ਇਹ ਇਮਾਰਤ ਸ਼ਹਿਰ ਦੇ ਕੇਂਦਰ ਵਿਚ ਸੀ ਅਤੇ ਜਦੋਂ ਸਾਰੇ ਪ੍ਰਬੰਧ ਮੁਕੰਮਲ ਹੋ ਗਏ ਤਾਂ 24 ਨਵੰਬਰ 1800 ਤੋਂ ਕਾਲਜ ਵਿਚ ਬਕਾਇਦਾ ਪੜ੍ਹਾਈ ਸ਼ੁਰੂ ਹੋ ਗਈ। ਪਹਿਲੇ ਦਿਨ ਸਿਰਫ ਅਰਬੀ, ਦੂਜੇ ਦਿਨ ਫ਼ਾਰਸੀ ਅਤੇ ਤੀਜੇ ਦਿਨ 26 ਨਵੰਬਰ ਨੂੰ ਭਾਰਤੀ ਦੀ ਵਾਰੀ ਸੀ। ਕਾਲਜ ਵਿਚ ਵੱਡਾ ਡਾਇਨਿੰਗ ਹਾਲ ਸੀ ਜਿੱਥੇ ਸਾਰੇ ਵਿਦਿਆਰਥੀਆਂ ਨੂੰ ਦੋਵੇਂ ਸਮੇਂ ਖਾਣਾ ਪੈਂਦਾ ਸੀ। ਪਹਿਲੇ ਟਰਮ ਵਿਚ ਕੁੱਲ ਵਿਦਿਆਰਥੀਆਂ ਦੀ ਗਿਣਤੀ 64 ਸੀ। ਕਾਲਜ ਵਿਚ ਪੂਰਬੀ ਭਾਸ਼ਾਵਾਂ, ਖਾਸ ਕਰ ਕੇ ਹਿੰਦੀ ਅਤੇ ਫਾਰਸੀ ਦੇ ਅਧਿਐਨ 'ਤੇ ਬਹੁਤ ਜ਼ੋਰ ਦਿੱਤਾ ਗਿਆ ਕਿਉਂਕਿ ਉਤਰੀ ਭਾਰਤ ਵਿਚ ਭਾਰਤੀ ਭਾਸ਼ਾ ਬੋਲੀ ਜਾਂਦੀ ਸੀ।

ਭਾਸ਼ਾ ਦੇ ਮਾਮਲੇ ਵਿਚ ਫ਼ਾਰਸੀ ਅਜੇ ਵੀ ਪੂਰੇ ਦੇਸ਼ ਵਿਚ ਸਰਕਾਰੀ ਅਤੇ ਅਦਾਲਤੀ ਭਾਸ਼ਾ ਸੀ। ਇਸ ਭਾਸ਼ਾ ਦਾ ਪੂਰਾ ਬੋਲਬਾਲਾ ਸੀ। ਕੋਈ ਵੀ ਫ਼ਾਰਸੀ ਦੀ ਉਘਲਣਾ ਨਹੀਂ ਕਰ ਸਕਦਾ ਸੀ। ਇਸ ਲਈ ਅਲ-ਸੁਨਾਹ ਪੂਰਬ ਦੇ ਅੰਗਰੇਜ਼ੀ ਪ੍ਰੋਫੈਸਰਾਂ ਦੀ ਮਦਦ ਲਈ ਹਰ ਵਿਭਾਗ ਵਿਚ ਮੂਲ ਮੰਤਰੀ ਅਤੇ ਪੰਡਤਾਂ ਨੂੰ ਨਿਯੁਕਤ ਕੀਤਾ ਗਿਆ ਸੀ। ਇਨ੍ਹਾਂ ਅਧਿਆਪਕਾਂ ਦਾ ਕੰਮ ਅੰਗਰੇਜ਼ੀ ਅਧਿਆਪਕਾਂ ਨੂੰ ਪੜ੍ਹਾਉਣ ਵਿਚ ਸਹਾਇਤਾ ਕਰਨਾ ਅਤੇ ਵਿਦਿਆਰਥੀਆਂ ਲਈ ਪਾਠ ਪੁਸਤਕਾਂ ਤਿਆਰ ਕਰਨਾ ਸੀ। ਅੰਗਰੇਜ਼ਾਂ ਦਾ ਮਕਸਦ ਭਾਵੇਂ ਹੋਰ ਭਾਸ਼ਾ ਨੂੰ ਸਿੱਖਣਾ ਸੀ ਪਰ ਉਹ ਇਹਨਾਂ ਭਾਸ਼ਾਵਾਂ ਨੂੰ ਦਿਲੋਂ ਸਤਿਕਾਰ ਦਿੰਦੇ ਸਨ। ਅਰਬੀ, ਫਾਰਸੀ, ਭਾਰਤੀ ਅਤੇ ਬੰਗਾਲੀ ਵਿਭਾਗਾਂ ਵਿਚ ਇੱਕ-ਇੱਕ ਮੁੱਖ ਸਕੱਤਰ ਸੀ, ਉਸ ਦੀ ਤਨਖਾਹ ਦੋ ਸੌ ਰੁਪਏ ਮਹੀਨਾ ਸੀ। ਉਸ ਦੇ ਅਧੀਨ ਇੱਕ ਸੌ ਰੁਪਏ ਪ੍ਰਤੀ ਮਹੀਨਾ ਤਨਖਾਹ ਵਾਲਾ ਦੂਜਾ ਮੁਨਸ਼ੀ ਸੀ, ਮੁਨਸ਼ੀ ਮੁਕਾਬਲੇ ਦੀ ਪ੍ਰੀਖਿਆ ਰਾਹੀਂ ਚੁਣੇ ਜਾਂਦੇ ਸਨ। ਉਨ੍ਹਾਂ ਤੋਂ ਇਲਾਵਾ ਸਰਟੀਫਿਕੇਟ ਕਲਰਕ ਵੀ ਸਨ ਜਿਨ੍ਹਾਂ ਨੂੰ ਬਕਾਇਦਾ ਪ੍ਰੀਖਿਆ ਪਾਸ ਕਰਨੀ ਪੈਂਦੀ ਸੀ। ਹਰ ਰੂਲ ਦਾ ਸਤਿਕਾਰ ਆਦਰ ਕਰਨਾ ਪੈਂਦਾ ਸੀ। ਇਹ ਸੈਂਡੀ ਮੁਨਸ਼ੀ ਕਾਲਜ ਦੇ ਕਰਮਚਾਰੀ ਨਹੀਂ ਸਨ ਪਰ ਵਿਦਿਆਰਥੀਆਂ ਨੂੰ ਪ੍ਰਾਈਵੇਟ ਤੌਰ 'ਤੇ ਪੜ੍ਹਾਉਣ ਦੀ ਇਜਾਜ਼ਤ ਦਿੰਦੇ ਸਨ। ਉਨ੍ਹਾਂ ਦੀ ਤਨਖਾਹ 30 ਰੁਪਏ ਪ੍ਰਤੀ ਮਹੀਨਾ ਰੱਖੀ ਗਈ ਸੀ ਜੋ ਵਿਦਿਆਰਥੀ ਆਪਣੀ ਜੇਬ ਵਿਚੋਂ ਅਦਾ ਕਰਦੇ ਸਨ। ਕਾਲਜ ਦੇ ਮੁਲਾਜ਼ਮਾਂ ਨੂੰ ਪ੍ਰਾਈਵੇਟ ਟਿਊਸ਼ਨ ਲੈਣ ਦੀ ਇਜਾਜ਼ਤ ਨਹੀਂ ਸੀ। ਮੁੱਖ ਸਕੱਤਰਾਂ ਨੂੰ ਐਤਵਾਰ ਨੂੰ ਛੱਡ ਕੇ ਹਰ ਰੋਜ਼ ਸਵੇਰੇ 10:00 ਵਜੇ ਤੋਂ ਦੁਪਹਿਰ 1:00 ਵਜੇ ਤੱਕ ਕਾਲਜ ਵਿਚ ਮੌਜੂਦ ਰਹਿਣਾ ਪੈਂਦਾ ਸੀ ਤਾਂ ਜੋ ਵਿਦਿਆਰਥੀ ਇਨ੍ਹਾਂ ਦੀ ਵਰਤੋਂ ਕਰ ਸਕਣ। ਕਿਉਂਕਿ ਕਲਕੱਤੇ ਵਿਚ ਭਾਰਤੀ, ਫ਼ਾਰਸੀ ਅਤੇ ਅਰਬੀ ਲਿਖਾਰੀ ਬਹੁਤ ਘੱਟ ਸਨ, ਇਸ ਲਈ ਲਖਨਊ ਅਤੇ ਦਿੱਲੀ ਦੇ ਨਿਵਾਸੀਆਂ ਨੂੰ ਆਪਣੇ ਖੇਤਰਾਂ ਵਿਚ ਢੁਕਵੇਂ ਗ੍ਰੰਥੀਆਂ ਨੂੰ ਲੱਭਣ ਅਤੇ ਭੇਜਣ ਲਈ ਨਿਰਦੇਸ਼

(ਬਾਕੀ ਅਗਲੇ ਸਫੇ 'ਤੇ)

# ਏਥੈ ਖਾਜੈ ਕਾਲਿ

ਨਾਂ ਬਦਲਦੇ ਜਾਂਦੇ ਨੇ, ਲੇਖਾ ਤਾਂ ਲਿਖਤ ਹੈ। ਕੁਦਰਤ ਦੀ ਲਿਖਤ ਹੈ ਸਾਰੀ ਜੋ ਕੁੱਝ ਵੀ ਮੌਜੂਦ ਹੈ ਏਸ ਕੁੱਲ ਕਾਇਨਾਤ ਅੰਦਰ।

ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥

ਜਿਥੈ ਬਹਿ ਸਮਝਾਈਐ ਤਿਥੈ ਕੋਇ ਨ ਚਲਿਓ ਨਾਲਿ॥

ਰੋਵਣ ਵਾਲੇ ਜੇਤੜੇ ਸਭਿ ਬੰਨਹਿ ਪੰਡ ਪਰਾਲਿ ॥੨॥

ਬਾਬਾ ਮਾਇਆ ਰਚਨਾ ਧੋਹੁ ॥

ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ ॥੧॥ ਰਹਾਉ ॥ ਪੰਨਾ 15, ਮ:1॥

ਇਹ ਅੰਤਰਾ ਵੇਖੋ ਕਿਸ ਸੋਹਣੇ ਢੰਗ ਨਾਲ ਜਿਉਣ ਦਾ ਕੋਹਜ ਵਿਖਾਉਂਦਾ ਏ। ਖਾਜਾ ਖਾਵਣ ਦਾ ਸਾਮਾਨ ਹੈ ਤੇ "ਖਾਜੈ" ਦਾ ਮਤਲਬ ਖਾਂਹਦਾ ਜਾ ਰਿਹਾ ਏ। ਕਾਲ ਵੇਲਾ ਏ, ਔਖਾ ਵੇਲਾ ਵੀ ਤੇ ਮੌਤ ਵੀ। ਇੱਥੇ ਜੰਮਦਾ ਹੈ ਮਨੁੱਖ ਤੇ ਉਸ ਨੂੰ ਜੀਵਨ ਮਿਲਦਾ ਏ ਮਰਨ ਕੀਤੇ। ਯਾ ਇੰਞ ਵੀ ਪੜ੍ਹ ਸਕਦੇ ਹਾਂ ਜੋ ਜੰਮਣ ਪਾਰੋਂ ਜੋ ਜੀਵਨ ਮਿਲਿਆ ਏ ਉਸ ਨੂੰ ਵੇਲੇ ਦੀ ਅਉਖਿਆਈ ਪਈ ਖਾਂਦੀ ਏ। ਯਾ ਜੀਵਨ ਨਿਰਾ ਮੌਤ ਲਈ ਈ ਹੈ। ਜੀਵਨ ਜੇ ਨਾਮ ਦੇ ਸੰਗ ਹੋਵੇ ਤਾਂ ਮਨੁੱਖ ਜੀਵਨ ਹੰਢਾਉਂਦਾ ਏ ਉਸ ਨੂੰ ਮੌਤ ਆਉਂਦੀ ਹੀ ਨਹੀਂ। ਜੇ ਜੀਵਨ ਨਾਮ ਵਿਹੂਣਾ ਏ ਤਾਂ ਉਹ ਬੱਸ ਮਰਨ ਲਈ ਈ ਜੰਮਿਆ ਏ। ਬਾਬੇ ਨਾਨਕ ਦੀ ਨਾਮ ਸਿਆਣ ਤੇ ਸੱਚ ਕਰਨੀ ਨੇ ਉਸ ਨੂੰ ਅੱਜ ਤੀਕ ਜਿਉਂਦਾ ਰੱਖਿਆ ਏ। ਜੀਵਨ ਕਰਨੀ ਪਾਰੋਂ ਜਿਉਂਦਾ ਏ। ਪਰ ਕਰਨੀ ਮਾਇਆ ਦੀ ਰਚੀ ਧੋਖੇਬਾਜ਼ੀ ਦੇ ਲੇਖੇ ਲੱਗ ਵੰਜੇ ਤਾਂ ਆਪਣੀ ਮੌਤ ਆਪ ਸਹੇੜਦੀ ਏ। ਜਿੱਥੇ ਵੀ ਜੀਵਨ ਦੀ ਅਸਲ ਸਮਝਾਵਣ ਲਈ ਇਹ ਗੱਲ ਕਰੀਦੀ ਏ ਕੋਈ ਸੁਣਦਾ ਨਹੀਂ। ਰੋਵਣ ਹੈ ਅਫਸੋਸ ਕਰਨ, ਦੁੱਖ ਕਰਨ, ਸ਼ਿਕਾਇਤ ਕਰਨ, ਗਿਲਾ ਉਲਾਹਮਾ ਦੇਵਣ। "ਪੰਡ" ਹੈ ਢੇਰ, ਗੱਠੜ, ਭਾਰ ਤੇ ਹੀਜੜਾ, ਖੁਸਰਾ ਵੀ। ਪਰਾਲਿ ਹੈ ਪਰਾਲੀ, ਛਿੱਲੜ, ਭੂਸਾ ਤੇ ਅਫਲ ਚੀਜ਼ ਵੀ। ਵੇਖੋ ਕਿਵੇਂ ਅਰਥਾਂ ਦੀ ਸਮਝ ਨੇ ਸ਼ਬਦ ਸਿਆਣ ਨੂੰ ਰੰਗੋ ਰੰਗ ਕੀਤਾ ਏ। ਇੱਕ ਅੱਖਰ ਦੇ ਕਈ ਅਰਥ ਹੁੰਦੇ ਨੇ। ਕਿਸ ਸ਼ਬਦ ਵਿਚ ਕਿਸ ਲਫ਼ਜ਼ ਦੇ ਕੀ ਅਰਥ ਨੇ ਏਸ ਦੀ ਸਮਝ ਲਈ ਇਕ ਲਫ਼ਜ਼ ਦੇ ਸਾਰੇ ਅਰਥ ਜਾਣਨਾ ਲਾਜ਼ਮੀ ਏ। ਨਜ਼ਮ ਹੁਸੈਨ ਹਰ ਜੁੰਮੇ ਨੂੰ ਆਪਣੇ ਘਰ ਹੋਵਣ ਵਾਲੀ ਸੰਗਤ ਵਿਚ ਹਰ ਲਫ਼ਜ਼ ਦੇ ਸਾਰੇ ਅਰਥ ਵੱਖੋ ਵੱਖ ਅਰਥਾਲੀਆਂ ਵਿਚੋਂ ਇਕੱਠੇ ਕਰ ਕੇ ਲਿਖ ਵਰਤਾਉਂਦੇ ਨੇ। ਇਨ੍ਹਾਂ ਅਰਥਾਂ ਦੀ ਰੰਗਾ ਰੰਗੀ ਹੀ ਸ਼ਬਦ ਦੀ ਪੜ੍ਹਤ ਨੂੰ ਨਵਾਂ ਕਰੇਂਦੀ ਏ। ਰੋਵਣ, "ਪੰਡ" ਤੇ ਪਰਾਲੀ ਦੇ ਅਰਥਾਂ ਪਾਰੋਂ ਏਸ ਤੁਕ ਦੀ ਪੜ੍ਹਤ ਕਈ ਰੰਗਾਂ ਵਿਚ ਹੋ ਸਕਦੀ ਏ। ਜਿਤਨੇ ਵੀ ਗਿਲਾ ਸ਼ਿਕਵਾ ਕਰਨ ਵਾਲੇ ਨੇ ਉਹ ਅਫੱਲ ਦਾ ਢੇਰ ਨੇ, ਯਾ ਜੋ ਝੂਰਦੇ ਨੇ, ਅਫਸੋਸ ਕਰਦੇ ਨੇ ਉਹ ਅੰਦਰੋਂ ਫੋਕੇ ਨੇ ਜਿਵੇਂ ਖੁਸਰਾ ਹੁੰਦਾ ਏ। ਆਪਣੇ ਅੰਦਰ ਦਾ ਤੱਤ ਸੱਤ ਮੁੱਕਣ ਪਾਰੋਂ ਅਜਿਹੀ ਹੋਂਦ ਦਾ ਅੰਦਰ ਸੁੰਜਾ ਏ, ਸੱਖਣਾ ਏ, ਅਜਿਹੀ ਹਸਤੀ ਉਪਜ ਨਹੀਂ ਕਰ ਸਕਦੀ। ਮਾਇਆ ਦੇ ਫਰੇਬ ਨੇ ਇਨ੍ਹਾਂ ਨੂੰ ਦੂਈ ਵਿਚ ਬੰਨਿਆ ਏ ਤੇ ਨਾਮ ਦੀ ਇਕਾਈ ਤੋਂ ਵੱਖਰਾ ਕਰ ਕੇ ਹਸਤੀ ਵਿਰਾਨ ਕੀਤੀ ਏ।

ਸਭੁ ਕੋ ਆਖੈ ਬਹੁਤੁ ਬਹੁਤੁ ਘਟਿ ਨ ਆਖੈ ਕੋਇ॥

ਕੀਮਤਿ ਕਿਨੈ ਨ ਪਾਈਆ ਕਹਣਿ ਨ ਵਡਾ ਹੋਇ॥

ਸਾਚਾ ਸਾਹਬੁ ਏਕੁ ਤੂ ਹੋਰਿ ਜੀਆ ਕੇਤੇ ਲੋਅ॥3॥

ਬਾਬਾ ਮਾਇਆ ਰਚਨਾ ਧੋਹੁ॥

ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ॥1॥ ਰਹਾਉ ॥ (ਪੰਨਾ 15, ਮ: 1)

ਸਭ ਆਖਦੇ ਨੇ "ਬਹੁਤ ਬਹੁਤ" ਘੱਟ ਕੋਈ ਨਹੀਂ ਆਖਦਾ। ਅਸਲ ਮੁੱਲ ਕਿਸੇ ਤੋਂ ਨਹੀਂ ਪਾਇਆ ਜਾਂਦਾ। ਆਖਣ ਨਾਲ ਤਾਂ ਕੋਈ ਵੱਡਾ ਨਹੀਂ ਹੁੰਦਾ। ਜੋ ਹਕੀਕਤ ਹੈ ਉਹ ਇਕ ਤੋਂ ਈ ਹੈ ਜੋ ਸੱਚ ਏ, ਹੋਰ ਕਿਤਨੇ ਜਹਾਨ ਨੇ ਜੋ ਕੂੜ ਨੇ। ਮਾਇਆ ਦੀ ਰਚੀ ਹੈ ਇਹ ਸਭ ਵਡਿਆਈ। ਮਾਇਆ ਦੀ ਮੰਗ ਵਾਧੂ ਦੀ ਹੈ, ਬਹੁਤ ਹੋਰ ਵੀ ਏ। ਘੱਟ ਤਾਂ ਘਾਟਾ ਹੋਇਆ ਜੋ ਮਾਇਆ ਦਾ ਉਲਟ ਹੈ। ਮਾਇਆ ਤਾਂ ਬਣਦੀ ਹੀ ਜੋੜਨ ਪਾਰੋਂ ਹੈ ਤੇ ਦੇਣ ਪਾਰੋਂ ਘਟਦੀ ਹੈ। ਸੋ ਏਸ ਮਾਇਆ ਦਾ ਵਾਧਾ ਉਹੋ ਈ ਮੰਗਦਾ ਹੈ ਜੋ ਧੋਖੇ ਵਿਚ ਏ। ਕੁਦਰਤ ਜੋ ਗੁਣ ਦਿੱਤੇ ਉਹ ਤਾਂ ਨਾਮ ਚਿਤਾਰਨ ਕੀਤੇ ਆਹੇ। ਓਹਾ ਗੁਣ ਮਾਇਆ ਦੀ ਸੋਭਾ ਲੇਖੇ ਲੱਗੇ। ਗੁਣ ਦੇਵਨਹਾਰ ਵਿਸਰ ਗਿਆ ਤਾਂ ਗੁਣਾਂ ਦੀ ਵਰਤੋਂ ਵੀ ਵਿਸਰ ਗਈ। ਅਜਿਹਾ ਵਿਹਾਰ ਜਿਸ ਵਿਚ ਮਾਇਆ ਦੀ ਚੜ੍ਹਤ ਏ, ਮੱਲਵਾਨ ਦੀ ਵਡਿਆਈ ਏ। ਜਿੱਥੇ ਕੂੜ ਕਰਨੀ ਪ੍ਰਧਾਨ ਏ, ਓਥੇ ਨਾਨਕ ਆਪਣਾ ਆਪ ਆਪਣੀ ਪਛਾਣ ਨਿਮਾਣਿਆਂ ਵਿਚ ਪਛਾਣਦਾ ਏ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥

ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥4॥3॥

ਬਾਬਾ ਮਾਇਆ ਰਚਨਾ ਧੋਹੁ ॥ ਅੰਧੈ ਨਾਮੁ ਵਿਸਾਰਿਆ ਨਾ ਤਿਸੁ ਏਹ ਨ ਓਹੁ॥1॥ ਰਹਾਉ॥ (ਪੰਨਾ 15, ਮ: 1)

ਮਾਇਆ ਦੀ ਮੱਲ ਮਾਲਕੀ ਨੇ ਈ ਦਰਜੇ ਬੰਦ ਸਮਾਜ ਬਣਾਇਆ ਏ। ਮਾਇਆ ਦੇ ਰਚੇ ਵਿਹਾਰ ਨੇ ਈ ਜਾਤ-ਪਾਤ ਵਿਚ ਵੰਡਿਆ ਖਲਕਤ ਨੂੰ। ਉੱਚ ਜਾਤੀ ਨੂੰ ਹਾਕਮ ਤੇ ਨੀਵੀਂ ਜਾਤੀ ਨੂੰ ਮਹਿਕੂਮ ਬਣਾਇਆ ਏ। ਨੀਚ ਆਖ ਕੇ ਜਿਸ ਨੂੰ ਸਮਾਜ ਨੇ ਰੱਦਿਆ ਏ ਉਹ ਮਾੜਾ, ਨਿਮਾਣਾ, ਕਮੇਰ ਮੇਲ ਏ। ਕਿਆ ਸੋਹਣਾ ਜੋੜ ਜੋੜਿਆ ਏ ਬਾਬੇ ਨਾਨਕ ਨੇ ਜਿਸ ਨੀਚ ਨੂੰ ਵਡਿਆਇਆ ਏ, ਨੀਚ ਦੀ ਦੁਹਰਾਈ ਜਿਵੇਂ ਐਲਾਨ ਬਣੀ ਏ ਨਿਮਾਣੇ ਦਾ ਮਾਣ ਬਣੀ ਏ।

ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ ॥ (ਪੰਨਾ 15, ਮ: 1)

ਨਿਮਾਣੇ ਕਮੇਰ ਮੇਲ ਵਿਚ ਜੋ ਸਭ ਤੋਂ ਹੇਠਲੀ ਜਾਤ ਏ ਇਸ ਤੋਂ ਵੀ ਹੇਠਾਂ ਜੇ ਕੋਈ ਹੈ ਤਾਂ ਓਸ ਦੇ ਸੰਗ ਏ ਨਾਨਕ। ਵੱਡੇ, ਉੱਚੇ, ਮਾਨ ਗੁਮਾਨ ਦੇ ਸ਼ਮਲੇ ਬੱਧਿਆਂ ਨਾਲ ਨਾਨਕ ਦੀ ਕੋਈ ਰੀਸ ਨਹੀਂ। ਰੀਸ ਆਮ ਵਰਤੀਂਦਾ ਏ ਨਕਲ ਦੇ ਮਾਅਨਿਆਂ ਵਿਚ। ਬਾਬਾ ਸ਼ਬਦ ਅੰਦਰ ਸੁਰਤ ਜਗਾਉਂਦਾ ਏ ਜੋ ਰੀਸ ਕਰਨੀ ਏ, ਨਕਲ ਈ ਕਰਨੀ ਏ ਤੇ ਉਨ੍ਹਾਂ ਦੀ ਕਰੋ ਜਿਨ੍ਹਾਂ ਨੂੰ ਨੀਚ ਆਖ ਕੇ ਰੱਦਿਆ ਏ ਤੁਸਾਂ ਮਾਇਆ ਦੇ ਦਿੱਤੇ ਹੰਕਾਰ ਪਾਰੋਂ। ਇਹ ਨੀਚ ਈ ਹਨ ਜਿਨ੍ਹਾਂ ਦੀ ਕਰਨੀ ਉੱਪਰ ਕਬਜ਼ਾ ਕਰ ਕੇ ਤੁਸੀਂ ਉੱਚੇ ਹੋਏ ਓ। ਜਿੱਥੇ ਕਰਨਹਾਰ ਦਾ ਆਦਰ ਕੀਤਾ ਜਾਂਦਾ ਏ ਓਥੇ ਕੁਦਰਤ ਦੀ ਮਿਹਰ ਹੁੰਦੀ ਏ। ਜਿੱਥੇ ਨਿਮਾਣੇ ਨੂੰ ਮਾਣ ਦਿੱਤਾ ਜਾਂਦਾ ਏ ਓਥੇ ਮਾਲਿਕ ਦੀ ਨਿਗਾਹ ਮਿਹਰਬਾਨ ਹੁੰਦੀ ਏ। ਮਾਇਆ ਦੇ ਧੋਖੇ ਵਿਚ ਫਾਤੇ ਨੂੰ ਨਾਮ ਵਿਸਰ ਜਾਂਦਾ ਏ। ਅਜਿਹਾ ਮੂਰਖ ਨਾਮ ਤਾਂ ਜਪਦਾ ਏ ਪਰ ਨਾਮ ਦੇ ਅਰਥ ਨਹੀਂ ਜਾਣਦਾ। ਨਾਮ ਸਿਆਨਣ ਵਾਲਾ ਜਿਉਂਦੇ ਜੀਆਂ ਨੂੰ ਜੂਹ, ਜਾਤ, ਧਰਮ ਵਿਚ ਨਹੀਂ ਵੰਡਦਾ। ਨਾਮ ਇਕਾਈ ਏ। ਨਾਮ ਸਾਂਝ ਪਛਾਣ ਏ ਕੁੱਲ ਹੋਂਦਾਂ ਦੀ ਤੇ ਨਾਮ ਹੀ ਸੱਚ ਕਰਨੀ ਏ। ਨਾਮ ਨੂੰ ਵਿਸਾਰਨ ਵਾਲਾ ਮਾਇਆ ਦੇ ਮੋਹ ਵਿਚ ਮਰ ਖਪ ਜਾਂਦਾ ਏ। ਨਿਮਾਣਾ, ਕਰਨਹਾਰ, ਕਮੇਰ ਮੇਲ ਜੋ ਬੇ-ਨਾਵਾਂ ਏਹਾ ਈ ਅਸਲੋਂ ਨਾਮ ਪਛਾਣਦਾ ਏ। ਨਾਨਕ ਵੀ ਇਨ੍ਹਾਂ ਨਿਮਾਣਿਆਂ ਦਾ ਸੰਗ ਸਾਥ ਏ ਜੋ ਨਾਮ ਪਛਾਣਦੇ ਹਨ।

*-ਡਾ. ਆਸਮਾ ਕਾਦਰੀ*
*ਫੋਨ: 0092 300 4119251*

## ਫੋਰਟ ਵਿਲੀਅਮ ਕਾਲਜ

*(ਪਿਛਲੇ ਸਫੇ ਦੀ ਬਾਕੀ)*

ਦਿੱਤੇ ਗਏ ਸਨ। ਸ਼ੁਰੂ ਵਿਚ ਵੀਹ ਫਾਰਸੀ, ਬਾਰਾਂ ਭਾਰਤੀ, ਛੇ ਬੰਗਲਾ ਅਤੇ ਚਾਰ ਅਰਬੀ ਨਿਯੁਕਤ ਕੀਤੇ ਗਏ ਸਨ ਪਰ ਭਾਰਤੀ ਭਾਸ਼ਾ ਦੀ ਪ੍ਰਸਿੱਧੀ ਦੇ ਮੱਦੇਨਜ਼ਰ ਭਾਰਤੀ ਮੁਨਸ਼ੀਆਂ ਦੀ ਗਿਣਤੀ ਜਲਦੀ ਹੀ 25 ਤੱਕ ਪਹੁੰਚ ਗਈ (ਗਿਲਕ੍ਰਿਸਟ ਤੇ ਉਸ ਦਾ ਨੇਮ, ਪੰਨਾ 155)। ਡਾ. ਗਿਲਕ੍ਰਿਸਟ ਦੇ ਸੁਝਾਅ 'ਤੇ ਭਾਰਤੀ ਵਿਭਾਗ ਵਿਚ ਇਕ ਕਹਾਣੀਕਾਰ ਵੀ ਨਿਯੁਕਤ ਕੀਤਾ ਗਿਆ ਸੀ ਜੋ ਵਿਦਿਆਰਥੀਆਂ ਦੇ ਘਰ ਜਾ ਕੇ ਕਹਾਣੀਆਂ ਅਤੇ ਕਿੱਸੇ ਸੁਣਾਉਂਦਾ ਸੀ।

ਭਾਰਤੀ ਭਾਸ਼ਾ ਦੇ ਮੁੱਖ ਸਕੱਤਰ ਮੀਰ ਬਹਾਦੁਰ ਅਲੀ ਹੁਸੈਨੀ, ਅਖਲਾਕ ਹਿੰਦੀ ਅਤੇ ਨਕਲੀਅਤ ਲੁਕਮਾਨੀ ਦੇ ਲੇਖਕ ਸਨ। ਉਸ ਦੀ ਨਿਯੁਕਤੀ 26 ਅਪਰੈਲ 1801 ਨੂੰ ਹੋਈ ਸੀ। ਉਸ ਦਾ ਦੂਜਾ ਸਕੱਤਰ ਤਰਨੀ ਚਰਨ ਮੁਨਾਰ ਸੀ। ਆਮ ਲੇਖਕਾਂ ਵਿਚ ਬਾਗ਼ ਅਤੇ ਬਿਹਾਰ ਦੇ ਲੇਖਕ ਮੀਰ ਅਮਾਨ ਦੇਹਲਵੀ, ਦਰਸ਼ਨ ਮਹਿਫ਼ਲ ਅਤੇ ਤੋਤਾ ਕਹਾਣੀ ਦੇ ਲੇਖਕ ਹੈਦਰ ਬਖ਼ਸ਼ ਹੈਦਰੀ, ਕਾਜ਼ਿਮ ਅਲੀ ਜਵਾਨ, ਸਿੰਘਾਸਣ ਬਤੀਸੀ ਅਤੇ ਬਾਰਾ ਮਾਸਾ ਦੇ ਲੇਖਕ, ਮੀਰਸ਼ੀਰ ਅਲੀ ਅਖ਼ੂਸ, ਬਾਗ ਉਰਦੂ ਦੇ ਲੇਖਕ, ਮਜ਼ਹਰ ਅਲੀ ਸ਼ਾਮਲ ਹਨ। ਵਿਲਾ, ਬੇਤਾਲ ਪਚੀਸੀ ਅਤੇ ਮਧੂਨਾਲ ਦੇ ਲੇਖਕ, ਲਾਲੂਲਾਲ ਕੋਈ, ਪ੍ਰੇਮ ਸਾਗਰ ਅਤੇ ਖਲੀਲ ਅਲੀ ਖਾਨ ਇਸ਼ਕ ਦੇ ਲੇਖਕ ਦਾਸਨ ਅਮੀਰ ਹਮਜ਼ਾ ਦੇ ਲੇਖਕ ਹਨ। ਵਿਦਿਆਰਥੀਆਂ ਦੀਆਂ ਲੋੜਾਂ ਲਈ ਲਾਇਬ੍ਰੇਰੀ ਵੀ ਬਣਾਈ ਗਈ। ਪੱਛਮੀ ਭਾਸ਼ਾਵਾਂ ਵਿਚ ਛਪੀਆਂ ਕਿਤਾਬਾਂ ਤੋਂ ਇਲਾਵਾ ਲਾਇਬ੍ਰੇਰੀ ਵਿਚ ਪੂਰਬੀ ਭਾਸ਼ਾਵਾਂ ਵਿਚ ਹੱਥ ਲਿਖਤਾਂ ਦਾ ਵੀ ਚੰਗਾ ਭੰਡਾਰ ਸੀ। ਸੁਲਤਾਨ ਟੀਪੂ ਦੀ ਸਾਰੀ ਲਾਇਬ੍ਰੇਰੀ ਜੋ ਸੇਰਾਂਗਪਟਮ ਤੋਂ ਕਲਕੱਤੇ ਲਿਆਂਦੀ ਗਈ ਸੀ, ਕਾਲਜ ਨੂੰ ਸੌਂਪ ਦਿੱਤੀ ਗਈ। ਸ਼ੁਰੂ ਵਿਚ ਵਿਦਿਆਰਥੀਆਂ ਨੂੰ ਕਿਤਾਬਾਂ ਘਰ ਲਿਜਾਣ ਦੀ ਆਗਿਆ ਸੀ ਪਰ ਜਦੋਂ ਵਿਦਿਆਰਥੀਆਂ ਦੀ ਲਾਪਰਵਾਹੀ ਕਾਰਨ ਦੁਰਲੱਭ ਹੱਥ ਲਿਖਤਾਂ ਗੁਆਚਣੀਆਂ ਸ਼ੁਰੂ ਹੋ ਗਈਆਂ, ਅਗਸਤ 1807 ਵਿਚ ਲਾਇਬ੍ਰੇਰੀ ਤੋਂ ਬਾਹਰ ਕਿਤਾਬਾਂ ਲਿਜਾਣ ਦੀ ਮਨਾਹੀ ਕਰ ਦਿੱਤੀ ਗਈ। ਕੋਈ ਵੀ ਵਿਦਿਆਰਥੀ ਆਪਣੀ ਮਰਜ਼ੀ ਅਨੁਸਾਰ ਕਿਤਾਬ ਘਰ ਨਹੀਂ ਲਿਜਾ ਸਕਦਾ ਸੀ। ਫੋਰਟ ਵਿਲੀਅਮ ਕਾਲਜ ਲਾਇਬ੍ਰੇਰੀ ਆਪਣੇ ਸਮੇਂ ਦੌਰਾਨ ਭਾਰਤੀ ਉਪ ਮਹਾਂਦੀਪ ਦੀ ਸਭ ਤੋਂ ਵੱਡੀ ਲਾਇਬ੍ਰੇਰੀ ਸੀ। 1835 ਵਿਚ 5224 ਛਪੀਆਂ ਪੱਛਮੀ ਪੁਸਤਕਾਂ, 11718 ਛਪੀਆਂ ਪੂਰਬੀ ਪੁਸਤਕਾਂ ਅਤੇ 4225 ਕਲਮ ਪੁਸਤਕਾਂ ਸਨ। 1836 ਵਿਚ ਕਲਮ ਦੀਆਂ ਕਿਤਾਬਾਂ ਨੂੰ ਏਸ਼ੀਆਟਿਕ ਸੁਸਾਇਟੀ ਆਫ ਬੰਗਾਲ ਦੀ ਲਾਇਬ੍ਰੇਰੀ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਕਾਲਜ ਵਿਚ ਕਨਵੋਕੇਸ਼ਨ ਬੜੀ ਧੂਮਧਾਮ ਨਾਲ ਮਨਾਇਆ ਗਿਆ। ਨਿਯਮਾਂ ਅਨੁਸਾਰ ਇਸ ਲਈ 6 ਫਰਵਰੀ ਰਾਖਵੀਂ ਰੱਖੀ ਗਈ ਸੀ। ਮੀਟਿੰਗ ਦੀ ਪ੍ਰਧਾਨਗੀ ਗਵਰਨਰ ਜਨਰਲ ਨੇ ਕੀਤੀ। ਇਸ ਮੌਕੇ ਸਫਲ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ। ਇਹ ਸਰਟੀਫਿਕੇਟ ਉਸੇ ਪੂਰਬੀ ਭਾਸ਼ਾ ਵਿਚ ਸੁਨਹਿਰੀ ਅੱਖਰਾਂ ਵਿਚ ਲਿਖੇ ਹੋਏ ਸਨ ਜਿਸ ਵਿਚ ਵਿਦਿਆਰਥੀ ਨੇ ਪ੍ਰੀਖਿਆ ਦਿੱਤੀ ਸੀ। ਮੈਡਲ ਅਤੇ ਨਗਦ ਇਨਾਮ ਵੀ ਦਿੱਤੇ ਗਏ ਅਤੇ ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਪਬਲਿਕ ਮੀਟਿੰਗ ਵਿਚ ਵਿਦਿਆਰਥੀਆਂ ਵਿਚ ਚਰਚਾ ਵੀ ਹੋਈ। ਇਹ ਵਿਚਾਰ ਚਰਚਾ ਫ਼ਾਰਸੀ, ਹਿੰਦੀ ਅਤੇ ਬੰਗਲਾ ਭਾਸ਼ਾਵਾਂ ਵਿਚ ਹੋਈ। ਤਰੀਕਾ ਇਹ ਸੀ ਕਿ ਇੱਕ ਵਿਦਿਆਰਥੀ ਕਿਸੇ ਵਿਸ਼ੇ ਦੇ ਸਮਰਥਨ ਵਿਚ ਲਿਖਤੀ ਭਾਸ਼ਣ ਦੇਵੇਗਾ ਅਤੇ ਦੋ ਵਿਦਿਆਰਥੀ ਵਿਸ਼ੇ ਦੇ ਵਿਰੋਧ ਵਿਚ ਲਿਖਤੀ ਭਾਸ਼ਣ ਦੇਣਗੇ। ਸੰਚਾਲਕ ਦੇ ਫਰਜ਼ਾਂ ਨੂੰ ਸੰਬੰਧਤ ਭਾਸ਼ਾ ਦੇ ਪ੍ਰੋਫੈਸਰ ਨੇ ਨਿਭਾਇਆ। ਇਹ ਭਾਸ਼ਣ ਬਾਅਦ ਵਿਚ ਪੁਸਤਕ ਰੂਪ ਵਿਚ ਪ੍ਰਕਾਸ਼ਿਤ ਕੀਤੇ ਗਏ ਸਨ। ਇਨ੍ਹਾਂ ਭਾਸ਼ਣਾਂ ਲਈ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ।

ਬਹਿਸਾਂ ਦੇ ਅੰਤ ਵਿਚ ਗਵਰਨਰ ਜਨਰਲ ਨੇ ਸਫਲ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਅਤੇ ਇਕੱਠ ਨੂੰ ਸੰਬੋਧਨ ਕੀਤਾ। ਭਾਰਤੀ ਅਤੇ ਫਾਰਸੀ ਵਿਦਿਆਰਥੀਆਂ ਵਿਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ 1500 ਰੁਪਏ, 1000 ਰੁਪਏ ਤੇ 500 ਰੁਪਏ ਅਤੇ ਸੋਨੇ ਦੇ ਤਗਮੇ ਨਾਲ ਸਨਮਾਨਿਤ ਕੀਤਾ ਗਿਆ। ਹਾਲਾਂਕਿ ਬੰਗਲਾ ਵਿਚ ਸਿਰਫ ਪਹਿਲੇ ਅਤੇ ਦੂਜੇ ਨੂੰ ਸਨਮਾਨਿਤ ਕੀਤਾ ਗਿਆ ਸੀ, ਅਰਬੀ ਵਿਚ ਸਿਰਫ ਪਹਿਲਾ। ਇਨ੍ਹਾਂ ਤੋਂ ਇਲਾਵਾ ਫ਼ਾਰਸੀ ਲੇਖਣੀ ਅਤੇ ਨਾਗਰੀ ਲੇਖਣੀ ਲਈ ਇੱਕ-ਇੱਕ ਹਜ਼ਾਰ ਰੁਪਏ ਦੇ ਤਿੰਨ ਇਨਾਮ ਸਨ।

ਇਸੇ ਦਿਨ ਰਾਤ ਨੂੰ ਗਵਰਨਰ ਜਨਰਲ ਵੱਲੋਂ ਕਾਲਜ ਵਿਚ ਦਾਅਵਤ ਰੱਖੀ ਜਾਂਦੀ ਸੀ ਜਿਸ ਵਿਚ ਗਵਰਨਰ ਜਨਰਲ ਅਤੇ ਕੰਪਨੀ ਦੇ ਉੱਚ ਅਧਿਕਾਰੀਆਂ ਤੋਂ ਇਲਾਵਾ ਅਧਿਆਪਕਾਂ ਤੇ ਪ੍ਰਿੰਸੀਪਲਾਂ ਨੂੰ ਵੀ ਬੁਲਾਇਆ ਜਾਂਦਾ ਸੀ। ਫੋਰਟ ਵਿਲੀਅਮ ਕਾਲਜ ਨਾ ਸਿਰਫ਼ ਵਿਦਿਅਕ ਸੰਸਥਾ ਸੀ ਸਗੋਂ ਆਪਣੇ ਸਮੇਂ ਦਾ ਸਭ ਤੋਂ ਵੱਡਾ ਸਾਹਿਤਕ ਕੇਂਦਰ ਵੀ ਸੀ। ਅਧਿਆਪਨ ਤੋਂ ਇਲਾਵਾ ਅਧਿਆਪਕਾਂ ਅਤੇ ਮੰਤਰੀਆਂ ਨੇ ਵਿਦਿਆਰਥੀਆਂ ਲਈ ਕਿਤਾਬਾਂ ਵੀ ਲਿਖੀਆਂ। ਸਾਹਿਤ ਦਾ ਸ਼ੌਕ ਵਿਦਿਆਰਥੀਆਂ ਵਿਚ ਪੈਦਾ ਹੋ ਰਿਹਾ ਸੀ। ਸਿੱਖਿਆ ਦਾ ਇਹ ਕਾਲਜ ਨਵਾਂ ਆਗਾਜ਼ ਸੀ। ਇਸ ਤਰ੍ਹਾਂ ਫੋਰਟ ਵਿਲੀਅਮ ਕਾਲਜ ਵਿਚ ਵੱਡੀ ਗਿਣਤੀ ਵਿਚ ਡਿਕਸ਼ਨਰੀ, ਇਤਿਹਾਸ, ਨੈਤਿਕ, ਧਾਰਮਿਕ ਅਤੇ ਕਿੱਸਾ ਪੁਸਤਕਾਂ ਤਿਆਰ ਕੀਤੀਆਂ ਗਈਆਂ। ਇਹ ਕਿਤਾਬਾਂ ਜ਼ਿਆਦਾਤਰ ਅਧਿਆਪਕਾਂ ਅਤੇ ਗ੍ਰੰਥੀਆਂ ਦੁਆਰਾ ਲਿਖੀਆਂ ਗਈਆਂ ਹਨ ਪਰ ਹੋਰ ਲੇਖਕਾਂ ਦੀਆਂ ਕਿਤਾਬਾਂ ਨੂੰ ਵੀ ਸਵੀਕਾਰ ਕੀਤਾ ਗਿਆ ਜਿਵੇਂ ਬਾਸਿਤ ਖਾਨ ਦੀ 'ਗੁਲ ਸਨੋਬਰ', ਸ਼ਾਕਿਰ ਅਲੀ ਦੀ 'ਅਲਫ ਲੀਲਾ', ਨਿਹਾਲ ਚੰਦ ਲਾਹੌਰੀ ਦੀ ਕਹਾਣੀ 'ਗੁਲ ਬਕੌਲੀ', ਮਿਰਜ਼ਾ ਅਲੀ ਲੁਤਫ ਦੀ 'ਗੁਲਸ਼ਨ'। ਹਿੰਦ ਕਾਲਜ ਦੀ ਸਰਪ੍ਰਸਤੀ ਹੇਠ ਪ੍ਰਕਾਸ਼ਿਤ ਕੀਤੀ ਗਈ ਸੀ ਹਾਲਾਂਕਿ ਇਹਨਾਂ ਪੁਸਤਕਾਂ ਦੇ ਲੇਖਕ ਕਾਲਜ ਨਾਲ ਸਬੰਧਤ ਨਹੀਂ ਸਨ। ਇਨ੍ਹਾਂ ਤੋਂ ਇਲਾਵਾ ਕਲਿਅਤ ਸੌਦਾ ਅਤੇ ਮਿਸ਼ਕੀਨ ਦੀ ਸ਼ਹਾਦਤ ਵੀ ਕਾਲਜ ਵਿਚ ਛਪੀ। ਉਰਦੂ ਤੋਂ ਇਲਾਵਾ, ਫ਼ਾਰਸੀ ਵਿਚ, ਬੁਰਹਾਨ ਕਤਾਤ (ਫ਼ਾਰਸੀ ਦਾ ਕੋਸ਼, 1818), ਅਨਵਾਰਸਾਹਿਲੀ (1805), ਦਬਸਤਨ ਮਦਹਬ, ਅਜ਼ਸ਼ੇਖ ਮੁਹੰਮਦ ਮੋਹਸਿਨ (1809), ਹੁਦਯਾ (1807), ਚੁਣੀ ਗਈ ਅਰਬੀ ਭਾਸ਼ਾ (1818), ਕੋਸ਼ (1817), ਅਲਫ਼ ਲੈਲਾ (1814-1818), ਮਕਮਤ ਹਰੀਰੀ (1812) ਅਤੇ ਤਾਰੀਖ ਤੈਮੂਰ (1818), ਮਿਸ਼ਕਵਾਤ (ਅੰਗਰੇਜ਼ੀ ਵਿਚ 1809), ਪੰਜਾਬੀ ਭਾਸ਼ਾ ਦਾ ਵਿਆਕਰਨ (1814) ਅਤੇ ਚੀਨੀ, ਮਲਯ ਅਤੇ ਬਰਮੀ ਭਾਸ਼ਾਵਾਂ ਦੇ ਸ਼ਬਦਕੋਸ਼ ਵੀ ਸਨ। ਪ੍ਰਕਾਸ਼ਿਤ ਲੇਖਕਾਂ ਨੂੰ ਉਤਸ਼ਾਹਿਤ ਕਰਨ ਲਈ ਪ੍ਰਵਾਨਿਤ ਲੇਖਕ ਪੁਰਸਕਾਰ ਵੀ ਦਿੱਤੇ ਗਏ। ਕਾਲਜ ਦੇ ਨਿਯਮਤ ਕਰਮਚਾਰੀ ਘੱਟ ਅਤੇ ਬਾਹਰੀ ਲੋਕ ਜ਼ਿਆਦਾ। ਮਿਸਾਲ ਵਜੋਂ ਬੋਸਤਾਨ ਦੇ ਉਰਦੂ ਅਨੁਵਾਦਕ ਹਾਜੀ ਮਿਰਜ਼ਾ ਮੁਗ਼ਲ ਨੂੰ ਚਾਰ ਸੌ ਰੁਪਏ ਇਨਾਮ ਵਜੋਂ ਦਿੱਤੇ ਗਏ।

ਫੋਰਟ ਵਿਲੀਅਮ ਕਾਲਜ ਦੀਆਂ ਰਚਨਾਤਮਕ ਗਤੀਵਿਧੀਆਂ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਪਹਿਲੇ ਚਾਰ ਸਾਲਾਂ ਵਿਚ ਇਕੱਲੇ ਭਾਰਤੀ ਭਾਸ਼ਾ ਵਿਚ 93 ਕਿਤਾਬਾਂ ਲਿਖੀਆਂ ਗਈਆਂ ਸਨ। ਇਹ ਪੁਸਤਕਾਂ ਜ਼ਿਆਦਾਤਰ ਉਰਦੂ ਲਿਪੀ ਵਿਚ ਸਨ ਪਰ ਕੁਝ ਪੁਸਤਕਾਂ ਮਾਮੂਲੀ ਤਬਦੀਲੀਆਂ ਨਾਲ ਨਾਗਰੀ ਲਿਪੀ ਵਿਚ ਵੀ ਛਾਪੀਆਂ ਗਈਆਂ ਸਨ। ਉਰਦੂ ਦੀਆਂ ਕਿਤਾਬਾਂ ਨਾਗਰੀ ਵਰਗੀ ਕਿਸਮ ਵਿਚ ਛਪਦੀਆਂ ਸਨ।

ਫੋਰਟ ਵਿਲੀਅਮ ਕਾਲਜ ਦੀ ਪਹਿਲੀ ਕਨਵੋਕੇਸ਼ਨ 6 ਫਰਵਰੀ 1802 ਨੂੰ ਹੋਈ ਸੀ। ਇਸ ਸਮਾਰੋਹ ਦੀ ਪ੍ਰਧਾਨਗੀ ਐਕਟਿੰਗ ਗਵਰਨਰ ਜਨਰਲ ਸਰ ਜਾਰਜ ਬਾਰਲੋ ਨੇ ਕੀਤੀ ਸੀ। ਲਾਰਡ ਵੈਲੇਸਲੀ ਉਨ੍ਹੀਂ ਦਿਨੀਂ ਦੌਰੇ 'ਤੇ ਸੀ। ਇਸ ਮੌਕੇ 'ਭਾਰਤ ਵਿਚ ਉੱਚ ਵਿਦਿਅਕ ਅਦਾਰੇ ਦੀ ਸਥਾਪਨਾ' ਫਾਰਸੀ ਚਰਚਾ ਦਾ ਵਿਸ਼ਾ ਸੀ। ਬ੍ਰਿਟਿਸ਼ ਰਾਸ਼ਟਰ ਅਤੇ ਮੂਲ ਲੋਕਾਂ (ਨਾਟੋ) ਦੋਵਾਂ ਲਈ ਲਾਭਦਾਇਕ ਭਾਰਤੀ ਬਹਿਸ ਇਹ ਸੀ, 'ਹਿੰਦੀ ਭਾਰਤ ਦੀ ਸਭ ਤੋਂ ਵੱਧ ਸਮਝੀ ਜਾਣ ਵਾਲੀ ਅਤੇ ਉਪਯੋਗੀ ਭਾਸ਼ਾ ਹੈ।' ਬੰਗਲਾ ਬਹਿਸ ਸੀ, 'ਏਸ਼ੀਅਨਾਂ ਵਿਚ।' ਯੂਰਪੀਆਂ ਦੇ ਰੂਪ ਵਿਚ ਸਭਿਅਤਾ ਦੀ ਸਮਰੱਥਾ।

ਲਾਰਡ ਵੈਲੇਸਲੀ ਨੇ ਸ਼ੁਰੂ ਵਿਚ ਕਾਲਜ ਨੂੰ ਫੰਡ ਦੇਣ ਲਈ ਸਿਵਲ ਸੇਵਕਾਂ ਤੋਂ ਦਾਨ ਇਕੱਠਾ ਕੀਤਾ, ਫਿਰ ਲੇਵੀ ਅਤੇ ਮਾਲੀਏ ਦਾ ਨਿਯਮ ਲਾਗੂ ਕੀਤਾ। ਇਸ ਫੰਡ ਵਿਚੋਂ ਪਿਛਲੇ ਸਾਲ ਬਾਰਾਂ ਲੱਖ ਸੱਤਰ ਹਜ਼ਾਰ ਰੁਪਏ ਪ੍ਰਾਪਤ ਹੋਏ ਸਨ। ਕਾਲਜ ਦਾ ਸਾਲਾਨਾ ਖਰਚਾ ਚਾਰ ਲੱਖ ਰੁਪਏ ਦੇ ਕਰੀਬ ਸੀ ਪਰ ਪਹਿਲੇ ਸਾਲ ਛੇ ਲੱਖ ਤੀਹ ਹਜ਼ਾਰ ਖਰਚ ਹੋ ਗਿਆ। ਪ੍ਰੋਫੈਸਰਾਂ ਅਤੇ ਮੰਤਰੀਆਂ ਦੀਆਂ ਤਨਖਾਹਾਂ 'ਤੇ ਸਾਲਾਨਾ ਕਰੀਬ ਇਕ ਲੱਖ ਰੁਪਏ ਖਰਚ ਕੀਤੇ ਜਾਂਦੇ ਹਨ। ਕਾਲਜ ਖੁੱਲ੍ਹੇ ਨੂੰ ਅਜੇ ਇੱਕ ਸਾਲ ਅਤੇ ਦੋ ਮਹੀਨੇ ਹੀ ਹੋਏ ਸਨ ਜਦੋਂ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਨੇ 27 ਜਨਵਰੀ 1802 ਨੂੰ ਫੈਸਲਾ ਕੀਤਾ ਕਿ ਕਾਲਜ ਨੂੰ ਤੁਰੰਤ ਬੰਦ ਕਰ ਦਿੱਤਾ ਜਾਵੇ ਅਤੇ ਇਸ ਵਿਚ ਡਾ. ਗਿਲਕ੍ਰਿਸਟ ਦੀ 'ਓਰੀਐਂਟਲ ਸੈਮੀਨਰੀ' ਦੀ ਮੁੜ ਸਥਾਪਨਾ ਕੀਤੀ ਜਾਵੇ। ਨਿਯਮਤ ਕਾਲਜ ਦੀ ਸਥਾਪਨਾ ਸਿਰਫ਼ ਪੈਸੇ ਦੀ ਬਰਬਾਦੀ ਹੈ। ਮਜਲਿਸ-ਏ-ਨਜ਼ਮਾ ਦਾ ਇਹ ਹੁਕਮ 10 ਜੂਨ 1802 ਨੂੰ ਲਾਰਡ ਵੈਲੇਸਲੀ ਨੂੰ ਪ੍ਰਾਪਤ ਹੋਇਆ ਸੀ। ਲਾਰਡ ਵੈਲੇਸਲੀ ਕੌਂਸਲ ਦੇ ਇਸ ਫੈਸਲੇ ਤੋਂ ਹੈਰਾਨ ਸੀ। ਉਸ ਨੇ ਕਾਲਜ ਬੰਦ ਨਹੀਂ ਕੀਤਾ ਪਰ 5 ਅਗਸਤ 1802 ਨੂੰ ਲੰਮਾ ਯਾਦ ਪੱਤਰ ਲੰਡਨ ਭੇਜਿਆ। ਇਸ ਮੈਮੋਰੰਡਮ ਵਿਚ ਵੈਲੇਸਲੀ ਨੇ ਕੰਪਨੀ ਦੇ ਇਤਰਾਜ਼ਾਂ ਦਾ ਤਰਕਸੰਗਤ ਜਵਾਬ ਦਿੱਤਾ ਅਤੇ ਕਾਲਜ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਦੱਸਿਆ। ਖਰਚਿਆਂ ਬਾਰੇ ਉਨ੍ਹਾਂ ਲਿਖਿਆ ਕਿ ਕੰਪਨੀ ਕਾਲਜ 'ਤੇ ਕੋਈ ਪੈਸਾ ਖਰਚ ਨਹੀਂ ਕਰਦੀ। ਅੰਤ ਵਿਚ ਉਸ ਨੇ ਮਜਲਿਸ-ਏ-ਨਜ਼ਮਾ ਨੂੰ ਕਾਲਜ ਨੂੰ ਬੰਦ ਨਾ ਕਰਨ ਦੀ ਬੇਨਤੀ ਕੀਤੀ। ਲਾਰਡ ਵੈਲੇਸਲੀ ਇੱਥੇ ਹੀ ਨਹੀਂ ਰੁਕਿਆ ਸਗੋਂ ਇੱਕ ਪ੍ਰਭਾਵਸ਼ਾਲੀ ਮਿੱਤਰ ਰਾਹੀਂ ਕੰਪਨੀ ਦੀ ਸ਼ਾਸਕ ਅਥਾਰਟੀ ਨੂੰ ਆਪਣੇ ਇਰਾਦੇ ਤੋਂ ਜਾਣੂ ਕਰਵਾ ਦਿੱਤਾ ਕਿ 'ਜੇ ਅਦਾਲਤ ਆਖਰਕਾਰ ਕਾਲਜ ਨੂੰ ਤੋੜਨ ਦਾ ਫੈਸਲਾ ਕਰਦੀ ਹੈ ਤਾਂ ਇਹ ਇੰਗਲੈਂਡ ਵਾਪਸ ਆਉਂਦੇ ਹੀ ਸੰਸਦ ਵਿਚ ਪ੍ਰਸਤਾਵ ਰੱਖਾਂਗਾ' ਕਿ 'ਕਾਲਜ ਨੂੰ ਕਾਨੂੰਨ ਰਾਹੀਂ ਨਵਿਆਇਆ ਜਾਣਾ ਚਾਹੀਦਾ ਹੈ'। 2 ਸਤੰਬਰ 1803 ਨੂੰ ਨੈਸ਼ਨਲ ਅਸੈਂਬਲੀ ਨੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਕਿ ਕਾਲਜ ਨੂੰ ਦੂਜੇ ਆਦੇਸ਼ ਤੱਕ ਕੰਮ ਕਰਨਾ ਜਾਰੀ ਰੱਖਣਾ ਚਾਹੀਦਾ ਹੈ।

ਜਿੰਨਾ ਚਿਰ ਲਾਰਡ ਵੈਲੇਸਲੀ ਫੋਰਟ ਵਿਲੀਅਮ ਕਾਲਜ ਦੇ ਗਵਰਨਰ ਜਨਰਲ ਰਹੇ, ਕਾਲਜ ਦੀਆਂ ਸਰਗਰਮੀਆਂ ਮੱਠੀ ਨਹੀਂ ਪਈਆਂ। ਲਾਰਡ ਵੈਲੇਸਲੀ ਨੇ 29 ਅਗਸਤ 1805 ਨੂੰ ਅਸਤੀਫਾ ਦੇ ਦਿੱਤਾ ਅਤੇ ਉਸ ਦੇ ਉੱਤਰਾਧਿਕਾਰੀਆਂ ਵਿਚ ਕੋਈ ਵੀ ਅਜਿਹਾ ਨਹੀਂ ਸੀ ਜੋ ਮਜਲਿਸ-ਏ-ਨਜ਼ਮਾ ਦੇ ਵਿਰੋਧ ਦਾ ਸਾਹਮਣਾ ਕਰਨ ਲਈ ਪ੍ਰਭਾਵਸ਼ਾਲੀ ਸੀ, ਜਾਂ ਜੋ ਲਾਰਡ ਵੈਲੇਸਲੀ ਦੇ ਕਾਲਜ ਵਿਚ ਦਿਲਚਸਪੀ ਰੱਖਦਾ ਸੀ। ਲਾਰਡ ਵੈਲੇਸਲੀ ਦੇ ਅਸਤੀਫੇ ਤੋਂ ਕੁਝ ਦਿਨ ਬਾਅਦ ਕੰਪਨੀ ਦੇ ਬੋਰਡ ਆਫ ਡਾਇਰੈਕਟਰਜ਼ ਨੇ 21 ਮਈ 1806 ਨੂੰ ਕਰਮਚਾਰੀਆਂ ਦੀ ਸਿੱਖਿਆ ਲਈ ਹੈਲੀਬਰੀ ਵਿਚ ਇੰਗਲੈਂਡ ਵਿਚ ਕਾਲਜ ਬਣਾਉਣ ਦਾ ਫੈਸਲਾ ਕੀਤਾ। ਇਸ ਦੇ ਨਾਲ ਹੀ ਜਨਵਰੀ 1807 ਤੋਂ ਫੋਰਟ ਵਿਲੀਅਮ ਕਾਲਜ ਦੇ ਖਰਚੇ ਘਟਾਉਣ ਲਈ ਕਲਕੱਤੇ ਨੂੰ ਹਦਾਇਤਾਂ ਵੀ ਭੇਜੀਆਂ ਗਈਆਂ ਸਨ, ਇਸ ਲਈ ਪ੍ਰੋਵੋਸਟ ਅਤੇ ਵਾਈਸ ਪ੍ਰੋਵੋਸਟ ਦੀਆਂ ਅਸਾਮੀਆਂ ਖਤਮ ਕਰ ਦਿੱਤੀਆਂ ਗਈਆਂ ਸਨ। ਪੂਰਬੀ ਭਾਸ਼ਾਵਾਂ ਦਾ ਪਾਠਕ੍ਰਮ ਇੱਕ ਸਾਲ ਤੱਕ ਘਟਾ ਦਿੱਤਾ ਗਿਆ। ਪੰਡਤਾਂ ਅਤੇ ਮੁਨਸ਼ੀਆਂ ਦੀ ਗਿਣਤੀ ਵੀ ਘਟਾ ਦਿੱਤੀ ਗਈ ਅਤੇ ਕਾਲਜ ਦਾ ਸਟਾਫ ਵੀ ਛੋਟਾ ਕਰ ਦਿੱਤਾ ਗਿਆ। ਲਾਰਡ ਵਿਲੀਅਮ ਬੰਟਿਕ (1827-1835) ਦੇ ਯੁੱਗ ਵਿਚ ਕਾਲਜ ਦੇ ਖਰਚੇ ਹੋਰ ਘਟ ਗਏ। ਇਸ ਲਈ ਪਹਿਲੀ ਜੂਨ 1830 ਤੋਂ ਕਾਲਜ ਵਿਚ ਸਿਰਫ਼ ਇੱਕ ਅੰਗਰੇਜ਼ੀ ਸਕੱਤਰ ਅਤੇ ਤਿੰਨ ਪਰੀਖਿਅਕ ਰਹਿ ਗਏ। ਲੈਕਚਰਾਂ ਦੀ ਲੜੀ ਵਿਚ ਵੀ ਵਿਘਨ ਪਿਆ। ਪ੍ਰੋਫੈਸਰਾਂ ਅਤੇ ਮੰਤਰੀਆਂ ਦੀਆਂ ਅਸਾਮੀਆਂ ਖਤਮ ਕਰ ਦਿੱਤੀਆਂ ਗਈਆਂ ਅਤੇ ਕਾਲਜ ਨਾਮਾਤਰ ਹੀ ਰਹਿ ਗਿਆ।

ਅੰਤ 1854 ਵਿਚ ਕਾਲਜ ਨੂੰ ਪ੍ਰੀਖਿਆਰਥੀਆਂ ਦੇ ਬੋਰਡ ਵਿਚ ਮਿਲਾ ਦਿੱਤਾ ਗਿਆ ਅਤੇ ਫੋਰਟ ਵਿਲੀਅਮ ਕਾਲਜ ਦੀ ਹੋਂਦ ਖਤਮ ਹੋ ਗਈ। ਆਪਣੇ 54 ਸਾਲਾਂ ਦੇ ਜੀਵਨ ਵਿਚ ਫੋਰਟ ਵਿਲੀਅਮ ਕਾਲਜ ਨੇ ਪੂਰਬੀ ਅਧਿਐਨ ਤੇ ਸਾਹਿਤ, ਖਾਸ ਕਰ ਕੇ ਉਰਦੂ ਭਾਸ਼ਾ ਤੇ ਸਾਹਿਤ ਦੀ ਮਹਾਨ ਸੇਵਾ ਕੀਤੀ ਹੈ। ਇਹ ਵਿੱਦਿਅਕ ਅਦਾਰਾ ਭਾਵੇਂ ਅੰਗਰੇਜ਼ਾਂ ਲਈ ਬਣਾਇਆ ਗਿਆ ਸੀ ਅਤੇ ਕਾਲਜ ਦੀ ਸਰਪ੍ਰਸਤੀ ਹੇਠ ਲਿਖੀਆਂ ਗਈਆਂ ਕਿਤਾਬਾਂ ਅੰਗਰੇਜ਼ਾਂ ਦੇ ਮੌਜ-ਮਸਤੀ ਅਤੇ ਉਨ੍ਹਾਂ ਦੀਆਂ ਲੋੜਾਂ ਨੂੰ ਧਿਆਨ ਵਿਚ ਰੱਖ ਕੇ ਲਿਖੀਆਂ ਜਾਂਦੀਆਂ ਸਨ ਪਰ ਕਾਲਜ ਦੀ ਸਥਾਪਨਾ ਨਾਲ ਪੱਛਮੀ ਤਰਜ਼ ਦੀ ਅਧਿਆਪਨ ਦੀ ਪਰੰਪਰਾ ਆਈ। ਸਾਡੇ ਦੇਸ਼ ਵਿਚ ਇਸ ਦੇ ਦੂਰਗਾਮੀ ਪ੍ਰਭਾਵ ਇਤਿਹਾਸਕ ਤੱਥ ਹਨ। ਕਾਲਜ ਨੇ ਸਾਹਿਤਕ ਅਤੇ ਵਿਦਵਤਾ ਭਰਪੂਰ ਰਚਨਾਵਾਂ ਨਾਲ ਸਾਡੀ ਭਾਸ਼ਾ ਤੇ ਸਾਹਿਤ ਵਿਚ ਨਵਾਂ ਅਤੇ ਚਮਕਦਾਰ ਅਧਿਆਏ ਸ਼ੁਰੂ ਕੀਤਾ। ਫੋਰਟ ਵਿਲੀਅਮ ਕਾਲਜ ਤੋਂ ਪਹਿਲਾਂ ਆਸਾਨ ਬੋਲਚਾਲ ਦੀ ਭਾਸ਼ਾ ਵਿਚ ਕੋਈ ਉਰਦੂ ਵਾਰਤਕ ਪੁਸਤਕ ਨਹੀਂ ਸੀ। ਇਸ ਲਈ ਇਹ ਕਹਿਣਾ ਭੋਲਾਪਣ ਹੋਵੇਗਾ ਕਿ ਆਧੁਨਿਕ ਉਰਦੂ ਵਾਰਤਕ ਦੀ ਨੀਂਹ ਫੋਰਟ ਵਿਲੀਅਮ ਕਾਲਜ ਵਿਚ ਰੱਖੀ ਗਈ ਸੀ, ਇਸ ਲਈ ਕਾਲਜ ਦੀਆਂ ਲਿਖਤਾਂ ਨੇ ਭਾਸ਼ਾ ਅਤੇ ਅਭਿਵਿਅਕਤੀ ਦਾ ਢਾਂਚਾ ਬਦਲ ਦਿੱਤਾ। ਕਾਲਜ ਦੇ ਗ੍ਰੰਥੀਆਂ ਨੇ ਉਰਦੂ ਵਾਰਤਕ ਵਿਚ ਅਜਿਹੀਆਂ ਸਦੀਵੀ ਰਚਨਾਵਾਂ ਰਚੀਆਂ ਜੋ ਸਾਡੇ ਕਲਾਸਿਕਾਂ ਵਿਚ ਗਿਣੀਆਂ ਜਾਂਦੀਆਂ ਹਨ। ਫੋਰਟ ਵਿਲੀਅਮ ਕਾਲਜ ਤੋਂ ਪਹਿਲਾਂ ਉਰਦੂ ਵਾਰਤਕ ਅਤੇ ਕਵਿਤਾ ਦੀਆਂ ਕਿਤਾਬਾਂ ਕਲਮ ਨਾਲ ਲਿਖੀਆਂ ਜਾਂਦੀਆਂ ਸਨ, ਇਸ ਲਈ ਆਮ ਲੋਕ ਇਨ੍ਹਾਂ ਤੋਂ ਵਾਂਝੇ ਸਨ। ਫੋਰਟ ਵਿਲੀਅਮ ਕਾਲਜ ਦੀ ਬਦੌਲਤ ਹਜ਼ਾਰਾਂ ਪ੍ਰਿੰਟਿੰਗ ਹਾਊਸਾਂ ਵਿਚ ਉਰਦੂ ਕਿਤਾਬਾਂ ਛਪੀਆਂ। ਇਸ ਤਰ੍ਹਾਂ ਉਰਦੂ ਪੜ੍ਹਨ ਵਾਲਿਆਂ ਦਾ ਘੇਰਾ ਬਹੁਤ ਚੌੜਾ ਹੋ ਗਿਆ। ਹਕੀਕਤ ਇਹ ਹੈ ਕਿ ਜਦੋਂ ਤੱਕ ਉਰਦੂ ਭਾਸ਼ਾ ਅਤੇ ਸਾਹਿਤ ਜ਼ਿੰਦਾ ਹੈ, ਫੋਰਟ ਵਿਲੀਅਮ ਕਾਲਜ ਦਾ ਨਾਂ ਵੀ ਜਿਉਂਦਾ ਰਹੇਗਾ। ਲਾਰਡ ਵੈਲੇਸਲੀ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ।

# ਭਾਰਤੀ ਹਾਕੀ ਟੀਮਾਂ ਦਾ ਕੈਪਟਨ ਅਜੀਤਪਾਲ ਸਿੰਘ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਅਜੀਤਪਾਲ ਸਿੰਘ ਦਾ ਭਾਰਤੀ ਹਾਕੀ ਟੀਮਾਂ ਦੀਆਂ ਕਪਤਾਨੀਆਂ ਕਰਨ 'ਚ ਰਿਕਾਰਡ ਹੈ। ਉਹ ਵਾਰ-ਵਾਰ ਹਾਕੀ ਟੀਮਾਂ ਦਾ ਕੈਪਟਨ ਬਣਿਆ। ਏਸ਼ਿਆਈ ਖੇਡਾਂ ਵਿਚ ਵੀ, ਵਿਸ਼ਵ ਹਾਕੀ ਕੱਪਾਂ ਤੇ ਓਲੰਪਿਕ ਖੇਡਾਂ ਵਿਚ ਵੀ। ਉਹ ਹਾਕੀ ਦਾ ਹਰਫਨਮੌਲਾ ਖਿਡਾਰੀ ਸੀ। ਭਾਰਤ ਨੇ 1971 ਤੋਂ ਸ਼ੁਰੂ ਹੋਇਆ ਵਿਸ਼ਵ ਹਾਕੀ ਕੱਪ ਇੱਕੋ ਵਾਰ ਜਿੱਤਿਆ, ਉਹ ਵੀ ਉਹਦੀ ਕਪਤਾਨੀ ਵਿਚ। ਜਿੰਨੀ ਵਾਰ ਉਹ ਭਾਰਤੀ ਹਾਕੀ ਟੀਮਾਂ ਦਾ ਕਪਤਾਨ ਬਣਿਆ, ਸ਼ਾਇਦ ਹੀ ਕੋਈ ਹੋਰ ਖਿਡਾਰੀ ਕਿਸੇ ਦੇਸ਼ ਦੀਆਂ ਹਾਕੀ ਟੀਮਾਂ ਦਾ ਕਪਤਾਨ ਬਣਿਆ ਹੋਵੇ। ਤਦੇ ਉਹਦੇ ਬਾਰੇ ਲਿਖੇ ਆਪਣੇ ਪਹਿਲੇ ਸ਼ਬਦ ਚਿੱਤਰ ਦਾ ਨਾਂ ਮੈਂ 'ਦਲਾਂ ਦਾ ਮੋਹਰੀ' ਰੱਖਿਆ ਸੀ। ਦਲਾਂ ਦਾ ਮੋਹਰੀ ਨੂੰ ਹਾਕੀ ਦੇ ਪ੍ਰਸਿੱਧ ਟੂਰਨਾਮੈਂਟਾਂ, ਵਿਦੇਸ਼ੀ ਟੂਰਾਂ ਤੇ ਅੰਤਰਰਾਸ਼ਟਰੀ ਮੈਚਾਂ ਵਿਚ ਤਾਂ ਕਪਤਾਨ ਬਣਾਉਣਾ ਹੀ ਪੈਣਾ ਸੀ, ਉਨ੍ਹੀਂ ਦਿਨੀਂ ਜੇ ਵਰਲਡ ਇਲੈਵਨ ਬਣਾਈ ਜਾਂਦੀ ਤਾਂ ਉਸ ਦਾ ਕਪਤਾਨ ਵੀ ਅਜੀਤਪਾਲ ਸਿੰਘ ਨੂੰ ਹੀ ਬਣਾਉਣਾ ਪੈਂਦਾ!

ਉਸ ਨੇ ਓਲੰਪਿਕ ਖੇਡਾਂ 'ਚੋਂ ਦੋ ਮੈਡਲ, ਵਿਸ਼ਵ ਹਾਕੀ ਕੱਪਾਂ 'ਚੋਂ ਤਿੰਨ ਮੈਡਲ ਤੇ ਏਸ਼ਿਆਈ ਖੇਡਾਂ 'ਚੋਂ ਦੋ ਮੈਡਲ ਜਿੱਤੇ। ਕੌਮੀ ਪੱਧਰ 'ਤੇ ਦਰਜਨਾਂ ਕੱਪ ਤੇ ਟਰਾਫੀਆਂ ਜਿੱਤੀਆਂ। ਸਕੂਲਾਂ/ਕਾਲਜਾਂ ਤੇ ਯੂਨੀਵਰਸਿਟੀਆਂ ਦੇ ਕੱਪਾਂ ਟਰਾਫੀਆਂ ਤੋਂ ਲੈ ਕੇ ਭਾਰਤ ਸਰਕਾਰ ਦੇ ਅਰਜਨਾ ਅਵਾਰਡ ਅਤੇ ਪਦਮ ਸ਼੍ਰੀ ਦੀ ਉਪਾਧੀ ਨਾਲ ਸਨਮਾਨਿਆ ਗਿਆ। ਉਸ ਦੀਆਂ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ 2022 'ਚ ਸਪੋਰਟਸ ਸਟਾਰ ਏਸਸ ਅਵਾਰਡ ਦਿੱਤਾ ਗਿਆ। ਉਹ ਭਾਰਤ ਦਾ ਪਹਿਲਾ ਖਿਡਾਰੀ ਹੈ ਜਿਸ ਨੂੰ ਓਲੰਪਿਕ ਖੇਡਾਂ ਵਿਚ ਭਾਰਤ ਦਾ ਚੀਫ ਡੀ ਮਿਸ਼ਨ ਬਣਾਇਆ ਗਿਆ। ਪਰ ਮੌਕੇ 'ਤੇ ਬਿਮਾਰ ਹੋ ਜਾਣ ਕਰਕੇ ਉਹ ਲੰਡਨ ਦੀਆਂ ਓਲੰਪਿਕ ਖੇਡਾਂ ਸਮੇਂ ਭਾਰਤੀ ਦਲ ਦੀ ਅਗਵਾਈ ਨਾ ਕਰ ਸਕਿਆ। ਉਸ ਤੋਂ ਪਹਿਲਾਂ ਖਿਡਾਰੀ ਨਹੀਂ ਬਲਕਿ ਸਿਆਸੀ ਨੇਤਾ, ਸਰਕਾਰੀ ਅਫਸਰ ਤੇ ਖੇਡ ਅਧਿਕਾਰੀ ਹੀ ਚੀਫ ਡੀ ਮਿਸ਼ਨ ਬਣਾਏ ਜਾਂਦੇ ਸਨ।

ਮੈਂ ਅਜੀਤਪਾਲ ਨੂੰ ਖੁਦ ਹਾਕੀ ਖੇਡਦਾ ਤੇ ਕੋਚਿੰਗ ਕੈਂਪਾਂ 'ਚ ਕੋਚਿੰਗ ਲੈਂਦੇ ਵੇਖਿਆ। ਉਸ ਨੂੰ ਮਿਲਦਾ ਗਿਲਦਾ ਵੀ ਰਿਹਾ। ਕਦੇ ਜਲੰਧਰ, ਕਦੇ ਦਿੱਲੀ ਤੇ ਕਦੇ ਪਟਿਆਲੇ ਦੇ ਨੈਸ਼ਨਲ ਇੰਸਟੀਚਿਊਟ ਆਫ਼ ਸਪੋਰਟਸ ਵਿਚ। ਉਹ ਸੋਹਣਾ ਸੁਨੱਖਾ, ਬਣਦਾ ਤਣਦਾ ਤੇ ਸਾਊ ਖਿਡਾਰੀ ਸੀ। ਖੇਡ ਮੈਦਾਨ 'ਚ ਖੜ੍ਹਾ ਜਚਦਾ ਸੀ। ਉਹਦਾ ਜਨਮ ਹਾਕੀ ਦਾ ਘਰ ਕਹੇ ਜਾਂਦੇ ਪਿੰਡ ਸੰਸਾਰਪੁਰ ਵਿਚ 1 ਅਪ੍ਰੈਲ 1947 ਨੂੰ ਸਾਧੂ ਸਿੰਘ ਕੁਲਾਰ ਦੇ ਘਰ ਮਾਤਾ ਗੁਰਬਚਨ ਕੌਰ ਦੀ ਕੁੱਖੋਂ ਹੋਇਆ ਸੀ। ਸੰਸਾਰਪੁਰ ਜਲੰਧਰ ਛਾਉਣੀ ਨਾਲ ਲੱਗਦਾ ਛੋਟਾ ਜਿਹਾ ਪਿੰਡ ਹੈ ਜਿਸ ਨੇ ਹਾਕੀ ਦੇ 14 ਓਲੰਪੀਅਨਾਂ ਨੂੰ ਜਨਮ ਦਿਤਾ। ਉਸ ਪਿੰਡ ਬਾਰੇ ਲਤੀਫ਼ਾ ਜੁੜ ਗਿਆ ਸੀ ਕਿ ਉਥੇ ਬੱਚਾ ਜੰਮਦਾ ਹੀ ਤਦ ਸੀ ਜੇ ਉਸ ਨੂੰ ਹਾਕੀ ਫੜਾਈ ਜਾਂਦੀ! ਜਦ ਕਿ ਸਚਾਈ ਇਹ ਸੀ ਕਿ ਹਾਕੀ ਕੁਝ ਦਿਨ ਜੱਚਾ-ਬੱਚਾ ਦੇ ਸਿਰ੍ਹਾਣੇ ਰੱਖੀ ਜਾਂਦੀ।

ਸੰਸਾਰਪੁਰ ਦੇ ਜੰਮਪਲ ਡਾ. ਪੋਪਿੰਦਰ ਸਿੰਘ ਕੁਲਾਰ ਨੇ ਪੁਸਤਕ 'ਹਾਕੀ ਦਾ ਘਰ ਸੰਸਾਰਪੁਰ' ਲਿਖੀ ਹੈ ਜਿਸ ਦੀਆਂ ਕੁਝ ਸਤਰਾਂ ਹਨ: ਸੰਸਾਰਪੁਰ ਹਾਕੀ ਦਾ ਮੱਕਾ ਹੈ। ਹਾਕੀ ਦਾ ਬਾਗ ਬਗੀਚਾ। ਇਸ ਦੀ ਮਿੱਟੀ ਵਿਚੋਂ ਖਿਡਾਰੀਆਂ ਦੀ ਮਹਿਕ ਆਉਂਦੀ ਹੈ ਜਿਸ ਨੇ ਹੀਰਿਆਂ ਵਰਗੇ ਖਿਡਾਰੀ ਪੈਦਾ ਕੀਤੇ। ਸੰਸਾਰਪੁਰ ਦੇ ਜ਼ਿਆਦਾਤਰ ਹਾਕੀ ਖਿਡਾਰੀ ਇਕੋ ਗਲੀ ਦੇ ਜੰਮਪਲ ਹਨ ਜਿਨ੍ਹਾਂ ਦੇ ਜੱਦੀ ਘਰ 100 ਕੁ



ਗਜ਼ ਦੇ ਘੇਰੇ ਵਿਚ ਪੈਂਦੇ ਹਨ। ਭਾਰਤ ਦੇ ਪੁਰਾਤੱਤਵ ਵਿਭਾਗ ਨੂੰ ਇਹ ਗਲੀ 'ਵਿਰਾਸਤੀ ਗਲੀ' ਵਜੋਂ ਸੰਭਾਲਣੀ ਚਾਹੀਦੀ ਹੈ। ਪਿੰਡ ਦਾ ਗਰਾਊਂਡ ਵੀ ਹਾਕੀ ਦਾ ਵਿਰਾਸਤੀ ਖੇਡ ਮੈਦਾਨ ਹੈ ਜਿਥੇ ਸੈਂਕੜੇ ਖਿਡਾਰੀਆਂ ਨੇ ਹਾਕੀ ਖੇਡਣੀ ਸਿੱਖੀ ਤੇ ਦੇਸ਼ ਵਿਦੇਸ਼ ਦੀਆਂ ਹਾਕੀ ਟੀਮਾਂ ਵਿਚ ਖੇਡੇ।

ਅਜੀਤਪਾਲ ਦਾ ਨਿੱਕਾ ਨਾਂ 'ਛਿੰਦਾ' ਸੀ। ਉਹ ਅਜੇ ਸੱਤ ਅੱਠ ਸਾਲ ਦਾ ਸੀ ਜਦੋਂ ਉਸ ਦੇ ਚਾਚੇ ਨੇ ਹਾਕੀ ਸਟਿਕ ਦਾ ਤੋਹਫ਼ਾ ਦਿਤਾ। ਉਸ ਨੇ ਸਕੂਲੀ ਪੜ੍ਹਾਈ ਬੋਰਡ ਹਾਇਰ ਸੈਕੰਡਰੀ ਸਕੂਲ ਜਲੰਧਰ ਛਾਉਣੀ ਤੋਂ ਕੀਤੀ ਤੇ ਕਾਲਜ ਦੀ ਪੜ੍ਹਾਈ ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਤੋਂ। 1963 ਵਿਚ ਉਹ ਪੰਜਾਬ ਸਕੂਲਾਂ ਦੀ ਹਾਕੀ ਟੀਮ 'ਚ ਚੁਣਿਆ ਗਿਆ। ਉਦੋਂ ਉਹ ਫੁੱਲ ਬੈਕ ਖੇਡਦਾ ਸੀ। 1964 ਤੋਂ ਉਹ ਲਾਇਲਪੁਰ ਖਾਲਸਾ ਕਾਲਜ ਜਲੰਧਰ ਦੀ ਟੀਮ ਵਿਚ ਖੇਡਣ ਲੱਗਾ ਜਿਸ ਨੇ ਤਿੰਨ ਸਾਲ ਪੰਜਾਬ ਯੂਨੀਵਰਸਿਟੀ ਦੀ ਹਾਕੀ ਚੈਂਪੀਅਨਸ਼ਿਪ ਜਿੱਤੀ। ਇਸ ਦੌਰਾਨ ਉਹ ਫੁੱਲ ਬੈਕ ਤੋਂ ਸੈਂਟਰ ਹਾਫ਼ ਖੇਡਣ ਵਾਲਾ ਖਿਡਾਰੀ ਬਣ ਗਿਆ। 1966 ਵਿਚ ਉਸ ਨੇ ਪੰਜਾਬ ਯੂਨੀਵਰਸਿਟੀ ਹਾਕੀ ਟੀਮ ਦੀ ਕਪਤਾਨੀ ਕੀਤੀ। 1966 ਤੋਂ ਉਹ ਪੰਜਾਬ ਰਾਜ ਦੀ ਟੀਮ ਵੱਲੋਂ ਖੇਡਣ ਲੱਗਾ। 1968 ਵਿਚ ਉਹ ਭਾਰਤੀ ਯੂਨੀਵਰਸਿਟੀਆਂ ਦੀ ਕੰਬਾਈਂਡ ਟੀਮ ਵੱਲੋਂ ਖੇਡਿਆ। ਹਾਕੀ ਦੇ ਸਿਰ 'ਤੇ ਬੀਐੱਸਐੱਫ ਦੇ ਖੇਡ ਕੋਟੇ ਵਿਚ ਭਰਤੀ ਹੋ ਗਿਆ ਤੇ ਅਸਿਸਟੈਂਟ ਕਮਾਂਡੈਂਟ ਵਜੋਂ ਰਿਟਾਇਰ ਹੋਇਆ ਤੇ ਦਿੱਲੀ ਦਾ ਵਸਨੀਕ ਬਣ ਗਿਆ। ਉਸ ਦਾ ਵਿਆਹ ਬਾਸਕਟਬਾਲ ਦੀ ਨੈਸ਼ਨਲ ਖਿਡਾਰਨ ਕਿਰਨ ਗਰੇਵਾਲ ਨਾਲ ਹੋਇਆ ਸੀ ਜਿਸ ਦੀ 2023 ਵਿਚ ਮ੍ਰਿਤੂ ਹੋ ਗਈ।

ਅਜੀਤਪਾਲ ਹਾਕੀ ਮੈਦਾਨ ਵਿਚ ਖੇਡਦਾ ਸਭਨਾਂ ਦਾ ਧਿਆਨ ਖਿੱਚਦਾ ਸੀ। ਉਹਦੇ ਜੁੱਸੇ ਵਿਚ ਲਚਕ ਤੇ ਛੋਹਲਾਪਣ ਸੀ। ਉਸ ਦਾ ਰੰਗ ਗੋਰਾ, ਜੂੜੇ 'ਤੇ ਰੁਮਾਲ, ਕੱਦ 5 ਫੁੱਟ 10 ਇੰਚ ਤੇ ਸਰੀਰਕ ਵਜ਼ਨ 73 ਕਿਲੋਗਰਾਮ ਸੀ। ਅਜੇ ਵੀ ਉਹਦੀ ਤੋਰ ਵਿਚ ਲਟਕ ਤੇ ਮਟਕ ਹੈ। ਉਹਦੇ ਕੋਲੋਂ ਗੇਂਦ ਕੱਢਣੀ ਬੜੀ ਮੁਸ਼ਕਲ ਹੁੰਦੀ ਸੀ। ਗੇਂਦ ਉਹਦੀ ਹਾਕੀ ਨਾਲ ਚਿਪਕ ਜਾਂਦੀ। ਪਤਾ ਉਦੋਂ ਲੱਗਦਾ ਜਦੋਂ ਅਛੋਪਲੇ ਜਿਹੇ ਉਹ ਬਾਲ ਆਪਣੇ ਫਾਰਵਰਡ ਖਿਡਾਰੀ ਕੋਲ ਅਜਿਹੀ ਥਾਂ ਪੁਚਾਉਂਦਾ ਜਿਥੋਂ ਉਹ ਸੌਖ ਨਾਲ ਹੀ ਗੋਲ ਕਰ ਸਕੇ।

1966 'ਚ 19 ਸਾਲ ਦੀ ਉਮਰੇ ਉਹ ਪਹਿਲੀ ਵਾਰ ਭਾਰਤੀ ਹਾਕੀ ਟੀਮ ਵਿਚ ਚੁਣਿਆ ਗਿਆ ਜਿਸ ਨੇ ਜਪਾਨ ਦਾ ਟੂਰ ਲਾਇਆ। 1967 ਵਿਚ ਉਹ ਲੰਡਨ ਦਾ ਪ੍ਰੀ ਓਲੰਪਿਕ ਟੂਰਨਾਮੈਂਟ ਖੇਡਿਆ। 1968 ਵਿਚ ਮੈਕਸੀਕੋ ਦੀਆਂ ਓਲੰਪਿਕ ਖੇਡਾਂ 'ਚ ਭਾਰਤੀ ਟੀਮ ਦਾ ਮੈਂਬਰ ਚੁਣਿਆ ਗਿਆ ਜਿਸ ਨੇ ਕਾਂਸੀ ਦਾ ਤਗ਼ਮਾ ਜਿੱਤਿਆ। ਉਥੇ ਜਰਮਨੀ ਦੀ ਟੀਮ ਵਿਰੁੱਧ ਉਸ ਨੂੰ ਸੈਂਟਰ ਹਾਫ਼ ਖਿਡਾਇਆ ਤਾਂ ਟੀਮ ਦੀ ਕਾਰਗੁਜ਼ਾਰੀ ਹੋਰ ਵੀ ਬਿਹਤਰ ਰਹੀ। ਉਦੋਂ ਤੋਂ ਉਹਦੀ ਸੈਂਟਰ ਹਾਫ਼ ਪੁਜ਼ੀਸ਼ਨ ਹਮੇਸ਼ਾ ਲਈ ਪੱਕੀ ਹੋ ਗਈ। 1970 ਵਿਚ ਬੈਂਕਾਕ ਦੀਆਂ ਏਸ਼ਿਆਈ ਖੇਡਾਂ 'ਚ ਉਸ ਨੇ ਖੇਡ ਦੇ ਹੋਰ ਵੀ ਚੰਗੇ ਜੌਹਰ ਵਿਖਾਏ ਤੇ ਟੀਮ ਨੇ ਚਾਂਦੀ ਦਾ ਤਗਮਾ ਜਿੱਤਿਆ।

1971 ਵਿਚ ਉਸ ਨੂੰ ਪਹਿਲੀ ਵਾਰ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਾਇਆ ਗਿਆ। ਉਸ ਟੀਮ ਨੇ ਸਿੰਘਾਪੁਰ ਦਾ ਪੈਸਟਾ ਸੁਆਂ ਇੰਟਰਨੈਸ਼ਨਲ ਹਾਕੀ ਟੂਰਨਮੈਂਟ ਜਿੱਤਿਆ। ਉਸੇ ਸਾਲ ਬਾਰਸੀਲੋਨਾ ਦੇ ਪਹਿਲੇ ਵਿਸ਼ਵ ਕੱਪ ਹਾਕੀ ਟੂਰਨਾਮੈਂਟ 'ਚ ਉਸ ਨੂੰ ਫਿਰ ਭਾਰਤੀ ਟੀਮ ਦੀ ਕਪਤਾਨੀ ਸੌਂਪੀ ਗਈ। ਉਦੋਂ ਉਹ 24ਵੇਂ ਸਾਲ ਵਿਚ ਸੀ। 1972 ਵਿਚ ਉਸ ਨੇ ਮਿਊਨਿਖ਼ ਦੀਆਂ ਓਲੰਪਿਕ ਖੇਡਾਂ 'ਚ ਭਾਗ ਲਿਆ ਜਿਥੇ ਓਲੰਪਿਕ ਖੇਡਾਂ ਦਾ ਇਕ ਹੋਰ ਕਾਂਸੀ ਦਾ ਤਗ਼ਮਾ ਜਿੱਤਿਆ। 1973 ਵਿਚ ਉਹ ਵਿਸ਼ਵ ਹਾਕੀ ਕੱਪ ਖੇਡਣ ਐਮਸਟਰਡਮ ਗਿਆ ਜਿਥੇ ਭਾਰਤੀ ਟੀਮ ਦੂਜੇ ਸਥਾਨ 'ਤੇ ਰਹੀ। 1974 ਵਿਚ ਉਸ ਨੇ ਭਾਰਤੀ ਟੀਮ ਦਾ ਕਪਤਾਨ ਬਣ ਕੇ ਤਹਿਰਾਨ ਦੀਆਂ ਏਸ਼ਿਆਈ ਖੇਡਾ 'ਚ ਭਾਗ ਲਿਆ ਜਿਥੇ ਫਿਰ ਚਾਂਦੀ ਦਾ ਤਗ਼ਮਾ ਜਿੱਤਿਆ। ਉਥੇ ਆਲ ਸਟਾਰਜ਼ ਏਸ਼ੀਆ ਟੀਮ ਬਣਾਈ ਗਈ ਜੋ ਆਲ ਸਟਾਰਜ਼ ਯੂਰਪ ਵਿਰੁੱਧ ਮੈਚ ਖੇਡੀ। ਫਿਰ ਕਰਾਚੀ ਵਿਚ ਉਹ ਰੈਸਟ ਆਫ਼ ਵਰਲਡ ਟੀਮ ਵੱਲੋਂ ਪਾਕਿਸਤਾਨ ਵਿਰੁੱਧ ਖੇਡਿਆ ਤੇ ਪਾਕਿਸਤਾਨ ਵਿਚ ਆਪਣੀ ਖੇਡ ਦਾ ਸਿੱਕਾ ਜਮਾਇਆ।

ਉਤੋਂ 1975 ਦਾ ਵਿਸ਼ਵ ਹਾਕੀ ਕੱਪ ਆ ਰਿਹਾ ਸੀ। ਉਸ ਸਮੇਂ ਭਾਰਤੀ ਹਾਕੀ ਟੀਮ ਦੀ ਹਾਲਤ ਪਤਲੀ ਸੀ। ਉਸ ਪਾਸ ਨਾ ਏਸ਼ਿਆਈ ਖੇਡਾਂ ਦੀ ਹਾਕੀ ਦਾ ਗੋਲਡ ਮੈਡਲ ਸੀ, ਨਾ ਵਿਸ਼ਵ ਹਾਕੀ ਟਰਾਫੀ, ਨਾ ਓਲੰਪਿਕ ਖੇਡਾਂ ਦਾ ਸਿਲਵਰ ਜਾਂ ਗੋਲਡ ਮੈਡਲ ਤੇ ਨਾ ਵਿਸ਼ਵ ਹਾਕੀ ਕੱਪ ਸੀ। ਉਸ ਹਾਲਤ ਵਿਚ ਪੰਜਾਬ ਸਰਕਾਰ ਨੇ ਭਾਰਤੀ ਹਾਕੀ ਟੀਮ ਤਿਆਰ ਕਰਨ ਦੀ ਜ਼ਿੰਮੇਵਾਰੀ ਆਪ ਚੁੱਕ ਲਈ। ਪੰਜਾਬ ਦੇ ਸਪੋਰਟਸ ਡਾਇਰੈਕਟਰ ਬਲਬੀਰ ਸਿੰਘ ਦੀ ਅਗਵਾਈ ਵਿਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਭਾਰਤੀ ਟੀਮ ਦਾ ਕੋਚਿੰਗ ਕੈਂਪ ਲਾਇਆ ਗਿਆ।

ਅਸ਼ੋਕ ਦੀਵਾਨ, ਲੈਸਲੀ ਫਰਨਾਂਡਿਸ, ਮਾਈਕਲ ਕਿੰਡੋ, ਸੁਰਜੀਤ ਸਿੰਘ, ਅਸਲਮ ਸ਼ੇਰ ਖਾਂ, ਵਰਿੰਦਰ ਸਿੰਘ, ਅਜੀਤਪਾਲ ਸਿੰਘ, ਮੁਹਿੰਦਰ ਸਿੰਘ, ਓਂਕਾਰ ਸਿੰਘ, ਵੀ.ਜੇ. ਫਿਲਿਪਸ, ਬੀ.ਪੀ. ਗੋਵਿੰਦਾ, ਆਰ.ਜੇ. ਐੱਸ. ਚਿਮਨੀ, ਐੱਸ.ਆਰ. ਪਵਾਰ, ਹਰਚਰਨ ਸਿੰਘ, ਅਸ਼ੋਕ ਕੁਮਾਰ ਸਿੰਘ ਤੇ ਪੀ.ਈ. ਕੈਲ੍ਹੇ ਭਾਰਤੀ ਟੀਮ 'ਚ ਚੁਣੇ ਗਏ। ਉਨ੍ਹਾਂ ਖਿਡਾਰੀਆਂ ਦੀ ਉਮਰ 20 ਤੋਂ 29 ਸਾਲ ਵਿਚਕਾਰ ਸੀ ਜਿਨ੍ਹਾਂ ਦੀ ਔਸਤ ਉਮਰ 24 ਸਾਲ ਬਣਦੀ ਸੀ। ਦੇਸ਼ ਦੀਆਂ ਵਧੀਆ ਹਾਕੀ ਟੀਮਾਂ ਨੂੰ ਕੈਂਪ ਦੌਰਾਨ ਚੰਡੀਗੜ੍ਹ ਸੱਦਿਆ ਜਾਂਦਾ ਤੇ ਕੁਝ ਇਕਨਾਂ ਨੂੰ ਹਫ਼ਤਾ ਹਫ਼ਤਾ ਠਹਿਰਾਇਆ ਵੀ ਜਾਂਦਾ। ਉਨ੍ਹਾਂ ਨਾਲ ਮੈਚ ਖੇਡੇ ਜਾਂਦੇ। ਭਾਰਤੀ ਟੀਮ ਦੇ ਕਾਰਪਸ ਆਫ਼ ਸਿਗਨਲਜ਼, ਈਸਟਰਨ ਕਮਾਂਡ, ਪੰਜਾਬ ਪੁਲਿਸ, ਬਾਰਡਰ ਸਕਿਉਰਿਟੀ ਫੋਰਸ, ਇੰਡੀਅਨ ਏਅਰ ਫੋਰਸ, ਕੰਬਾਈਂਡ ਯੂਨੀਵਰਸਿਟੀਜ਼ ਪੰਜਾਬ ਤੇ ਹਰਿਆਣਾ ਰਾਜ ਬਿਜਲੀ ਬੋਰਡ ਦੀਆਂ ਟੀਮਾਂ ਨਾਲ ਮੈਚ ਹੁੰਦੇ। ਕੈਂਪ ਦੌਰਾਨ ਅਜਿਹੇ 35 ਮੈਚ ਖੇਡੇ ਗਏ।

1975 ਦਾ ਤੀਜਾ ਵਰਲਡ ਹਾਕੀ ਕੱਪ ਕੁਆਲਾਲੰਪੁਰ ਹੋਣਾ ਸੀ। ਉਹਦੇ ਲਈ 12 ਟੀਮਾਂ ਮੈਦਾਨ ਵਿਚ ਸਨ। ਪੂਲ ਏ ਵਿਚ ਪਾਕਿਸਤਾਨ, ਮਲੇਸ਼ੀਆ, ਨਿਊਜ਼ੀਲੈਂਡ, ਹਾਲੈਂਡ, ਸਪੇਨ ਤੇ ਪੋਲੈਂਡ ਦੀਆਂ ਟੀਮਾਂ ਸਨ। ਪੂਲ ਬੀ ਵਿਚ ਭਾਰਤ, ਜਰਮਨੀ, ਅਰਜਨਟੀਨਾ, ਇੰਗਲੈਂਡ, ਆਸਟ੍ਰੇਲੀਆ ਤੇ ਘਾਨਾ ਦੀਆਂ ਟੀਮਾਂ ਨੇ ਖੇਡਣਾ ਸੀ। ਪੂਲ ਮੈਚਾਂ ਵਿਚ ਪਾਕਿਸਤਾਨ ਦੀ ਟੀਮ ਪੋਲੈਂਡ ਤੇ ਹਾਲੈਂਡ ਦੀਆਂ ਟੀਮਾਂ ਵਿਰੁੱਧ ਬਰਾਬਰ ਖੇਡ ਕੇ ਤੇ ਬਾਕੀ ਤਿੰਨ ਟੀਮਾਂ ਨੂੰ ਜਿੱਤ ਕੇ ਚੋਟੀ ਉਤੇ ਰਹੀ। ਭਾਰਤੀ ਟੀਮ ਤਿੰਨ ਟੀਮਾਂ ਨੂੰ ਹਰਾ ਕੇ, ਅਰਜਨਟੀਨਾ ਤੋਂ ਹਾਰ ਕੇ ਤੇ ਆਸਟ੍ਰੇਲੀਆ ਨਾਲ ਮੈਚ ਬਰਾਬਰ ਖੇਡ ਕੇ ਅੱਵਲ ਆਈ। ਏ ਪੂਲ 'ਚੋਂ ਪਾਕਿਸਤਾਨ ਤੇ ਮਲੇਸ਼ੀਆ ਅਤੇ ਬੀ ਪੂਲ 'ਚੋਂ ਭਾਰਤ ਤੇ ਜਰਮਨੀ ਦੀਆਂ ਟੀਮਾਂ ਸੈਮੀ ਫਾਈਨਲ ਖੇਡੀਆਂ।

ਕੁਆਲਾਲੰਪੁਰ ਵਿਚ ਜਿਵੇਂ-ਜਿਵੇਂ ਟੂਰਨਾਮੈਂਟ ਅੱਗੇ ਵਧ ਰਿਹਾ ਸੀ ਰੱਬ ਅੱਗੇ ਅਰਜੋਈਆਂ ਵੀ ਵਧ ਰਹੀਆਂ ਸਨ। ਇਹ ਮਨੋਵਿਗਿਆਨਕ ਟੇਕ ਸੀ। ਟੀਮ ਨਾਲ ਗਿਆ ਡਾ. ਰਾਜਿੰਦਰ ਕਾਲੜਾ ਮਨੋਵਿਗਿਆਨੀ ਵੀ ਸੀ। ਉਹ ਖਿਡਾਰੀਆਂ ਦੀ ਸਰੀਰਕ ਤੇ ਮਾਨਸਿਕ ਸਿਹਤ ਦਾ ਧਿਆਨ ਰੱਖ ਰਿਹਾ ਸੀ। ਲੋੜ ਪੈਣ 'ਤੇ ਵਹਿਮਾਂ-ਭਰਮਾਂ ਦਾ ਇਲਾਜ ਵੀ ਕਰੀ ਜਾਂਦਾ। ਫੁੱਲ ਬੈਕ ਸੁਰਜੀਤ ਸਿੰਘ ਨੂੰ ਵਹਿਮ ਹੋ ਗਿਆ ਕਿ ਉਸ ਦੀ ਜਰਸੀ ਦਾ ਨੰਬਰ 4 ਉਸ ਲਈ ਮਨਹੂਸ ਹੈ। ਜਦੋਂ ਇਹ 'ਬਿਮਾਰੀ' ਡਾ. ਕਾਲੜੇ ਦੇ ਧਿਆਨ ਵਿਚ ਲਿਆਂਦੀ ਤਾਂ ਕਾਲੜੇ ਨੇ ਬੈਂਕਾਕ 'ਚ ਰਹਿੰਦੇ ਕਿਸੇ ਭਾਰਤੀ ਤੋਂ ਗੁੜ ਤੇ ਤਿਲ ਮੰਗਾਏ। ਗੁੜ ਤੇ ਤਿਲ 'ਮੰਤਰ' ਕੇ ਸੁਰਜੀਤ ਨੂੰ ਖਾਣ ਲਈ ਦਿੱਤੇ। ਸੁਰਜੀਤ ਫਿਰ ਸਿਖਰ ਦੀ ਫਾਰਮ ਵਿਚ ਖੇਡਣ ਲੱਗਾ। ਇਓਂ ਵਹਿਮ ਦਾ ਇਲਾਜ ਵੀ ਵਹਿਮ ਨਾਲ ਹੀ ਹੋਇਆ!

ਕੱਪ ਦਾ ਫਾਈਨਲ ਮੈਚ 15 ਮਾਰਚ 1975 ਨੂੰ ਸੀ। ਸੈਮੀ ਫਾਈਨਲ 'ਚ ਜਰਮਨੀ ਨੂੰ ਵੱਧ ਗੋਲਾਂ 'ਤੇ ਹਰਾਉਣ ਕਰਕੇ ਪਾਕਿਸਤਾਨ ਦੀ ਪੁਜ਼ੀਸ਼ਨ ਬਿਹਤਰ ਸਮਝੀ ਜਾ ਰਹੀ ਸੀ। ਭਾਰਤੀ ਟੀਮ 'ਚ ਅਸ਼ੋਕ ਦੀਵਾਨ ਗੋਲਚੀ, ਅਸਲਮ ਤੇ ਸੁਰਜੀਤ ਫੁੱਲ ਬੈਕ, ਵਰਿੰਦਰ, ਅਜੀਤਪਾਲ ਤੇ ਮੁਹਿੰਦਰ ਹਾਫ਼ ਬੈਕ, ਫਿਲਿਪਸ, ਅਸ਼ੋਕ, ਪਵਾਰ, ਗੋਵਿੰਦਾ ਤੇ ਹਰਚਰਨ ਫਾਰਵਰਡ ਖਿਡਾਰੀ ਸਨ ਜਿਸ ਦਾ ਕੈਪਟਨ ਫਿਰ ਅਜੀਤਪਾਲ ਸੀ। ਸੱਤਰ ਹਜ਼ਾਰ ਸੀਟਾਂ ਵਾਲਾ ਸਟੇਡੀਅਮ ਕੰਢਿਆਂ ਤਕ ਭਰਪੂਰ ਸੀ। ਦਰਸ਼ਕਾਂ ਦੀਆਂ ਹੱਲਸ਼ੇਰੀਆਂ ਨਾਲ ਹੱਥਾਂ 'ਚ ਫੜੇ ਭਾਰਤੀ ਤੇ ਪਾਕਿਸਤਾਨੀ ਝੰਡੇ ਲਹਿਰਾ ਰਹੇ ਸਨ। ਮੈਚ ਦੇ ਪਹਿਲੇ ਪਲਾਂ ਵਿਚ ਭਾਰਤੀ ਟੀਮ ਹਾਵੀ ਰਹੀ। ਪਰ 16ਵੇਂ ਮਿੰਟ 'ਚ ਮਿਲੇ ਪੈਨਲਟੀ ਕਾਰਨਰ ਦਾ ਭਾਰਤੀ ਟੀਮ ਫਾਇਦਾ ਨਾ ਉਠਾ ਸਕੀ। ਪਹਿਲਾਂ ਪਾਕਿਸਤਾਨ ਦਾ ਇਕ ਪੈਨਲਟੀ ਕਾਰਨਰ ਵੀ ਬੇਕਾਰ ਚਲਾ ਗਿਆ ਸੀ। 25ਵੇਂ ਮਿੰਟ 'ਚ ਪਾਕਿਸਤਾਨੀ ਟੀਮ ਨੇ ਫੀਲਡ ਗੋਲ ਕਰ ਦਿੱਤਾ। 29ਵੇਂ ਮਿੰਟ 'ਚ ਭਾਰਤ ਨੂੰ ਮਿਲਿਆ ਦੂਜਾ ਪੈਨਲਟੀ ਕਾਰਨਰ ਵੀ ਅਜਾਈਂ ਚਲਾ ਗਿਆ। ਅੱਧੇ ਸਮੇਂ ਤਕ ਪਾਕਿਸਤਾਨ 1-0 ਗੋਲ ਨਾਲ ਅੱਗੇ ਸੀ।

ਦੂਜਾ ਅੱਧ ਸ਼ੁਰੂ ਹੋਇਆ ਤਾਂ ਭਾਰਤੀ ਟੀਮ ਦੇ ਹੱਲੇ ਹੋਰ ਤੇਜ਼ ਹੋ ਗਏ। ਗੇਂਦ ਵਾਰ-ਵਾਰ ਪਾਕਿਸਤਾਨ ਦੀ ਡੀ 'ਚ ਜਾਣ ਲੱਗੀ। 44ਵੇਂ ਮਿੰਟ 'ਚ ਭਾਰਤ ਨੂੰ ਫਿਰ ਪੈਨਲਟੀ ਕਾਰਨਰ ਮਿਲ ਗਿਆ। ਇਸ ਵਾਰ ਸੁਰਜੀਤ ਸਿੰਘ ਨੇ ਗੋਲ ਦਾ ਫੱਟਾ ਖੜਕਾ ਕੇ ਮੈਚ 1-1 ਦੀ ਬਰਾਬਰੀ 'ਤੇ ਲੈ ਆਂਦਾ। 51ਵੇਂ ਮਿੰਟ 'ਚ ਹਰਚਰਨ ਨੇ ਦੋ ਜਣਿਆਂ ਨੂੰ ਡਾਜ ਮਾਰ ਕੇ ਬਾਲ ਫਿਲਿਪਸ ਵੱਲ ਸੁੱਟਿਆ। ਉਸ ਨੇ ਅਸ਼ੋਕ ਨੂੰ ਪਾਸ ਦਿੱਤਾ ਜਿਸ ਨੇ ਦੂਜਾ ਗੋਲ ਕਰ ਦਿੱਤਾ। ਇੰਜ ਭਾਰਤ 2-1 ਗੋਲਾਂ ਨਾਲ ਵਿਸ਼ਵ ਕੱਪ ਜਿੱਤ ਗਿਆ। ਟੋਕੀਓ ਦੀਆਂ ਓਲੰਪਿਕ ਖੇਡਾਂ ਤੋਂ 11 ਸਾਲ ਬਾਅਦ ਭਾਰਤ ਫਿਰ ਹਾਕੀ ਦਾ ਵਰਲਡ ਚੈਂਪੀਅਨ ਬਣ ਗਿਆ। ਉਦੋਂ ਅਜੀਤਪਾਲ ਦੀ ਮਸ਼ਹੂਰੀ ਸਿਖਰਾਂ ਛੂਹ ਗਈ ਤੇ ਉਸ ਨੂੰ ਵਿਸ਼ਵ ਦਾ ਮਹਾਨ ਖਿਡਾਰੀ ਐਲਾਨਿਆ ਗਿਆ।

1976 ਵਿਚ ਮੌਂਟਰੀਅਲ ਦੀਆਂ ਓਲੰਪਿਕ ਖੇਡਾਂ ਸਮੇਂ ਅਜੀਤਪਾਲ ਨੂੰ ਫਿਰ ਭਾਰਤੀ ਟੀਮ ਦਾ ਕਪਤਾਨ ਬਣਾਇਆ ਗਿਆ ਪਰ ਉਥੇ ਭਾਰਤੀ ਟੀਮ ਦੀ ਕਾਰਗੁਜ਼ਾਰੀ ਆਸ ਤੋਂ ਕਿਤੇ ਘੱਟ ਰਹੀ ਤੇ ਉਸ ਨੂੰ 7ਵੇਂ ਸਥਾਨ 'ਤੇ ਰਹਿਣ ਦਾ ਸਬਰ ਕਰਨਾ ਪਿਆ। ਉਸ ਪਿੱਛੋਂ ਅਜੀਤਪਾਲ ਨੇ 1980 ਦੇ ਚੈਂਪੀਅਨਜ਼ ਟਰਾਫੀ ਟੂਰਨਾਮੈਂਟ ਕਰਾਚੀ 'ਚ ਭਾਗ ਲਿਆ ਪਰ ਪਹਿਲਾਂ ਵਾਲੀ ਗੱਲ ਨਾ ਬਣੀ ਤੇ ਉਹ ਸਰਗਰਮ ਹਾਕੀ ਤੋਂ ਰਿਟਾਇਰ ਹੋ ਕੇ ਦਿੱਲੀ ਦੇ ਪਟਰੋਲ ਪੰਪ ਦੇ ਕਾਰੋਬਾਰ ਵਿਚ ਪੈ ਗਿਆ। ਸਰੀਰ ਨਾਲ ਹਾਕੀ ਖੇਡਣੀ ਭਾਵੇਂ ਉਸ ਨੇ ਛੱਡ ਦਿੱਤੀ ਸੀ ਪਰ ਦਿਲ ਉਸ ਦਾ ਅਜੇ ਵੀ ਹਾਕੀ ਲਈ ਹੀ ਧੜਕਦਾ ਹੈ।

# ਨੌਜਵਾਨ ਪੀੜ੍ਹੀ ਨੂੰ ਉਤਸ਼ਾਹਿਤ ਕਰਦੀ ਫਿਲਮ 'ਜੱਟਾ ਡੋਲੀਂ ਨਾ'

ਮਨੋਰੰਜਨ ਦੇ ਸੰਸਾਰ ਰਾਹੀਂ ਜ਼ਿੰਦਗੀ ਜਿਉਣ ਦਾ ਵਲ ਸਿਖਾਉਂਦੀਆਂ ਫ਼ਿਲਮਾਂ ਨੇ ਹਮੇਸ਼ਾ ਹੀ ਢੇਰੀ ਢਾਹ ਚੁੱਕੇ ਮਨੁੱਖ ਨੂੰ ਹੌਸਲਾ ਦੇ ਕੇ ਮੁੜ ਯਤਨਸ਼ੀਲ ਹੋਣ ਦਾ ਸੁਨੇਹਾ ਦਿੱਤਾ ਹੈ। ਅਜਿਹੀ ਹੀ ਇਕ ਨਵੀਂ ਫਿਲਮ 'ਜੱਟਾ ਡੋਲੀ ਨਾ' ਅੱਜ ਦੀ ਨੌਜਵਾਨ ਪੀੜ੍ਹੀ ਲਈ ਵਰਦਾਨ ਸਾਬਤ ਹੋਵੇਗੀ। 2023 ਦਾ ਪੰਜਾਬੀ ਸਿਨਮਾ ਆਪਣਾ ਸਫ਼ਲਤਾ ਭਰਿਆ ਪੰਧ ਮੁਕਾਉਂਦਾ ਹੋਇਆ ਇਸ ਚਰਚਿਤ ਫਿਲਮ 'ਜੱਟਾ ਡੋਲੀਂ ਨਾ' ਨਾਲ ਨਵੇਂ ਸਾਲ ਦਾ ਆਗਾਜ਼ ਕਰਨ ਜਾ ਰਿਹਾ ਹੈ। 5 ਜਨਵਰੀ ਨੂੰ ਰਿਲੀਜ਼ ਹੋ ਰਹੀ ਇਸ ਫਿਲਮ ਦਾ ਟਰੇਲਰ ਦਰਸ਼ਕਾਂ ਵਲੋਂ ਖੂਬ ਪਸੰਦ ਕੀਤਾ ਜਾ ਰਿਹਾ ਹੈ। ਸੰਸਾਰ ਪ੍ਰਸਿੱਧ ਗਾਇਕ ਦਲੇਰ ਮਹਿੰਦੀ ਵਲੋਂ ਗਾਇਆ ਇਸ ਫਿਲਮ ਦਾ ਟਾਈਟਲ ਗੀਤ ਸੱਚਮੁਚ ਹੀ ਨਵੀਂ ਪੀੜ੍ਹੀ ਨੂੰ ਹਿੰਮਤ-ਹੌਸਲੇ ਨਾਲ ਅੱਗੇ ਵਧਣ ਲਈ ਪ੍ਰੇਰਿਤ ਕਰਦਾ ਹੈ।

ਬੀ.ਐਮ.ਪੀ ਫ਼ਿਲਮਜ਼ ਦੇ ਬੈਨਰ ਹੇਠ ਬਣੀ ਨਿਰਮਾਤਾ ਨਰਿੰਦਰ ਸਿੰਘ ਦੀ ਇਸ ਫਿਲਮ ਦਾ ਨਿਰਦੇਸ਼ਕ ਭੁਪਿੰਦਰ ਸਿੰਘ ਬਮਰਾ ਹੈ। ਉਸ ਦੇ ਮੁਤਾਬਕ ਮਾਰਸ਼ਲ ਆਰਟ ਨੂੰ ਉਤਸ਼ਾਹਿਤ ਕਰਦੀ ਇਹ ਪਹਿਲੀ ਪੰਜਾਬੀ ਫ਼ਿਲਮ ਹੈ। ਸਿੱਖ ਇਤਿਹਾਸ ਵਿਚ ਗਤਕਾ ਦੇ ਨਾਂ ਨਾਲ ਜਾਣੀ ਜਾਂਦੀ ਇਹ ਖੇਡ ਪਹਿਲਾਂ ਸਿਰਫ ਨਿਹੰਗ-ਸਿੰਘਾਂ ਵਲੋਂ ਸਿੱਖ ਸਮਾਗਮਾਂ ਦੀ ਹੀ ਸ਼ਾਨ ਸੀ ਜਦਕਿ ਹੁਣ ਇਹ ਨੈਸ਼ਨਲ ਖੇਡਾਂ ਵਿਚ ਸ਼ਾਮਲ ਹੋ ਕੇ ਮਾਰਸ਼ਲ ਆਰਟ ਵਜੋਂ ਜਾਣੀ ਜਾਂਦੀ ਹੈ। ਖਾਸ ਗੱਲ ਕਿ ਨੌਜਵਾਨਾਂ ਦਾ ਇਸ ਪ੍ਰਤੀ ਰੁਝਾਨ ਵਧ ਰਿਹਾ ਹੈ ਜਿਸ ਨੂੰ ਸਿੱਖ ਕੇ ਉਹ ਇਸ ਕੌਮੀ ਖੇਡ ਦਾ ਹਿੱਸਾ ਬਣ ਰਹੇ ਹਨ। "ਜਿੰਦਰਾ" ਅਤੇ "ਸੌਂਹ ਮਿੱਟੀ ਦੀ" ਜ਼ਰੀਏ ਚਰਚਾ ਵਿਚ ਆਇਆ ਅਦਾਕਾਰ ਕਿਰਨਦੀਪ ਰਾਇਤ ਇਸ ਫ਼ਿਲਮ ਜ਼ਰੀਏ ਪਹਿਲੀ ਵਾਰ ਇਕ ਵੱਖਰੇ ਅੰਦਾਜ਼ ਵਿਚ ਵੱਡੇ ਪਰਦੇ 'ਤੇ ਹੀਰੋ ਵਜੋਂ ਨਜ਼ਰ ਆਵੇਗਾ। ਇਸ ਫ਼ਿਲਮ ਦੀ ਹੀਰੋਇਨ ਪ੍ਰਭ ਗਰੇਵਾਲ ਹੈ ਜੋ ਅਨੇਕਾਂ ਪੰਜਾਬੀ ਗੀਤਾਂ ਅਤੇ ਫਿਲਮਾਂ ਸਦਕਾ ਖਾਸ ਪਹਿਚਾਣ ਬਣਾ ਚੁੱਕੀ ਹੈ। ਇਸ ਤੋਂ ਇਲਾਵਾ ਫਿਲਮ ਵਿਚ ਜਰਨੈਲ ਸਿੰਘ, ਨਰਿੰਦਰ ਨੀਨਾ, ਸਵਿੰਦਰ ਮਾਹਲ, ਪਰਮਿੰਦਰ ਗਿੱਲ, ਸੰਤੋਸ਼ ਮਲਹੋਤਰਾ, ਗੁਰਪ੍ਰੀਤ



ਬੀ.ਐਮ.ਪੀ., ਸਨੀ ਗਿੱਲ, ਗੁਰਿੰਦਰ ਸਰਾਂ, ਸਿਮਰਜੀਤ ਸਿੰਘ ਅਤੇ ਸੁੱਗਲੀ-ਜੁਗਲੀ ਆਦਿ ਕਲਾਕਾਰਾਂ ਨੇ ਵੀ ਸ਼ਾਨਦਾਰ ਕਿਰਦਾਰ ਨਿਭਾਏ ਹਨ।

ਫਿਲਮ ਦੇ ਨਾਇਕ ਕਿਰਨਦੀਪ ਨੇ ਦੱਸਿਆ ਕਿ ਇਸ ਫਿਲਮ ਲਈ ਉਸਨੇ ਕਾਫੀ ਮਿਹਨਤ ਕੀਤੀ ਹੈ। ਸਿੱਖ ਪਰਿਵਾਰ ਨਾਲ ਸਬੰਧਿਤ ਹੋਣ ਕਰਕੇ ਗਤਕਾ ਦੀ ਉਸਨੂੰ ਜਾਣਕਾਰੀ ਸੀ ਪਰ ਉਸਨੇ ਫਿਲਮ ਲਈ ਬਕਾਇਦਾ ਇਸ ਦੀ ਟਰੇਨਿੰਗ ਲਈ ਹੈ। ਉਸਦੀ ਖੁਸ਼ਕਿਸਮਤੀ ਹੈ ਕਿ ਉਸਨੂੰ ਇਸ ਕਿਸਮ ਦੀ ਸ਼ਾਨਦਾਰ ਫਿਲਮ ਦਾ ਹਿੱਸਾ ਬਣਨ ਦਾ ਮਾਣ ਹਾਸਲ ਹੋਇਆ ਹੈ। ਇਹ ਫ਼ਿਲਮ ਜ਼ਿੰਦਗੀ ਦੀ ਲੀਹ ਤੋਂ ਭਟਕੇ ਇਕ ਨੌਜਵਾਨ ਦੀ ਮੁੜ ਤੋਂ ਲੀਹ 'ਤੇ ਆਉਣ ਦੀ ਕਹਾਣੀ ਹੈ, ਜੋ ਦਰਸ਼ਕਾਂ ਨੂੰ ਪ੍ਰਭਾਵਿਤ ਵੀ ਕਰਦੀ ਹੈ ਅਤੇ ਉਤਸ਼ਾਹਿਤ ਵੀ। ਇਹ ਮਨੋਰੰਜਨ ਭਰਪੂਰ ਡਰਾਮਾ ਫ਼ਿਲਮ ਹੈ ਜੋ ਹਰ ਵਰਗ ਦੇ ਦਰਸ਼ਕਾਂ ਨੂੰ ਧਿਆਨ ਵਿਚ ਰੱਖ ਕੇ ਦਿਖਾਈ ਗਈ ਹੈ। ਆਸ਼ਾ-ਨਿਰਾਸ਼ਾ ਤੇ ਭਾਵੁਕਤਾ ਭਰੀ ਇਹ ਫਿਲਮ ਪਿਆਰ-ਮੁਹੱਬਤਾਂ ਦਾ ਵੀ ਖੂਬਸੂਰਤ ਅਹਿਸਾਸ ਹੈ। ਫਿਲਮ ਦੇ ਗੀਤ ਮਾਹੀ, ਵਿਸ਼ਾਲ ਸੱਚਦੇਵਾ, ਬਲਜੀਤ ਬੱਬਰ ਅਤੇ ਕੰਨਵ ਨੇ ਲਿਖੇ ਹਨ, ਜਿਨ੍ਹਾਂ ਨੂੰ ਦਲੇਰ ਮਹਿੰਦੀ, ਸ਼ਿਪਰਾ ਗੋਇਲ, ਰੌਸ਼ਨ ਪ੍ਰਿੰਸ, ਨਛੱਤਰ ਗਿੱਲ, ਜੇ ਐਸ ਐਲ ਅਤੇ ਫਿਰੋਜ਼ ਖਾਨ ਨੇ ਗਾਇਆ ਹੈ। ਫਿਲਮ ਦਾ ਸੰਗੀਤ ਗੁਰਪ੍ਰੀਤ ਬੀਐਮਪੀ ਨੇ ਤਿਆਰ ਕੀਤਾ। 5 ਜਨਵਰੀ ਨੂੰ ਪੰਜਾਬੀ ਸਿਨੇਮਿਆਂ ਦਾ ਸ਼ਿੰਗਾਰ ਬਣਨ ਜਾ ਰਹੀ ਇਹ ਫਿਲਮ ਦਰਸ਼ਕਾਂ ਦੀ ਪਸੰਦ 'ਤੇ ਖਰੀ ਉਤਰੇਗੀ।

*-ਸੁਰਜੀਤ ਜੱਸਲ*
*ਫੋਨ: 98146-07737*

# ਹਰਸ਼ਾਲੀ ਦੀ ਮੰਜ਼ਿਲ



ਸਾਲ 2015 ਵਿਚ ਆਈ ਸਲਮਾਨ ਖਾਨ ਅਤੇ ਕਰੀਨਾ ਕਪੂਰ ਦੀ ਫਿਲਮ 'ਬਜਰੰਗੀ ਭਾਈਜਾਨ' ਵਿਚ ਨੰਨ੍ਹੀ ਬੱਚੀ 'ਮੁੰਨੀ' ਦਾ ਕਿਰਦਾਰ ਨਿਭਾਉਣ ਵਾਲੀ ਹਰਸ਼ਾਲੀ ਮਲਹੋਤਰਾ ਹਰ ਕਿਸੇ ਨੂੰ ਯਾਦ ਹੋਵੇਗੀ! 3 ਜੂਨ 2008 ਨੂੰ ਜਨਮੀ ਹਰਸ਼ਾਲੀ ਹੁਣ 15 ਵਰ੍ਹਿਆਂ ਦੀ ਹੋ ਗਈ ਹੈ ਅਤੇ ਉਹ ਹੁਣ ਤੋਂ ਹੀ ਫਿਲਮਾਂ ਵਿਚ ਹੀਰੋਇਨ ਬਣਨ ਦੇ ਸੁਪਨੇ ਦੇਖਣ ਲੱਗੀ ਹੈ। ਪਿਛਲੇ ਦਿਨਾਂ ਦੌਰਾਨ ਉਹ ਵੱਖ-ਵੱਖ ਸਮਾਗਮਾਂ ਵਿਚ ਨਜ਼ਰ ਆਈ। ਫਿਲਮ 'ਬਜਰੰਗੀ ਭਾਈਜਾਨ' ਵਿਚ ਆਪਣੀ ਅਦਾਕਾਰੀ ਨਾਲ ਹਰਸ਼ਾਲੀ ਨੇ ਸਭ ਦਾ ਦਿਲ ਮੋਹ ਲਿਆ ਸੀ, ਹੁਣ ਦੇਖਣਾ ਇਹ ਹੈ ਕਿ ਉਹ ਬਤੌਰ ਹੀਰੋਇਨ ਕੀ ਨਵੀਆਂ ਪੈੜਾਂ ਪਾਉਂਦੀ ਹੈ। ਫਿਲਮ 'ਬਜਰੰਗੀ ਭਾਈਜਾਨ' ਵਿਚ ਕੰਮ ਕਰਨ ਤੋਂ ਪਹਿਲਾਂ ਉਸ ਨੇ ਕੁਝ ਲੜੀਵਾਰਾਂ ਵਿਚ ਕੰਮ ਕੀਤਾ ਸੀ ਜਿਨ੍ਹਾਂ ਵਿਚ 'ਕਬੂਲ ਹੈ', 'ਲੌਟ ਆਓ ਤ੍ਰਿਸ਼ਾ' ਅਤੇ 'ਸਾਵਧਾਨ ਇੰਡੀਆ' ਸ਼ਾਮਿਲ ਹਨ। ਇਨ੍ਹਾਂ ਲੜੀਵਾਰਾਂ ਕਰ ਕੇ ਹੀ ਉਸ ਨੂੰ 'ਬਜਰੰਗੀ ਭਾਈਜਾਨ' ਵਾਲੀ ਮੁੰਨੀ ਦਾ ਕਿਰਦਾਰ ਮਿਲਿਆ ਸੀ। *-ਗੁਰਜੰਟ ਸਿੰਘ*



*ਫਿਲਮ 'ਬਜਰੰਗੀ ਭਾਈਜਾਨ' ਵਾਲੀ 'ਮੁੰਨੀ' ਹਰਸ਼ਾਲੀ ਮਲਹੋਤਰਾ।*

# ਕਰੀਨਾ ਕਪੂਰ ਦਾ ਸੁਹਜ ਸਲੀਕਾ ਤੇ ਅਦਾਕਾਰੀ


**ਆਮਨਾ ਕੌਰ**


ਅਦਾਕਾਰਾ ਕਰੀਨਾ ਕਪੂਰ ਨੇ ਇੰਸਟਗ੍ਰਾਮ 'ਤੇ ਪੋਸਟ ਸਾਂਝੀ ਕੀਤੀ ਹੈ ਜਿਸ ਨੇ ਉਸ ਨੇ ਲਿਖਿਆ ਹੈ: "ਮੈਂ ਜ਼ਿੰਦਗੀ ਦੇ ਉਸ ਪੜਾਅ 'ਤੇ ਹਾਂ ਜਿੱਥੇ ਮੈਂ ਖ਼ੁਦ ਨੂੰ ਬਹਿਸ ਤੋਂ ਦੂਰ ਰੱਖਦੀ ਹਾਂ। ਇੱਥੋਂ ਤੱਕ ਕਿ ਜੇਕਰ ਤੁਸੀਂ ਮੈਨੂੰ ਕਹੋਗੇ ਕਿ 1+1=5 ਹੁੰਦੇ ਹਨ ਤਾਂ ਮੈਂ ਕਹਾਂਗੀ ਕਿ ਤੁਸੀਂ ਬਿਲਕੁਲ ਠੀਕ ਹੋ। ਆਨੰਦ ਲਓ।" ਆਪਣੀ ਇਸ ਪੋਸਟ ਦੀ ਕੈਪਸ਼ਨ ਵਿਚ ਉਸ ਨੇ ਲਿਖਿਆ ਹੈ: '2024 ਦਾ ਮੰਤਰ'। ਕਰੀਨਾ ਨੇ ਇਸ ਪੋਸਟ ਨਾਲ ਕੁਝ ਇਮੋਜੀ ਵੀ ਸਾਂਝੇ ਕੀਤੇ ਹਨ।

ਯਾਦ ਰਹੇ ਕਿ ਕਰੀਨਾ ਕਪੂਰ ਦੀ ਇਸ ਪੋਸਟ ਦੇ ਅਰਥ ਬਹੁਤ ਡੂੰਘੇ ਹਨ। ਹਿੰਦੂ ਕੱਟੜਪੰਥੀਆਂ ਨੇ ਜਦੋਂ ਉੱਤਰ ਪ੍ਰਦੇਸ਼ ਵਿਚ ਮੁਸਲਮਾਨਾਂ ਖਿਲਾਫ 'ਲਵ ਜਹਾਦ' ਵਾਲੀ ਮੁਹਿੰਮ ਚਲਾਈ ਸੀ ਤਾਂ ਕਰੀਨਾ ਕਪੂਰ ਅਤੇ ਉਸ ਦੇ ਖਾਵੰਦ ਸੈਫ ਅਲੀ ਖਾਨ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਸੀ। ਇਨ੍ਹਾਂ ਕੱਟੜਪੰਥੀਆਂ ਦਾ ਪ੍ਰਚਾਰ ਸੀ ਕਿ ਮੁਸਲਮਾਨ ਮੁੰਡੇ ਮਿਥ ਕੇ ਹਿੰਦੂ ਕੁੜੀਆਂ ਨੂੰ ਵਰਗਲਾਉਂਦੇ ਹਨ ਅਤੇ ਵਿਆਹ ਕਰਵਾ ਕੇ ਉਸ ਨੂੰ ਵੀ ਮੁਸਲਮਾਨ ਬਣਾ ਲੈਂਦੇ ਹਨ। ਉਸ ਵਕਤ ਸੈਫ ਅਲੀ ਖਾਨ ਨੇ ਇਸ ਬਾਬਤ ਇਕ ਮਜ਼ਮੂਨ ਪ੍ਰਸਿੱਧ ਅਖਬਾਰ 'ਦਿ ਇੰਡੀਅਨ ਐਕਸਪ੍ਰੈੱਸ' ਵਿਚ ਲਿਖਿਆ ਸੀ ਅਤੇ ਕੱਟੜਪੰਥੀਆਂ ਨੂੰ ਮੂੰਹ-ਤੋੜ ਜਵਾਬ ਦਿੱਤਾ ਸੀ।

ਇਸ ਤੋਂ ਬਾਅਦ ਕੱਟੜਪੰਥੀਆਂ ਨੇ ਇਸ ਜੋੜੀ 'ਤੇ ਇਹ ਕਹਿ ਕੇ ਹਮਲਾ ਬੋਲਿਆ ਕਿ ਇਨ੍ਹਾਂ ਨੇ ਆਪਣੇ ਪੁੱਤਰ ਦਾ ਨਾਂ ਤੈਮੂਰ ਕਿਉਂ ਰੱਖਿਆ ਹੈ। ਫਿਰ ਜਦੋਂ ਉਨ੍ਹਾਂ ਦੇ ਘਰ ਦੂਜੇ ਪੁੱਤਰ ਨੇ ਜਨਮ ਲਿਆ ਅਤੇ ਉਨ੍ਹਾਂ ਨੇ ਇਸ ਦਾ ਨਾਂ ਜਹਾਂਗੀਰ ਰੱਖਿਆ ਤਾਂ ਕੱਟੜਪੰਥੀ ਫਿਰ ਭੁੜਕਣ ਲੱਗੇ ਪਰ ਇਸ ਜੋੜੀ ਨੇ ਇਨ੍ਹਾਂ ਦੀ ਕਿਸੇ ਗੱਲ ਦਾ ਜਵਾਬ ਦੇਣਾ ਵੀ ਠੀਕ ਨਹੀਂ ਸਮਝਿਆ। ਹੁਣ ਵੀ ਕਰੀਨਾ ਕਪੂਰ ਅਤੇ ਸੈਫ ਅਲੀ ਖਾਨ ਕੋਈ ਵੀ ਸਵਾਲ ਪੁੱਛਣ 'ਤੇ ਬੜੇ ਸਲੀਕੇ ਨਾਲ ਜਵਾਬ ਦਿੰਦੇ ਹਨ। ਅਸਲ ਵਿਚ, ਉਨ੍ਹਾਂ ਦਾ ਸਾਰਾ ਧਿਆਨ ਆਪਣੀ ਅਦਾਕਾਰੀ ਅਤੇ ਆਪਣੇ ਬੱਚਿਆਂ ਦੇ ਪਾਲਣ-ਪੋਸ਼ਣ ਵੱਲ ਹੈ।









*ਕਰੀਨਾ ਕਪੂਰ ਦੀਆਂ ਅਹਿਮ ਫਿਲਮਾਂ 'ਖੁਸ਼ੀ', 'ਮੈਂ ਪ੍ਰੇਮ ਕੀ ਦੀਵਾਨੀ ਹੂੰ' ਅਤੇ 'ਉੜਤਾ' ਪੰਜਾਬ ਦੇ ਪੋਸਟਰ।*

# ਦੱਖਣ ਦੀ ਫਿਲਮ 'ਸਲਾਰ' ਦੀਆਂ ਛਾਲਾਂ

**ਕੁਦਰਤ ਕੌਰ**

ਤੈਲਗੂ ਵਿਚ ਬਣੀ ਅਤੇ ਪਿਛਲੇ ਸਾਲ 22 ਦਸੰਬਰ ਨੂੰ ਰਿਲੀਜ਼ ਹੋਈ ਫਿਲਮ 'ਸਲਾਰ' ਅੱਜ ਵੀ ਆਪਣੀ ਚਰਚਾ ਖੂਬ ਕਰਵਾ ਰਹੀ ਹੈ। ਇਸ ਫਿਲਮ ਨੇ ਪਹਿਲੇ ਹੀ ਦਿਨ ਰਿਕਾਰਡ 95 ਕਰੋੜ ਰੁਪਏ ਕਮਾ ਕੇ ਸਭ ਨੂੰ ਹੈਰਾਨ ਕਰ ਦਿੱਤਾ ਸੀ। ਹੁਣ ਤੱਕ ਇਹ ਫਿਲਮ ਸੰਸਾਰ ਭਰ ਵਿਚ 650 ਕਰੋੜ ਰੁਪਏ ਤੋਂ ਉਪਰ ਕਮਾ ਚੁੱਕੀ ਹੈ। ਇਹ ਫਿਲਮ ਪ੍ਰਸ਼ਾਂਤ ਨੀਲ ਦੇ ਨਿਰਦੇਸ਼ਨ ਹੇਠ ਬਣੀ ਹੈ ਅਤੇ ਇਸ ਵਿਚ ਦੱਖਣ ਦੇ ਸੁਪਰ ਸਟਾਰ ਪ੍ਰਭਾਸ, ਪ੍ਰਿਥਵੀਰਾਜ ਸੁਕੁਮਾਰਨ ਅਤੇ ਸ਼ਰੂਤੀ ਹਾਸਨ ਦੀਆਂ ਮੁੱਖ ਭੂਮਿਕਾਵਾਂ ਹਨ। ਫਿਲਮ ਦਾ ਕੁੱਲ ਬਜਟ 270 ਕਰੋੜ ਰੁਪਏ ਦਾ ਹੈ। ਇਹ ਦੋ ਮਿੱਤਰਾਂ ਦੇਵਾ (ਪ੍ਰਭਾਸ) ਅਤੇ ਵਰਧਾ (ਪ੍ਰਿਥਵੀਰਾਜ) ਦੀ ਕਹਾਣੀ ਹੈ। ਵਰਧਾ ਰਾਜ ਕੁਮਾਰ ਹੈ ਅਤੇ ਦੇਵਾ ਕਬਾਇਲੀ ਨੌਜਵਾਨ ਹੈ। ਜਦੋਂ ਰਾਜ ਕੁਮਾਰ ਵਰਧਾ ਦੇ ਪਿਤਾ ਖਿਲਾਫ ਉਨ੍ਹਾਂ ਦੇ ਆਪਣੇ ਹੀ ਅਹਿਲਕਾਰ/ਵਜ਼ੀਰ ਬਗਾਵਤ ਕਰ ਦਿੰਦੇ ਹਨ ਤਾਂ ਰਾਜ ਕੁਮਾਰ ਆਪਣੇ ਮਿੱਤਰ ਦੇਵਾ ਤੋਂ ਮਦਦ ਮੰਗਦਾ ਹੈ।





ਫਿਲਮ ਦੇ ਨਿਰਦੇਸ਼ਕ ਪ੍ਰਸ਼ਾਂਤ ਨੀਲ ਅਨੁਸਾਰ, ਇਹ ਫਿਲਮ ਦਾ ਪਹਿਲਾ ਭਾਗ ਹੈ। ਇਸ ਦਾ ਨਾਂ 'ਸੀਜ਼ਫਾਇਰ' (ਜੰਗਬੰਦੀ) ਰੱਖਿਆ ਗਿਆ ਹੈ। ਇਸ ਦਾ ਦੂਜਾ ਭਾਗ ਵੀ ਛੇਤੀ ਹੀ ਬਣਾਇਆ ਜਾਵੇਗਾ।

ਇਸ ਫਿਲਮ ਨੂੰ ਕੁਝ ਚੰਗੇ ਰਿਵਿਊ ਮਿਲੇ ਹਨ। ਸਾਰੇ ਫਿਲਮ ਆਲੋਚਕਾਂ ਨੇ ਪ੍ਰਸ਼ਾਂਤ ਨੀਲ ਦੀ ਨਿਰਦੇਸ਼ਨਾ ਦੀ ਤਾਰੀਫ ਦੇ ਪੁਲ ਬੰਨ੍ਹੇ ਹਨ। ਫਿਲਮ ਦੇ ਐਕਸ਼ਨ ਦ੍ਰਿਸ਼ਾਂ ਅਤੇ ਸਿਨੇਮਾਟੋਗਰਾਫੀ ਅਤੇ ਤਕਨੀਕ ਦੀ ਉਚੇਚੀ ਚਰਚਾ ਕੀਤੀ ਗਈ ਹੈ। ਪਿਛਲੇ ਸਮੇਂ ਦੌਰਾਨ ਇਹ ਚਰਚਾ ਚੱਲੀ ਹੈ ਕਿ ਦੱਖਣ ਦੀਆਂ ਫਿਲਮਾਂ ਹੁਣ ਹਾਲੀਵੁੱਡ ਦੀਆਂ ਫਿਲਮਾਂ ਦਾ ਮੁਕਾਬਲਾ ਕਰਦੀਆਂ ਪ੍ਰਤੀਤ ਹੁੰਦੀਆਂ ਹਨ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਕੁਝ ਫਿਲਮਾਂ ਤਾਂ ਹਾਲੀਵੁੱਡ ਫਿਲਮਾਂ ਨੂੰ ਵੀ ਮਾਤ ਦੇਣ ਵਾਲੀਆਂ ਹਨ। ਉਂਝ, ਇਨ੍ਹਾਂ ਫਿਲਮਾਂ ਵਿਚ ਦਿਖਾਈ ਜਾ ਰਹੀ ਅੰਨ੍ਹੀ ਹਿੰਸਾ ਤੋਂ ਸਭ ਔਖੇ ਹਨ ਅਤੇ ਸਵਾਲ ਕਰਦੇ ਹਨ ਕਿ ਮਨੋਰੰਜਨ ਇੰਨਾ ਹਿੰਸਕ ਕਤਈ ਨਹੀਂ ਹੋਣਾ ਚਾਹੀਦਾ।




ਮੈਂ ਅਤੇ ਮੇਰਾ ਪਰਿਵਾਰ ਉਸ ਸਰਬ-ਸ਼ਕਤੀਮਾਨ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਾਂ ਕਿ ਨਵਾਂ ਵਰ੍ਹਾ ਆਪ ਜੀ ਅਤੇ ਆਪ ਦੇ ਪਰਿਵਾਰ ਲਈ ਖੁਸ਼ੀਆਂ-ਖੇੜੇ, ਤਰੱਕੀਆਂ ਅਤੇ ਇਤਫਾਕ ਲੈ ਕੇ ਆਵੇ। ਸਮੂਹ ਸੰਸਾਰ ਵਿਚ ਮਾਨਵਤਾ ਦਾ ਰਿਸ਼ਤਾ, ਪਿਆਰ ਅਤੇ ਭਾਈਚਾਰਕ ਸਾਂਝ ਬਣੀ ਰਹੇ। ਪਰਮਾਤਮਾ ਦੁਖ-ਸੁਖ ਵਿਚ ਆਪ ਸਭ ਦੇ ਅੰਗ-ਸੰਗ ਸਹਾਈ ਹੁੰਦੇ ਹੋਏ, ਆਪਣੇ ਭਾਣੇ ਵਿਚ ਰੱਖੇ ਅਤੇ ਮਾਨਵਤਾ 'ਤੇ ਆਪਣੀ ਨਦਰਿ ਬਣਾਈ ਰੱਖੇ।



**ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ, ਦੋਸਤਾਂ-ਮਿੱਤਰਾਂ ਤੇ ਸਨੇਹੀਆਂ ਨੂੰ ਨਵੇਂ ਸਾਲ 2024 ਦੀਆਂ ਲੱਖ ਲੱਖ ਮੁਬਾਰਕਾਂ!**

**ਵਲੋਂ: ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ**